ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 06 | 08 February to 14 February 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# 'ਸੱਤਾ ਦੀ ਚਾਬੀ' ਲਈ ਸ਼ੁਰੂ ਹੋਈਆਂ ਦਿਮਾਗ਼ੀ ਕਸਰਤਾਂ

## ਜੋੜ-ਤੋੜ ਦੇ ਹਰ ਹੀਲੇ ਲਈ ਗੁ਼ਫਤਗੂ ਦੇ ਚੱਲ ਰਹੇ ਦੌਰ




**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਲਈ ਵੋਟਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਹਰ ਨੁੱਕੜ, ਮੁਹੱਲੇ, ਸੱਥਾਂ, ਘਰ-ਘਰ 'ਕਿਸ ਦੀ ਹੋਵੇਗੀ ਸਰਕਾਰ' ਬਾਰੇ ਚੁੰਝ-ਚਰਚਾ ਚੱਲ ਰਹੀ ਹੈ। ਹਾਲਾਂਕਿ 48 ਪੋਲਿੰਗ ਬੂਥਾਂ 'ਤੇ ਈ.ਵੀ.ਐਮ. ਤੇ ਵੀ.ਵੀ.ਪੀ.ਏ.ਟੀ. ਮਸ਼ੀਨਾਂ ਵਿਚ ਖਰਾਬੀ ਕਾਰਨ ਮੁੜ ਵੋਟਾਂ 9 ਫਰਵਰੀ ਨੂੰ ਪੈਣੀਆਂ ਹੈ। ਪਰ ਸੱਤਾ ਦੀ ਚਾਬੀ ਕਿਸ ਹੱਥ ਆਏਗੀ, ਇਸ ਦਾ ਇੰਤਜ਼ਾਰ 11 ਮਾਰਚ ਤਕ ਕਰਨਾ ਪਏਗਾ। ਇਸ ਲੰਬੀ ਉਡੀਕ ਨੇ ਲੋਕਾਂ ਨੂੰ ਦਿਮਾਗ਼ੀ ਕਸਰਤ ਕਰਨ ਲਾ ਦਿੱਤਾ ਹੈ। ਇਸ ਵਾਰ 78.6 ਫ਼ੀਸਦੀ ਵੋਟਰਾਂ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ ਹੈ। ਜਿਵੇਂ ਕਿ ਵੋਟਾਂ ਤੋਂ ਪਹਿਲਾਂ ਹੀ ਸਪਸ਼ਟ ਦਿਖਾਈ ਦੇ ਰਿਹਾ ਸੀ ਕਿ ਸੂਬੇ ਵਿਚ ਸੱਤਾ ਵਿਰੁੱਧ ਨਫ਼ਰਤੀ ਲਹਿਰ ਦੇ ਚਲਦਿਆਂ ਅਕਾਲੀ-ਭਾਜਪਾ ਗਠਜੋੜ ਤੀਜੇ ਥਾਂ 'ਤੇ ਖਿਸਕ ਗਿਆ ਹੈ ਤੇ ਮੁੱਖ ਮੁਕਾਬਲਾ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਰਿਹਾ। ਪਰ ਐਨ ਆਖ਼ਰੀ ਮੌਕੇ ਡੇਰਾ ਸਿਰਸਾ ਵਲੋਂ ਅਕਾਲੀ-ਭਾਜਪਾ ਦੀ ਹਮਾਇਤ ਦੇ ਐਲਾਨ ਨਾਲ ਸੱਤਾ ਧਿਰ ਨਮੋਸ਼ੀਜਨਕ ਹਾਰ ਤੋਂ ਬਚਦੀ ਪ੍ਰਤੀਤ ਹੋ ਰਹੀ ਹੈ। ਕਈ ਥਾਈਂ ਮੁਕਾਬਲਾ ਤਿਕੋਣਾ ਹੋਣ ਦੇ ਆਸਾਰ ਹਨ। ਖ਼ੈਰ, ਇਹ ਤਾਂ 11 ਮਾਰਚ ਨੂੰ ਸਪਸ਼ਟ ਹੋ ਹੀ ਜਾਵੇਗਾ ਕਿ ਆਖ਼ਰ ਪੰਜਾਬੀਆਂ ਨੇ ਸੱਤਾ ਦੀ ਚਾਬੀ ਕਿਸ ਨੂੰ ਸੌਂਪੀ ਹੈ ਪਰ ਉਨ੍ਹਾਂ ਸੂਰਤਾਂ 'ਤੇ ਚਰਚਾ ਕਰਦੇ ਹਾਂ ਕਿ ਕਿਸ ਦੀ ਸਰਕਾਰ ਬਣਦੀ ਹੈ ? ਕੀ ਜੋੜ-ਤੋੜ ਹੋਣਗੇ ?

ਜਿਸ ਤਰ੍ਹਾਂ ਦੇ ਸਰਵੇਖਣ ਸਾਹਮਣੇ ਆਏ ਹਨ, ਉਨ੍ਹਾਂ ਵਿਚ ਕਾਂਗਰਸ ਦਾ ਪੱਲਾ ਭਾਰੀ ਦੱਸਿਆ ਜਾ ਰਿਹਾ ਹੈ। ਹੁਣ ਜੇਕਰ ਕਾਂਗਰਸ 50 ਦੇ ਕਰੀਬ ਸੀਟਾਂ ਲੈ ਜਾਂਦੀ ਹੈ ਤਾਂ ਆਪਣਾ ਟੀਚਾ ਹਾਸਲ ਕਰਨ ਲਈ ਉਹ ਕੀ ਜੋੜ-ਤੋੜ ਕਰੇਗੀ। ਜ਼ਾਹਰ ਹੈ, ਸੌਦੇਬਾਜ਼ੀ ਦਾ ਦੌਰ ਚੱਲੇਗਾ। ਇਹ ਵੀ ਹੋ ਸਕਦਾ ਹੈ ਕਿ ਜਿਹੜੇ ਕਾਂਗਰਸ ਜਾਂ ਅਕਾਲੀ-ਭਾਜਪਾ ਛੱਡ ਕੇ 'ਆਪ' ਵਿਚ ਜਾ ਰਲੇ ਸਨ, ਉਹ ਜੇਤੂ ਉਮੀਦਵਾਰ ਮੁੜ ਆਪਣੀ 'ਘਰ ਵਾਪਸੀ' ਦੀ ਦੁਹਾਈ ਦਿੰਦਿਆਂ, ਮਨ-ਇਛੁਤ ਅਹੁਦਿਆਂ ਦੀ ਤਾਂਘ ਨਾਲ ਕਾਂਗਰਸ ਵਿਚ ਵਾਪਸੀ ਕਰ ਲੈਣ। ਜਾਂ ਇਹ ਵੀ ਹੋ ਸਕਦਾ ਹੈ ਕਿ ਆਪਣਾ ਵੱਖਰਾ ਧੜਾ ਬਣਾ ਕੇ ਕਾਂਗਰਸ ਨੂੰ ਸ਼ਰਤਾਂ ਨਾਲ ਹਮਾਇਤ ਦੇ ਦੇਣ। ਹਾਂ, ਇਸ ਗੱਲ ਦੀ ਵੀ ਚਿੰਤਾ ਜ਼ਰੂਰ ਹੁੰਦੀ ਹੈ ਕਿ ਜੇਕਰ 'ਆਪ' ਨੂੰ ਵਿਰੋਧੀ ਧਿਰ ਵਿਚ ਬੈਠਣਾ ਪੈ ਗਿਆ ਤੇ ਇਸ ਕੋਲ ਮੌਜੂਦ ਦੋ-ਚਾਰ ਧੜੱਲੇਦਾਰ ਆਗੂ ਜਿੱਤ ਨਾ ਸਕੇ ਤਾਂ ਹਕੂਮਤ ਨੂੰ ਜ਼ੋਰਦਾਰ ਢੰਗ ਨਾਲ ਡੱਕਣ ਵਾਲੀ ਵਿਰੋਧੀ ਧਿਰ ਦੀ ਕਮੀ ਵੀ ਪੰਜਾਬ ਲਈ ਚੰਗੀ ਨਹੀਂ ਹੋਵੇਗੀ। ਦੂਜੇ ਪਾਸੇ ਪਿੰਡ-ਪਿੰਡ ਜਿਵੇਂ 'ਆਪ' ਦੀ ਆਪ ਮੁਹਾਰੀ

ਸਬੰਧਤ ਹੋਰ ਖ਼ਬਰਾਂ ਸਫ਼ਾ 27 'ਤੇ ਪੜ੍ਹੋ

ਬਾਕੀ ਸਫ਼ਾ 32 'ਤੇ

# ਟਰੰਪ ਦੇ ਇਮੀਗ੍ਰੇਸ਼ਨ 'ਤੇ ਪਾਬੰਦੀ ਵਾਲੇ ਫੈਸਲੇ ਨੂੰ 16 ਅਟਾਰਨੀ ਜਨਰਲਾਂ ਨੇ ਵੀ ਦਿੱਤੀ ਚੁਣੌਤੀ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇਮੀਗ੍ਰੇਸ਼ਨ ਪਾਬੰਦੀ ਵਿਰੁੱਧ ਦੇਸ਼ ਭਰ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦਰਮਿਆਨ ਦੇਸ਼ ਦੇ 16 ਅਟਾਰਨੀ ਜਨਰਲਾਂ ਨੇ ਵੀ ਇਸ ਪਾਬੰਦੀ ਵਿਰੁੱਧ ਆਵਾਜ਼ ਚੁੱਕੀ ਹੈ। ਉਨ੍ਹਾਂ ਨੇ ਇਸ ਪਾਬੰਦੀ ਨੂੰ ਭੇਦਭਾਵਪੂਰਨ ਕਰਾਰ ਦਿੰਦੇ ਹੋਏ, ਇਸ ਨੂੰ ਅਸੰਵਿਧਾਨਕ ਅਤੇ ਗੈਰ-ਅਮਰੀਕੀ ਦੱਸਿਆ ਹੈ। ਦੱਸਣਯੋਗ ਹੈ ਕਿ ਟਰੰਪ ਨੇ ਈਰਾਨ, ਇਰਾਕ, ਲੀਬੀਆ, ਸੋਮਾਲੀਆ, ਸੂਡਾਨ, ਸੀਰੀਆ ਅਤੇ ਯਮਨ ਵਰਗੇ 7 ਦੇਸ਼ਾਂ ਦੇ ਨਾਗਰਿਕਾਂ 'ਤੇ ਅਮਰੀਕਾ ਵਿਚ ਦਾਖਲ ਹੋਣ 'ਤੇ ਪਾਬੰਦੀ ਵਾਲੇ ਸ਼ਾਸਕੀ ਹੁਕਮ 'ਤੇ ਦਸਤਖਤ ਕੀਤੇ ਸਨ। ਟਰੰਪ ਦੇ ਇਸ ਹੁਕਮ 'ਤੇ ਗੌਰ ਕਰਦੇ ਹੋਏ ਸੰਘੀ ਅਦਾਲਤ ਨੇ ਇਸ ਹੁਕਮ 'ਤੇ ਅਸਥਾਈ ਰੋਕ ਲਾ ਦਿੱਤੀ ਹੈ। ਓਧਰ ਟਰੰਪ ਪ੍ਰਸ਼ਾਸਨ ਨੇ ਸੰਘੀ ਅਦਾਲਤ ਦੇ ਇਸ ਹੁਕਮ ਨੂੰ ਚੁਣੌਤੀ ਦਿੱਤੀ ਹੈ। ਅਮਰੀਕਾ ਦੇ 16 ਸੂਬਿਆਂ ਦੇ ਅਟਾਰਨੀ ਜਨਰਲਾਂ ਨੇ ਵੀ ਸ਼ਾਸਕੀ ਹੁਕਮ ਵਿਰੁੱਧ ਨਿਆਂ ਮੰਤਰੀਆਂ ਦੀ ਰਾਇ ਦਾਖਲ ਕੀਤੀ ਹੈ। ਅਟਾਰਨੀ ਜਨਰਲਾਂ ਨੇ ਨਿਆਂ ਮੰਤਰੀਆਂ ਦੀ ਰਾਏ ਮੁਤਾਬਕ ਸੰਘੀ

ਬਾਕੀ ਸਫ਼ਾ 33 'ਤੇ

## ਟਰੰਪ ਨੂੰ ਵੱਡਾ ਝਟਕਾ, ਅਦਾਲਤ ਵਲੋਂ ਪਾਬੰਦੀ ਵਾਲੇ ਫੈਸਲੇ ਨੂੰ ਮੁੜ ਬਹਾਲ ਕਰਨ ਦੀ ਅਪੀਲ ਰੱਦ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਅਮਰੀਕਾ ਦੀ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਯਾਤਰੀਆਂ ਦੇ ਦਾਖ਼ਲੇ 'ਤੇ ਰੋਕ ਵਾਲੇ ਫ਼ੈਸਲੇ ਨੂੰ ਫ਼ੌਰੀ ਮੁੜ ਬਹਾਲ ਕਰਨ ਦੀ ਅਪੀਲ ਨੂੰ ਰੱਦ ਕਰ ਦਿੱਤਾ ਹੈ। ਅਪੀਲੀ ਅਦਾਲਤ ਨੇ ਪਾਬੰਦੀ ਨੂੰ ਚੁਣੌਤੀ ਦੇਣ ਵਾਲਿਆਂ ਨੂੰ ਅਪੀਲ ਦਾ ਜਵਾਬ ਦੇਣ ਅਤੇ ਨਿਆਂ ਵਿਭਾਗ ਨੂੰ ਆਪਣਾ ਜਵਾਬੀ ਦਾਅਵਾ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਯਾਦ ਰਹੇ ਕਿ ਟਰੰਪ ਦੇ ਇਸ ਵਿਵਾਦਿਤ ਫ਼ੈਸਲੇ ਨੂੰ ਹੇਠਲੀ ਅਦਾਲਤ ਨੇ ਬੀਤੇ ਦਿਨ ਆਰਜ਼ੀ ਤੌਰ 'ਤੇ ਮੁਅੱਤਲ ਕਰ ਦਿੱਤਾ ਸੀ। ਨਿਆਂ ਵਿਭਾਗ ਦੇ ਵਕੀਲਾਂ ਨੇ ਸਾਨ ਫਰਾਂਸਿਸਕੋ ਸਥਿਤ ਨੌਵੇਂ ਸਰਕਟ ਨਾਲ ਸਬੰਧਤ ਅਮਰੀਕੀ ਅਪੀਲੀ ਅਦਾਲਤ ਵਿੱਚ ਹੇਠਲੀ ਅਦਾਲਤ ਦੇ ਆਰਜ਼ੀ ਮੁਅੱਤਲੀ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ। ਬਾਹਰਲੇ ਲੋਕਾਂ ਨੂੰ ਮੁਲਕ ਵਿਚ ਦਾਖ਼ਲੇ ਦੀ ਇਜਾਜ਼ਤ ਦੇਣ ਜਾਂ ਨਕਾਰਨ ਨੂੰ ਰਾਸ਼ਟਰਪਤੀ ਦਾ 'ਅਧਿਕਾਰ ਖੇਤਰ' ਦੱਸਦਿਆਂ ਨਿਆਂ ਵਿਭਾਗ

ਬਾਕੀ ਸਫ਼ਾ 33 'ਤੇ

# ਟਰੰਪ ਦੇ ਆਉਣ ਮਗਰੋਂ ਇਕ ਵਾਰ ਫੇਰ ਸਿੱਖ ਨਿਸ਼ਾਨੇ 'ਤੇ

## ਹੁਣ ਤਕ 7 ਨਸਲੀ ਹਮਲੇ

**ਨਿਊ ਯਾਰਕ/ਬਿਊਰੋ ਨਿਊਜ਼ :** ਅਮਰੀਕਾ ਵਿਚ 9/11 ਨੂੰ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਵੇਂ ਪਛਾਣ ਦੇ ਭੁਲੇਖੇ ਕਾਰਨ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਪਰ ਸਮੇਂ ਦੇ ਨਾਲ ਨਸਲੀ ਹਮਲਿਆਂ ਦੀ ਗਿਣਤੀ ਕਾਫ਼ੀ ਹੇਠਾਂ ਆ ਗਈ ਸੀ। ਹੁਣ ਨਵੇਂ ਰਾਸ਼ਟਰਪਤੀ ਦੇ ਅਹੁਦਾ ਸੰਭਾਲਣ ਮਗਰੋਂ ਇਕ ਵਾਰ ਫ਼ਿਰ ਸਿੱਖ ਨਿਸ਼ਾਨੇ 'ਤੇ ਹਨ ਕਿਉਂਕਿ ਡੋਨਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਸਿੱਖਾਂ 'ਤੇ ਸੱਤ ਨਸਲੀ ਹਮਲੇ ਹੋ ਚੁੱਕੇ ਹਨ। ਦੂਜੇ ਪਾਸੇ 2016 ਦੌਰਾਨ ਅਮਰੀਕਾ ਵਿਚ ਕੁਲ 5880 ਨਸਲੀ ਹਮਲਿਆਂ ਦੌਰਾਨ 7121 ਜਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਨ੍ਹਾਂ ਵਿਚੋਂ 59.2 ਫ਼ੀ ਸਦੀ ਲੋਕ ਆਪਣੇ ਰੰਗ ਜਾਂ ਸਭਿਆਚਾਰ ਕਾਰਨ ਨਿਸ਼ਾਨਾ ਬਣੇ ਜਦਕਿ 19.7 ਫ਼ੀਸਦੀ ਧਾਰਮਿਕ ਨਫ਼ਰਤ ਦਾ ਸ਼ਿਕਾਰ ਹੋਏ। ਨਸਲੀ ਹਮਲਿਆਂ ਲਈ ਜ਼ਿੰਮੇਵਾਰ ਲੋਕਾਂ ਵਿਚ 48.4 ਫ਼ੀਸਦੀ ਗੋਰੇ ਸਨ ਜਦਕਿ 24.3 ਫ਼ੀਸਦੀ ਲੋਕ ਅਫ਼ਰੀਕੀ ਮੂਲ ਦੇ ਅਮਰੀਕੀ ਵਜੋਂ ਦਰਜ ਕੀਤੇ ਗਏ। ਡੋਨਲਡ ਟਰੰਪ ਵਲੋਂ ਚੋਣ ਪ੍ਰਚਾਰ ਦੌਰਾਨ ਮੁਸਲਮਾਨਾਂ ਦਾ ਅਮਰੀਕਾ ਵਿਚ ਦਾਖ਼ਲਾ ਬੰਦ ਕਰਨ ਅਤੇ ਫਿਰ ਸੱਤਾ ਸੰਭਾਲਣ 'ਤੇ ਸੱਤ ਇਸਲਾਮਿਕ ਮੁਲਕਾਂ ਨਾਲ ਸਬੰਧਤ ਲੋਕਾਂ 'ਤੇ ਪਾਬੰਦੀ ਦੇ ਹੁਕਮਾਂ ਨਾਲ ਹਾਲਾਤ ਗੁੰਝਲਦਾਰ ਹੋ ਗਏ। ਭਾਵੇਂ ਅਪੀਲ ਅਦਾਲਤ ਵਲੋਂ ਟਰੰਪ ਦੇ ਹੁਕਮਾਂ 'ਤੇ ਰੋਕ ਲਾਈ ਜਾ ਚੁੱਕੀ ਹੈ ਪਰ ਮੁਸਲਮਾਨਾਂ ਪ੍ਰਤੀ ਅਮਰੀਕੀ ਲੋਕਾਂ ਵਿਚ ਪੈਦਾ ਕੀਤੀ ਗਈ ਨਫ਼ਰਤ ਦਾ ਖਮਿਆਜ਼ਾ ਸਿੱਖਾਂ ਨੂੰ ਭੁਗਤਣਾ ਪੈ ਰਿਹਾ ਹੈ। ਅਮਰੀਕਾ ਵਿਚ ਮੌਜੂਦ ਸਿੱਖ ਆਗੂਆਂ ਦਾ ਮੰਨਣਾ ਹੈ ਕਿ ਸਿੱਖ ਧਰਮ ਬਾਰੇ ਵਧੇਰੇ ਜਾਗਰੂਕਤਾ ਫ਼ੈਲਾਅ ਕੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ।












GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat
Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner
Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In
Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


FINANCIAL
FREEDOM
REDUCE YOUR
DEBT BY
UP TO
60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN
ALL 50 STATES
& CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਕੈਲੇਫਰਨੀਆ 'ਚ ਸ਼ਰਧਾ ਅਤੇ ਖਾਲਸਾਈ ਸ਼ਾਨ ਨਾਲ ਮਨਾਈ






## ਮਿਲਪੀਟਸ 'ਚ ਸੈਮੀਨਾਰ ਅਤੇ ਫਰੀਮਾਂਟ 'ਚ ਸ਼ਹੀਦੀ ਸਮਾਗਮ

**ਮਿਲਪੀਟਸ/ ਬਿਊਰੋ ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਸ਼ਰਧਾ ਅਤੇ ਖਾਲਸਾਈ ਸ਼ਾਨ ਨਾਲ ਕੈਲੇਫਰਨੀਆਂ ਦੇ ਦੋ ਸ਼ਹਿਰਾਂ ਮਿਲਪੀਟਸ ਅਤੇ ਫਰੀਮਾਂਟ ਵਿਖੇ ਦੋ ਅੱਡ-ਅੱਡ ਸਮਾਗਮਾਂ ਦੌਰਾਨ ਮਨਾਈ ਗਈ। ਦੋਵੇਂ ਥਾਂਈਂ ਵੱਡੀ ਗਿਣਤੀ 'ਚ ਸੰਗਤ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ 31ਵੀਂ ਬਰਸੀ ਮੌਕੇ "ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖ ਪ੍ਰਤੀਕਰਮ 1986-2017" ਵਿਸ਼ੇ 'ਤੇ ਸੈਮੀਨਾਰ 4 ਫਰਵਰੀ 2017 ਸ਼ਨੀਵਾਰ ਨੂੰ ਗੁਰਦੁਆਰਾ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਡਾ. ਹਰਿੰਦਰ ਸਿੰਘ ਵਲੋਂ ਸਾਕਾ ਨਕੋਦਰ ਦੌਰਾਨ ਹੋਈ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਹੋਏ ਸਿੱਖ ਪ੍ਰਤੀਕਰਮ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਤੱਥਾਂ ਅਤੇ ਸਬੂਤਾਂ ਸਮੇਤ ਪੇਸ਼ ਕੀਤੀ ਗਈ। ਡਾ. ਹਰਿੰਦਰ ਸਿੰਘ ਨੇ ਸ਼ਹੀਦ ਸਿੰਘਾਂ ਭਾਈ ਹਰਮਿੰਦਰ ਸਿੰਘ ਚਲੂਪੁਰ ਅਤੇ ਭਾਈ ਬਲਧੀਰ ਸਿੰਘ ਜੀ ਦੀਆਂ ਪੋਸਟ ਮਾਰਟਮ ਰਿਪੋਰਟਾਂ ਪੇਸ਼ ਕੀਤੀਆਂ, ਜਿਨਾਂ 'ਤੇ ਇਨਾਂ ਸਿੰਘਾਂ ਦੇ ਅਤੇ ਸਿੰਘਾਂ ਦੇ ਪਿਤਾ ਜੀ ਦੇ ਨਾਮ ਅੰਕਿਤ ਹਨ ਅਤੇ ਉਨਾਂ ਦੇ ਪਤੇ ਵੀ ਅੰਕਿਤ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸਭਾ

**ਬਾਕੀ ਸਫ਼ਾ 32 'ਤੇ**

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ





**ਫਰੀਮੋਂਟ/ਬਿਊਰੋ ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਸ਼ਰਧਾ ਅਤੇ ਖਾਲਸਾਈ ਸ਼ਾਨ ਨਾਲ ਮਨਾਉਣ ਵਾਸਤੇ ਦੂਜਾ ਸਮਾਗਮ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਇਆ, ਜਿੱਥੇ ਸੰਗਤਾਂ ਦੇ ਵੱਡੇ ਇਕੱਠ ਵਿੱਚ ਬੁਲਾਰਿਆਂ ਨੇ ਸ਼ਹੀਦਾਂ ਦੇ ਜੀਵਨ, ਪਰਿਵਾਰਾਂ ਦੇ ਸੰਘਰਸ਼ ਅਤੇ ਮੌਜੂਦਾ ਹਾਲਾਤ ਬਾਰੇ ਚਾਨਣਾ ਪਾਇਆ। ਗਿਆਨੀ ਗੁਰਭੇਜ ਸਿੰਘ ਨੇ ਕਥਾ ਰਾਹੀਂ ਆਪਣੇ ਵਿਚਾਰ ਸਰਵਣ ਕਰਵਾਏ। ਵਾਸ਼ਿੰਗਟਨ ਡੀ. ਸੀ. ਤੋਂ ਉਚੇਚੇ ਪੁੱਜੇ ਡਾ. ਅਮਰਜੀਤ ਸਿੰਘ ਨੇ ਸਾਕਾ ਨਕੋਦਰ ਤੋਂ ਲੈ ਕੇ ਹੁਣ ਤੱਕ ਹੋਈ ਸਿੱਖਾਂ ਦੀ ਅਧੋਗਤੀ ਨੂੰ ਆਪਣੀ ਤਕਰੀਰ ਵਿੱਚ ਪੇਸ਼ ਕੀਤਾ। ਪ੍ਰਬੰਧਕ ਕਮੇਟੀ ਵਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਲੰਗਰ ਹਾਲ ਵਿੱਚ ਲਗਾਉਣ ਦੇ ਨਾਲ ਸ਼ਹੀਦ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਸੰਗਤ ਵਲੋਂ ਸ਼ਹੀਦ ਪਰਿਵਾਰਾਂ ਨਾਲ ਬੇਹੱਦ ਅਪਣੱਤ ਦਾ ਇਜ਼ਹਾਰ ਕੀਤਾ ਗਿਆ ਅਤੇ ਸਿੰਘਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਪਰਿਵਾਰਾਂ ਦੇ ਹੌਂਸਲੇ ਦੀ ਦਾਦ ਦਿੱਤੀ ਗਈ।

## ਅਕਾਲ ਤਖ਼ਤ ਤੋਂ ਆਦੇਸ਼ ਦੇ ਬਾਵਜੂਦ ਸਾਕਾ ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ 'ਚ ਨਾ ਲਾਏ ਜਾਣ ਦੀ ਸਖ਼ਤ ਨਿਖੇਧੀ

### ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੁਰਜ਼ੋਰ ਅਪੀਲ

ਸਤਿਕਾਰਯੋਗ ਪ੍ਰੋ. ਕਿਰਪਾਲ ਸਿੰਘ ਬਡੂੰਗਰ ਜੀ,
**ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ,**
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕਿ ਫਤਿਹ!

ਅਸੀਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਇਸ ਪੱਤਰ ਦੁਆਰਾ ਆਪ ਜੀ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਅੱਜ ਤੋਂ 31 ਸਾਲ ਪਹਿਲਾਂ 4 ਫਰਵਰੀ 1986 ਨੂੰ ਪੰਜਾਬ ਪੁਲੀਸ ਅਤੇ ਭਾਰਤੀ ਸੁਰੱਖਿਆ ਬਲਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸੰਬੰਧਿਤ ਚਾਰ ਨਿਹੱਥੇ ਗੁਰਸਿੱਖ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਹ ਸਾਰੇ ਨੌਜਵਾਨ ਸਿੱਖ ਸੰਗਤ ਸਮੇਤ ਸ਼ਾਤਮਈ ਰੋਸ ਮਾਰਚ ਵਿਚ ਸ਼ਾਮਲ ਸਨ। ਇਹ ਇਕਤੱਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਰੋਸ ਵਜੋਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਗਿਆਰਵੇਂ ਅਤੇ ਜੁਗੋ ਜੁੱਗ ਅਟੱਲ ਗੁਰੂ ਹਨ। ਸਿੱਖਾਂ ਦੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਵ ਉੱਚ ਪਦਵੀ ਰੱਖਦੇ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਸਿੱਖਾਂ ਲਈ ਆਪਣੀ ਜਾਨ ਤੋਂ ਵੀ ਉੱਪਰ ਹੈ।

2 ਫਰਵਰੀ 2011 ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਹੋਏ ਸਮਾਗਮ ਦੌਰਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦ ਸਿੰਘਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਚਲੂਪਰ (ਸ਼ਾਮ-ਚੁਰਾਸੀ), ਭਾਈ ਬਲਧੀਰ ਸਿੰਘ ਫੌਜੀ ਰਾਮਗੜ ਅਤੇ ਭਾਈ ਝਲਮਣ ਸਿੰਘ ਰਾਜੋਵਾਲ-ਗੋਰਸੀਆਂ ਨੂੰ ਕੌਮੀ ਸ਼ਹੀਦ ਕਰਾਰ ਦਿੰਦਿਆਂ ਇਨਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ

**ਬਾਕੀ ਸਫ਼ਾ 32 'ਤੇ**

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: *ਜੈ ਸਿੰਘ* ਫੋਨ ਨੰਬਰ 510-677-2777**



# ਵਿਪਸਾ ਦੀ 2017 ਦੀ ਪਲੇਠੀ ਇਕੱਤਰਤਾ



## "ਸਿਰਜਣਾ ਤੇ ਸੰਵਾਦ" ਪੁਸਤਕ ਰਿਲੀਜ਼

**ਫਰੀਮੌਂਟ/ਬਿਊਰੋ ਨਿਊਜ਼:**

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਸਾਲ 2017 ਦੀ ਪਲੇਠੀ ਇਕੱਤਰਤਾ ਕਡਿੰਗੋ ਸਕੂਲ ਫਰੀਮਾਂਟ ਵਿਖੇ ਕੀਤੀ ਗਈ। ਨਵੇਂ ਸਾਲ ਦੀ ਵਧਾਈ ਦਿੰਦਿਆਂ ਹਰਜਿੰਦਰ ਕੰਗ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਸਾਲ 2016 ਵਿਚ ਅਕੈਡਮੀ ਵੱਲੋਂ ਕਰਵਾਈ ਗਈ ਵਰਲਡ ਪੰਜਾਬੀ ਕਾਨਫਰੰਸ ਸਬੰਧੀ ਚਰਚਾ ਲਈ ਸੱਦਾ ਦਿੱਤਾ। ਸਭਾ ਦੇ ਮੈਂਬਰਾਂ ਵੱਲੋਂ ਉਠਾਏ ਸਵਾਲਾਂ, ਸ਼ੰਕਿਆਂ ਤੇ ਗਲਤ ਫਹਿਮੀਆਂ ਦਾ ਸੰਤੋਸ਼ਜਨਕ ਉੱਤਰ ਦਿੰਦਿਆਂ ਡਾ; ਗੁਰੂਮੇਲ ਸਿੱਧੂ ਨੇ ਵਰਲਡ ਪੰਜਾਬੀ ਕਾਨਫਰੰਸ ਨੂੰ ਅਕੈਡਮੀ ਦੀ ਸਮੂਹਿਕ ਪ੍ਰਾਪਤੀ ਦਸਿਆ ਤੇ ਭਵਿੱਖ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਦੀ ਗੱਲ ਆਖੀ। ਨਾਲ ਹੀ ਵਿਪਸਾ ਦੀ ਨਵੀਂ ਕਮੇਟੀ ਦੇ ਗਠਨ ਲਈ ਅਗਲੀ ਮੀਟਿੰਗ ਵਿਚ ਫੈਸਲਾ ਕਰਨ ਦੀ ਸਰਬ ਸੰਮਤੀ ਪ੍ਰਗਟ ਕੀਤੀ ਗਈ।

ਉੱਘੇ ਗਜ਼ਲਗੋ ਸੁਰਿੰਦਰ ਸੀਰਤ ਦੀ ਸਮੁੱਚੀ ਸ਼ਾਇਰੀ ਸਬੰਧੀ ਡਾ. ਦਰਿਆ ਵੱਲੋਂ ਸੰਪਾਦਿਤ ਲੇਖਾ ਦੀ ਪੁਸਤਕ "ਸੁਰਿੰਦਰ ਸੀਰਤ– ਸਿਰਜਣਾ ਤੇ ਸੰਵਾਦ" ਅਕੈਡਮੀ ਦੇ ਸਮੂਹ ਮੈਂਬਰਾਂ ਵੱਲੋਂ ਰਿਲੀਜ਼ ਕੀਤੀ ਗਈ। ਸਭ ਨੇ ਸੁਰਿੰਦਰ ਸੀਰਤ ਦੀ ਨਿਰੰਤਰ ਸ਼ਬਦ ਗਤੀਸ਼ੀਲਤਾ ਦੀ ਸ਼ਲਾਘਾ ਕੀਤੀ। ਇਸ ਪੁਸਤਕ ਦੇ ਵਿਸ਼ਾ ਵਸਤੂ ਸਬੰਧੀ ਪ੍ਰੋ. ਸੁਖਵਿੰਦਰ ਕੰਬੋਜ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪੁਸਤਕ ਵਿਚ ਦਰਜ ਲੇਖਾਂ ਦੀ ਸਲਾਹੁਣਾ ਕੀਤੀ। ਸੁਰਿੰਦਰ ਸੀਰਤ ਨੂੰ ਕਾਵਿ ਚਿੰਤਨ ਦੇ ਪ੍ਰਸੰਗ ਚ ਇਕ ਸੰਜੀਦਾ ਦ੍ਰਿਸ਼ਟੀ ਵਾਲਾ ਕਵੀ ਕਿਹਾ। ਉਪਰੰਤ ਸੁਰਿੰਦਰ ਸੀਰਤ ਨੇ ਇਸ ਪੁਸਤਕ ਦੀ ਛਪਣ ਪ੍ਰਕ੍ਰਿਆ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਦਸਿਆ ਕਿ ਕੁਝ ਬਹੁਤ ਮਹੱਤਵਪੂਰਣ ਲੇਖ ਕੁਝ ਕਾਰਨਾਂ ਕਰਕੇ ਪੁਸਤਕ ਚ ਸ਼ਾਮਿਲ ਨਹੀਂ ਹੋ ਸਕੇ।

ਹਰਜਿੰਦਰ ਕੰਗ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ ਮੀਟਿੰਗ ਦੇ ਅਖ਼ੀਰ ਵਿਚ ਸ਼ਾਨਦਾਰ ਕਵੀ ਦਰਬਾਰ ਸਜਾਇਆ ਗਿਆ ਜਿਹ ਦੌਰਾਨ ਸਮੇਂ ਦੀ ਗੱਲ ਕਰਦੀਆਂ ਵਜ਼ਨਦਾਰ ਰਚਨਾਵਾਂ ਦੀ ਪੇਸ਼ਕਾਰੀ ਨੇ ਖ਼ੂਬ ਰੰਗ ਬੰਨ੍ਹਿਆ। ਕਵੀ ਦਰਬਾਰ ਵਿਚ ਡਾ. ਗੁਰਮੇਲ ਸਿੱਧੂ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ, ਕਰਮ ਸਿੰਘ ਮਾਨ, ਗੁਲਸ਼ਨ ਦਿਆਲ, ਨੀਲਮ ਸੈਣੀ, ਤਾਰਾ ਸਾਗਰ, ਹਰਭਜਨ ਸਿੰਘ ਢਿੱਲੋਂ, ਰੇਸ਼ਮ ਸਿੱਧੂ, ਗੁਰਮੀਤ ਬਰਸਾਲ, ਈਸ਼ਰ ਸਿੰਘ ਮੋਮਨ, ਗੁਰਦੀਪ, ਪ੍ਰੀਤ ਪੰਕਜ, ਡਾ. ਖਵਾਜਾ ਅਸ਼ਰਫ ਅਤੇ ਅਸ਼ੋਕ ਭੌਰਾ ਨੇ ਹਿੱਸਾ ਲਿਆ। ਅੰਤ ਵਿਚ ਸੁਖਦੇਵ ਸਾਹਿਲ ਨੇ ਆਪਣੇ ਸੁਰੀਲੇ ਸੁਰਾਂ ਨਾਲ ਮਾਹੌਲ ਵਿਚ ਸੰਗੀਤ ਦੀ ਮਹਿਕ ਘੋਲ ਦਿੱਤੀ। ਉੱਘੇ ਰੰਗ ਕਰਮੀ ਅਸ਼ੋਕ ਤਾਂਗੜੀ ਤੇ ਲਾਜਸੈਣੀ ਵੀ ਹਾਜ਼ਰ ਸਨ। ਸਥਾਨ ਮੁਹੱਈਆ ਕਰਾਉਣ ਤੇ ਹੋਰ ਪ੍ਰਬੰਧਾਂ ਲਈ ਨੀਲਮ ਸੈਣੀ ਦਾ ਧੰਨਵਾਦ ਕੀਤਾ ਗਿਆ,

# ਗੁਰਸਿੱਖ ਨੂੰ ਥਾਣੇ 'ਚ ਨਿਰਵਸਤਰ ਕਰਕੇ ਵੀਡੀਓ ਬਣਾਉਣ ਵਿਰੁੱਧ ਭਾਈਰੂਪਾ ਵਿੱਚ ਰੋਸ ਮੁਜ਼ਾਹਰਾ

**ਬਠਿੰਡਾ/ਬਿਊਰੋ ਨਿਊਜ਼:**ਬਠਿੰਡਾ ਪੁਲੀਸ ਵਲੋਂ ਪਿੰਡ ਭਾਈਰੂਪਾ ਦੇ ਇੱਕ ਗੁਰਸਿੱਖ ਵਿਅਕਤੀ ਨੂੰ ਥਾਣਾ ਫੂਲ 'ਚ ਅਲਫ ਨੰਗਾ ਕਰਕੇ ਵੀਡੀਓ ਜਾਣ ਦਾ ਮਾਮਲਾ ਬੇਪਰਦ ਹੋਇਆ ਹੈ। ਪਿੰਡ ਭਾਈਰੂਪਾ ਦੀ ਲੰਗਰ ਕਮੇਟੀ ਦੇ ਆਗੂ ਧਰਮ ਸਿੰਘ ਵਲੋਂ ਕਰੀਬ ਇੱਕ ਵਰ੍ਹੇ ਤੋਂ ਪੁਲੀਸ ਥਾਣੇਦਾਰ ਵੱਲੋਂ ਦਿੱਤੀ ਜ਼ਲਾਲਤ ਸਬੰਧੀ ਦੁਹਾਈ ਦਿੱਤੀ ਜਾ ਰਹੀ ਸੀ ਪ੍ਰੰਤੂ ਕਿਤੇ ਪੁਲੀਸ ਕੋਲ ਸੁਣਵਾਈ ਨਾ ਹੋਈ। ਹੁਣ ਅਚਾਨਕ ਜਦੋਂ ਇਸ ਗੁਰਸਿੱਖ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਈਰਲ ਹੋ ਗਈ ਤਾਂ ਪੁਲੀਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਮਾਮਲੇ ਨੂੰ ਲੈ ਕੇ ਅੱਜ ਪਿੰਡ ਭਾਈਰੂਪਾ ਦੇ ਲੋਕਾਂ ਨੇ ਰੋਸ ਮੁਜ਼ਾਹਰਾ ਕੀਤਾ ਹੈ। ਲੰਗਰ ਕਮੇਟੀ ਦੇ ਆਗੂਆਂ ਦਾ ਕਹਿਣਾ ਸੀ ਕਿ ਪੁਲੀਸ ਨੇ ਇੱਕ ਜਥੇਦਾਰ ਨਾਲ ਮਿਲ ਕੇ ਇਸ ਵਿਅਕਤੀ ਨੂੰ ਜ਼ਲੀਲ ਕੀਤਾ ਹੈ। ਭਾਈਰੂਪਾ ਦੇ ਵਸਨੀਕ ਧਰਮ ਸਿੰਘ ਖਾਲਸਾ ਨੇ ਅੱਜ ਐਸ.ਐਸ.ਪੀ ਬਠਿੰਡਾ ਨੂੰ ਲਿਖਤੀ ਦਰਖਾਸਤ ਦੇ ਕੇ ਆਖਿਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸਤਨਾਮ ਸਿੰਘ ਭਾਈਰੂਪਾ ਦੇ ਪੋਤਰੇ ਵਲੋਂ ਕਥਿਤ ਤੌਰ 'ਤੇ ਉਸ ਦੀ ਅਸ਼ਲੀਲ ਵੀਡੀਓ ਵਾਈਰਲ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸਤਨਾਮ ਸਿੰਘ ਭਾਈਰੂਪਾ ਦਾ ਕਹਿਣਾ ਸੀ ਕਿ ਧਰਮ ਸਿੰਘ ਖ਼ਾਲਸੇ ਨੇ ਸਿਆਸੀ ਰੰਜ਼ਿਸ਼ ਤਹਿਤ ਪਹਿਲਾਂ ਉਨ੍ਹਾਂ ਦੇ ਲੜਕੇ 'ਤੇ ਲੜਾਈ ਝਗੜੇ ਦਾ ਝੂਠਾ ਕੇਸ ਦਰਜ ਕਰਾਇਆ ਹੈ ਅਤੇ ਹੁਣ ਉਸ ਦੇ ਪਰਿਵਾਰ ਨੂੰ ਬਦਨਾਮ ਕਰਨ ਲਈ ਇਹ ਇਲਜ਼ਾਮ ਲਾਏ ਜਾ ਰਹੇ ਹਨ।



ਵੇਰਵਿਆਂ ਅਨੁਸਾਰ ਪਿੰਡ ਭਾਈਰੂਪਾ ਵਿਚ ਲੰਗਰ ਕਮੇਟੀ ਦੇ ਵਿਵਾਦ ਦੌਰਾਨ 17 ਨਵੰਬਰ 2015 ਨੂੰ ਪੁਲੀਸ ਨੇ ਧਰਮ ਸਿੰਘ ਖਾਲਸਾ, ਸੁਖਦੇਵ ਸਿੰਘ, ਗੁਰਚਰਨ ਸਿੰਘ,ਦਰਸ਼ਨ ਕਿੰਗਰਾ ਵਗੈਰਾ ਨੂੰ ਧਾਰਾ 107,151 ਤਹਿਤ ਥਾਣਾ ਫੂਲ ਬੰਦ ਕੀਤਾ ਅਤੇ ਇਹ ਆਗੂ 18 ਦਿਨ ਜੇਲ੍ਹ ਵਿਚ ਬੰਦ ਰਹੇ। ਧਰਮ ਸਿੰਘ ਖਾਲਸਾ ਦੇ ਲੜਕੇ ਗੁਰਪਿੰਦਰ ਸਿੰਘ ਨੇ ਉਦੋਂ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸ਼ਿਕਾਇਤ ਭੇਜੀ ਸੀ ਕਿ ਉਸ ਦੇ ਬਾਪ ਦੀ ਥਾਣੇ ਵਿਚ ਅਸ਼ਲੀਲ ਵੀਡੀਓ ਬਣਾਈ ਗਈ ਹੈ। ਐਸ.ਐਸ.ਪੀ. ਬਠਿੰਡਾ ਨੇ 26 ਮਾਰਚ 2016 ਨੂੰ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਰਿਪੋਰਟ ਭੇਜ ਦਿੱਤੀ ਕਿ ਡੀ.ਐਸ.ਪੀ. ਰਾਮਪੁਰਾ ਵਲੋਂ ਕੀਤੀ ਪੜਤਾਲ ਵਿਚ ਦਰਖਾਸਤ ਕਰਤਾ ਸ਼ਾਮਿਲ ਨਹੀਂ ਹੋਇਆ ਹੈ ਜਿਸ ਕਰਕੇ ਦਰਖਾਸਤ ਦਫਤਰ ਦਾਖਲ ਕੀਤੀ ਗਈ ਹੈ। ਥਾਣਾ ਫੂਲ ਦੇ ਐਚ.ਐਸ.ਓ ਜੈ ਸਿੰਘ,ਏ.ਐਸ.ਆਈ. ਅਮਰੀਕ ਸਿੰਘ ਅਤੇ ਹੌਲਦਾਰ ਬਲਦੇਵ ਸਿੰਘ ਨੇ ਬਿਆਨ ਕਲਮਬੰਦ ਕਰਾਏ ਕਿ ਗੁਰਪਿੰਦਰ ਸਿੰਘ ਵਲੋਂ ਇਹ ਕਹਾਣੀ ਘੜੀ ਗਈ ਹੈ ਅਤੇ ਧਰਮ ਸਿੰਘ ਖਾਲਸਾ ਨੂੰ ਨਾ ਜ਼ਲੀਲ ਕੀਤਾ ਗਿਆ ਹੈ ਅਤੇ ਨਾ ਹੀ ਕੋਈ ਅਸ਼ਲੀਲ ਵੀਡੀਓ ਬਣਾਈ ਗਈ ਹੈ। ਧਰਮ ਸਿੰਘ ਖਾਲਸਾ ਨੇ ਇਸ ਮਾਮਲੇ ਲਈ ਜ਼ਿੰਮੇਵਾਰ ਸਰਕਾਰੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

### ਮਾਮਲੇ ਦੀ ਜਾਂਚ ਜਾਰੀ: ਡੀ.ਐਸ.ਪੀ.

ਡੀ.ਐਸ.ਪੀ. ਰਾਮਪੁਰਾ ਸ੍ਰੀ ਕਰਨਵੀਰ ਸਿੰਘ ਦਾ ਕਹਿਣਾ ਸੀ ਕਿ ਪੁਲੀਸ ਦੇ ਧਿਆਨ ਵਿਚ ਇਸ ਮਾਮਲੇ ਦੀ ਕੋਈ ਪਹਿਲਾਂ ਜਾਣਕਾਰੀ ਨਹੀਂ ਸੀ ਪਰ ਹੁਣ ਵੀਡੀਓ ਵਾਈਰਲ ਹੋਈ ਹੈ ਜਿਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਿਹੜਾ ਵੀ ਇਸ ਮਾਮਲੇ ਵੀ ਕਸੂਰਵਾਰ ਹੋਇਆ, ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5

Tracy Office
95 W. 11th Street, Suite 205

www.caials.com rosy@caials.com



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ‘ਕਾਮਾਗਾਟਾ ਮਾਰੂ ਦਾ ਅਸਲੀ ਸਚ’ ਪੁਸਤਕ ਨੂੰ ਲੋਕ ਸਨਮੁਖ ਕਰਨ ਸਬੰਧੀ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਮਾਗਮ 12 ਫ਼ਰਵਰੀ ਐਤਵਾਰ ਨੂੰ

**ਸਟਾਕਟਨ/ਬਿਊਰੋ ਨਿਊਜ਼:** ਕਾਮਾਗਾਟਾਮਾਰੂ ਦੇ ਦੁਖਾਂਤ ਨੂੰ ਉਜਾਗਰ ਕਰਦੀ ਸ.ਰਾਜਵਿੰਦਰ ਸਿੰਘ ਰਾਹੀ ਦੀ ਕਿਤਾਬ ਕਾਮਾਗਾਟਾਮਾਰੂ ਦਾ ਅਸਲੀ ਸਚ’ ਗ਼ਦਰੀ ਬਾਬਿਆਂ ਦੀ ਇਤਿਹਾਸਿਕ ਧਰਤੀ ਸਟਾਕਟਨ (ਕੈਲੀਫ਼ੋਰਨੀਆ) ਵਿਚ ਲੋਕ ਅਰਪਣ ਹੋਵੇਗੀ। ਇਸ ਸਬੰਧੀ ਵਿਸ਼ੇਸ਼ ਸਮਾਗਮ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 12 ਫਰਵਰੀ ਐਤਵਾਰ ਨੂੰ ਬਾਸਅਦ ਦੁਪਹਿਰ 1:00 ਵਜੇ ਹੋਵੇਗਾ।

ਸ. ਰਾਜਵਿੰਦਰ ਸਿੰਘ ਰਾਹੀ ਜੋ ਕਿ ਪਹਿਲਾਂ ਵੀ 3 ਕਿਤਾਬਾਂ – ਬਾਬਾ ਸੋਹਣ ਸਿੰਘ ਭਕਨਾ ਦੀ ਜੀਵਨੀ ‘ਮੇਰੀ ਰਾਮ ਕਹਾਣੀ’, ‘ਗ਼ਦਰ ਲਹਿਰ ਦੀ ਅਸਲੀ ਗਾਥਾ-1’ ਅਤੇ ‘ਗ਼ਦਰ ਲਹਿਰ ਦੀ ਅਸਲੀ ਗਾਥਾ-2’ ਪੰਜਾਬੀ ਪਾਠਕਾਂ ਦੇ ਸਨਮੁੱਖ ਕਰਾ ਚੁੱਕੇ ਹਨ ਇਸ ਕਿਤਾਬ ਰਾਹੀਂ ਨੇ ਕਾਮਾਗਾਟਾਮਾਰੂ ਦੇ ਸਾਹਿਤਕਾਰਾਂ ਵੱਲੋਂ (ਜਾਣ ਬੁੱਝ ਕੇ) ਅਣਗੌਲੇ ਕੀਤੇ ਪੱਖਾਂ ਨੂੰ ਉਜਾਗਰ ਕੀਤਾ ਹੈ ਗ਼ਗ਼ਗ ਕਾਮਾਗਾਟਾਮਾਰੂ, ਜਿਸ ਦਾ ਅਸਲੀ ਨਾਂ ਗੁਰੂ ਨਾਨਕ ਜਹਾਜ਼ ਹੈ ਦੇ ਮੁਸਾਫ਼ਰਾਂ ਦੀ ਦਲੇਰੀ, ਸਹਿਣਸ਼ੀਲਤਾ, ਸਿਆਣਪ ਅਤੇ ਔਕੜਾਂ ਸਮੇ ਮਨੋਦਸ਼ਾ ਨੂੰ ਬਾਖ਼ੂਬੀ ਦਰਸਾਉਂਦੀ ਹੈ ।

ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸਹਾਇਕ ਸੰਪਾਦਕ ਕਰਮਜੀਤ ਸਿੰਘ ਅਨੁਸਾਰ ਇਹ ਪਹਿਲੀ ਪੁਸਤਕ ਹੈ ਜੋ ਸਿੱਖ ਬੁਧੀਜੀਵੀਆਂ ਅਤੇ ਸਿੱਖ ਭਾਈਚਾਰੇ ਸਾਹਮਣੇ ਬਹੁਤ ਸਾਰੇ ਸੁਆਲ ਵੀ ਖੜੇ ਕਰਦੀ ਹੈ ਤੇ ਬਹੁਤ ਸਾਰੇ ਸੁਆਲਾਂ ਦਾ ਜੁਆਬ ਵੀ ਦਿੰਦੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਰਾਜਵਿੰਦਰ ਸਿੰਘ ਰਾਹੀ ਨੇ ਠੋਸ ਮਿਸਾਲਾਂ ਦੇ ਕੇ ਸਿੱਧ ਕੀਤਾ ਹੈ ਕਿ ਕਿਵੇਂ ਸਿਖਾਂ ਦੀ ਪਛਾਣ ਖਤਮ ਕਰਨ ਲਈ ਉਨ੍ਹਾਂ ਨੂੰ ਹਿੰਦੀ, ਭਾਰਤੀ, ਪੰਜਾਬੀ ਆਦਿ ਬਣਾਇਆ ਗਿਆ ਹੈ। ਰਾਹੀ ਦੀ ਪੁਸਤਕ ਜਹਾਜ ਦੇ ਸਾਕੇ ਦਾ ਦੁਖਾਂਤ ਹੀ ਨਹੀਂ ਚਿਤਰਦੀ, ਅਤੀਤ ਵਿਚ ਸਿਖਾਂ ਨਾਲ ਹੋਈਆਂ ਜਿਆਦਤੀਆਂ ਦੇ ਜਖਮ ਵੀ ਹਰੇ ਕਰਦੀ ਹੈ, ਜਿਸ ਨਾਲ ਹਰ ਹਸਾਸਦਿਲ ਸੋਚਣ ਲਈ ਮਜਬੂਰ ਹੁੰਦਾ ਹੈ। ਇਹ ਕਿਤਾਬ ਦੱਸਦੀ ਹੈ ਕਿ ਗਦਰੀ ਬਾਬਿਆਂ ਅਤੇ ਕਾਮਗਾਟਾ ਮਾਰੂ ਵਾਲੇ ਸਿਖਾਂ ਦੇ ਮਨਾਂ ਵਿਚ ਸਿੱਖ ਸੌਵਰਨਟੀ ਦੀ ਰਾਜਸੀ ਚੇਤਨਾ ਕਿਉਂ ਪੈਦਾ ਹੋਈ।

ਉਘੇ ਸਿੱਖ ਚਿੰਤਕ ਸ: ਅਜਮੇਰ ਸਿੰਘ ਅਨੁਸਾਰ ਇਸ ਕਿਤਾਬ ਵਿਚ ਕਾਮਾਗਾਟਾਮਾਰੂ ਸਾਕੇ ਨਾਲ ਸਬੰਧਤ ਬਹੁਤ ਸਾਰੇ ਤਥ ਪਹਿਲੀ ਵਾਰ ਸਾਹਮਣੇ ਲਿਆਂਦੇ। ਗਲ ਤਥਾਂ ਦੀ ਵੀ ਨਹੀਂ, ਗਲ ਉਹਨਾਂ ਦੀ ਵਿਆਖਿਆ ਦੀ ਹੈ। ਰਾਹੀ ਨੇ ਪੇਸ਼ ਤਥਾਂ ਦੀ




ਵਿਆਖਿਆ ਸਿੱਖ ਨਜ਼ਰੀਏ ਤੋਂ ਕੀਤੀ ਹੈ। ਕਾਮਰੇਡਾਂ ਦੀ ਇਸ ਗਲ ਨੂੰ ਰਦ ਕਰਦਿਆਂ ਕਿ ਵਿਸ਼ਲੇਸ਼ਣ ਲਈ ਵਿਚਾਰਧਾਰਾ ਅਧਾਰ ਹੋਣੀ ਚਾਹੀਦੀ ਹੈ, ਉਹਨਾਂ ਕਿਹਾ ਕਿ ਵਿਚਾਰਧਾਰਾ ਨਾਲੋਂ ਸੰਸਕਾਰ, ਵਿਰਸਾ, ਮਨੋਬਲ ਅਤੇ ਜਜਬਾ ਜਰੂਰੀ ਹੈ। ਚਾਰ ਬੰਦੇ ਇਕੋ ਵਿਚਾਰਧਾਰਾ ਦੇ ਨੇ ਤਿੰਨ ਹਸ ਕੇ ਫਾਂਸੀ ਲਗ ਜਾਂਦੇ ਹਨ; ਚੌਥਾ ਵਾਅਦਾ ਮੁਆਫ ਬਣ ਜਾਂਦਾ ਹੈ ਫਿਰ ਵਿਚਾਰਧਾਰਾ ਕਿਥੇ ਗਈ ? ਓਨ੍ਹਾਂ ਦਾ ਕਹਿਣਾ ਹੈ ਕਿਹਾ ਕਿ ਰਾਹੀ ਨੇ ਇਸ ਪੁਸਤਕ ਨੂੰ ਸਿੱਖ ਨਜਰੀਏ ਤੋਂ ਲਿਖਿਆ ਹੈ, ਜੋ ਅਜ ਦੇ ਹਾਲਾਤ ਅਨੁਸਾਰ ਜਰੂਰੀ ਸੀ। ਜਿਹੜਾ ਸਾਹਿਤ ਪਾਠਕ ਅੰਦਰ ਕੋਈ ਜਜਬਾ ਨਹੀਂ ਪੈਦਾ ਕਰਦਾ ਉਹ ਬਾਂਝ ਹੈ ਪਰ ਰਾਹੀ ਦੀ ਕਿਤਾਬ ਪਾਠਕ ਅੰਦਰ ਜਜਬਾ ਪੈਦਾ ਕਰਦੀ ਹੈ। ਪੁਸਤਕ ਲੇਖਕ ਰਾਜਵਿੰਦਰ ਸਿੰਘ ਰਾਹੀ ਦਾ ਕਹਿਣਾ ਹੈ ਕਿ ਇਸ ਸਾਕੇ ਬਾਰੇ ਪਹਿਲਾਂ ਵੀ ਕਈ ਪੁਸਤਕਾਂ ਮੌਜੂਦ ਹਨ ਪਰ ਉਹ ਅਧੂਰੀ ਜਾਣਕਾਰੀ ਦੇਣ ਦੇ ਨਾਲ ਇਤਿਹਾਸ ਨੂੰ ਵੀ ਵਿਗਾੜ ਕੇ ਪੇਸ਼ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਜਦ ਬਾਬਾ ਗੁਰਦਿਤ ਸਿੰਘ ਹੋਰਾਂ ਨੇ ਸ਼ਿਰੀ ਗੁਰੂ ਨਾਨਕ ਨੇਵੀਗੇਸ਼ਨ ਕੰਪਨੀ ਬਣਾ ਕੇ ਕਾਮਾਗਾਟਾ ਮਾਰੂ ਕਿਰਾਏ ਤੇ ਲਿਆ ਤਾਂ ਹਾਂਗਕਾਂਗ ਦੇ ਗੁਰਦੁਆਰੇ ਵਿਚ ਆਖੰਡ ਪਾਠ ਕਰਕੇ ਇਸ ਦਾ ਨਾਂ ‘ਗੁਰੂ ਨਾਨਕ ਜਹਾਜ’ ਰਖਿਆ ਸੀ ਪਰ ਲੇਖਕਾਂ ਨੇ ਇਸ ਦੀ ਵਜਾਏ ਕੁਢਬਾ ਜਿਹਾ ਨਾਂ ‘ਕਾਮਾਗਾਟਾ’ ਪਰਚਲਤ ਕਰ ਦਿਤਾ ਹੈ। ਇਹੋ ਹੀ ਨਹੀਂ ਇਕ ਖਾਸ ਭਾਸ਼ਾ ਰਾਂਹੀ ਸਿਖਾਂ ਨੂੰ ਇਕਲੇ ‘ਹਿੰਦੀ’ ਬਣਾ ਕੇ ਹੀ ਪੇਸ਼ ਨਹੀਂ ਕੀਤਾ ਸਿੱਖ ਪਛਾਣ ਦੇ ਨਾਲ ਨਾਲ ਸਿੱਖ ਸਭਿਆਚਾਰ ਦੀਆਂ ਧਾਰਮਿਕ ਰਵਾਇਤਾਂ ਨੂੰ ਵੀ ਕਤਲ ਕਰ ਦਿਤਾ ਗਿਆ ਹੈ ।

ਇਹੋ ਹਾਲ ਗਦਰ ਲਹਿਰ ਨਾਲ ਕੀਤਾ ਗਿਆ ਹੈ, ਜਿਸ ਵਿਚ 95% ਸਿੱਖ ਹਨ ਪਰ ਲਹਿਰ ‘ਹਿੰਦੀਆਂ’ ਦੀ। ਸ.ਰਾਹੀ ਦੀ ਦਲੀਲ ਹੈ ਕਿ ਇਹ ਸਾਰਾ ਅਨਾਚਾਰ 1947 ਤੋਂ ਬਾਅਦ ਪੈਦਾ ਹੋਈ ਨਵ ਬਸਤੀਵਾਦੀ ਇਤਿਹਾਸਕਾਰੀ ਨੇ ਕੀਤਾ ਹੈ। ਜਿਸ ਵਿਚ ਬਦਕਾਰ ਭੂਮਿਕਾ ਖਬੇਪਖੀ ਕਾਮਰੇਡਾਂ ਨੇ ਨਿਭਾਈ ਹੈ। ਉਹਨਾਂ ਕਿਹਾ ਕਿ ਮੈਂ ਇਸ ਪੁਸਤਕ ਵਿਚ ਅਜ ਤੋਂ ਸੌ ਸਾਲ ਪਹਿਲਾਂ ਦੇ ਕਨੇਡਾ, ਅਮਰੀਕਾ ਅਤੇ ਪੰਜਾਬ ਦੇ ਸਿੱਖ ਸੰਘਰਸ਼ ਨੂੰ ਚਿਤਰਿਆ ਹੈ।

ਪ੍ਰੋਗਰਾਮ ਦੇ ਪ੍ਰਬੰਧਕਾਂ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵਲੋਂ ਦਿੱਤੀ ਲਿਖਤੀ ਜਾਣਕਾਰੀ ਅਨੁਸਾਰ ‘ਕਾਮਾਗਾਟਾ ਮਾਰੂ ਦਾ ਅਸਲੀ ਸਚ’ 12 ਫ਼ਰਵਰੀ 2017 ਐਤਵਾਰ ਨੂੰ ਗੁਰਦਵਾਰਾ ਸਾਹਿਬ ਸਟਾਕਟਨ (ਕੈਲੀਫ਼ੋਰਨੀਆ) ਵਿਖੇ ਬਾਅਦ ਦੁਪਹਿਰ 1:00 ਵਜੇ ਵਜੇ ਲੋਕ ਸਨਮੁਖ ਹੋਵੇਗੀ। ਸੰਗਤ ਨੂੰ ਭਰਵੀਂ ਹਾਜਰੀ ਭਰਨ ਦੀ ਸਨਿਮਰ ਬੇਨਤੀ ਹੈ ਜੀ।

## ਸ਼ਾਰਕਸ ਸਿੱਖ ਹੈਰੀਟੇਜ ਨਾਈਟ 2 ਮਾਰਚ, ਵੀਰਵਾਰ ਨੂੰ




**ਸੈਨਹੋਜ਼ੇ/ਬਿਊਰੋ ਨਿਊਜ਼ :** ਸ਼ਾਰਕਸ ਸਪੋਰਟਸ ਐਂਡ ਐਂਟਰਟੇਨਮੈਂਟ ਵਲੋਂ ਸ਼ਾਰਕਸ ਸਿੱਖ ਹੈਰੀਟੇਜ ਨਾਈਟ 2 ਮਾਰਚ, ਵੀਰਵਾਰ ਨੂੰ ਸ਼ਾਮ 7:30 ਵਜੇ ਬੇ ਏਰੀਏ ਦੇ ਸੈਪ (SAP) ਸੈਂਟਰ 525 W Santa Clara St, San Jose, CA 95113, ਵਿਚ ਕਰਵਾਈ ਜਾ ਰਹੀ ਹੈ। ਇਸੇ ਦੌਰਾਨ ਸ਼ਾਰਕਸ ਵਲੋਂ ਵੈਨਕੁਵਰ ਕੈਨੂਕਸ ਦਾ ਸਵਾਗਤ ਅਤੇ ਮੈਚ ਦੀ ਮੇਜ਼ਬਾਨੀ ਵੀ ਕੀਤੀ ਜਾਵੇਗੀ। ਸੈਨਹੋਜ਼ੇ ਸ਼ਾਰਕਸ ਦੇ ਅਕਾਉਂਟ ਮੈਨੇਜਰ ਮੁਹੰਮਦ ਫੋਫਨਾ ਨੇ ਦੱਸਿਆ ਕਿ ਬੇ ਏਰੀਏ ਵਿਚ ਇਸ ਨਾਈਟ ਦਾ ਮਕਸਦ ਸਿੱਖ ਭਾਈਚਾਰੇ ਬਾਰੇ ਅਮਰੀਕੀਆਂ ਵਿਚ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਸਿੱਖ ਭਾਈਚਾਰੇ ਲਈ ਟਿਕਟਾਂ ’ਤੇ ਡਿਸਕਾਉਂਟ ਵੀ ਦਿੱਤਾ ਜਾ ਰਿਹਾ ਹੈ ਜਿਸ ਅਨੁਸਾਰ ਅਪਰ ਬਾਊਲ ਟਿਕਟ ਸਿਰਫ਼ 35 ਡਾਲਰ ਅਤੇ ਲੋਅਰ ਬਾਊਲ ਟਿਕਟ 60 ਡਾਲਰ ਦੀ ਹੋਵੇਗੀ। ਵਧੇਰੇ ਜਾਣਕਾਰੀ ਲਈ ਮੁਹੰਮਦ ਫੋਫਨਾ ਨਾਲ 408-999-5746 ਜਾਂ mfofana@sharkssports.net ’ਤੇ ਸੰਪਰਕ ਕੀਤਾ ਜਾ ਸਕਦਾ ਹੈ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law
Bankruptcy
☞Chapter 7 & 13 Bankruptcy
☞Protect Your Assets- Home, Etc..
☞Start Fresh- Clear
Family Law • Divorce
Immigration Law
☞Deportation Cases- BIA Appeals
☞Ninth Circuit Appeals
☞Adjustment of Status (Green Card)
☞Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI
FARE as LOW as
Starting from
695 to 895
With Senior Citizens & Students Discount
(including taxes)




Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
• ਸਾਨੂੰ ਔਕਲੈਂਡ ਪੋਰਟ ’ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
• ਰੋਜ਼ਾਨਾ ਸ਼ਾਮ ਨੂੰ ਘਰ ਜਾਓ
• ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
• ਅਸੀਂ ਪੋਰਟ ’ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ’ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਸਰਬ ਰੋਗ ਕਾ ਅਉਖਦੁ ਨਾਮ ਮਿਸ਼ਨ ਵਲੋਂ ਕੈਲੀਫੋਰਨੀਆ ਵਿੱਚ ਰੋਗ ਨਿਵਾਰਨ ਕੈਂਪ

**ਲਾਸ ਏਂਜਲਸ/ਬਿਊਰੋ ਨਿਊਜ਼:**
ਸਰਬ ਰੋਗ ਕਾ ਅਉਖਦੁ ਨਾਮ ਮਿਸ਼ਨ ਚੰਡੀਗੜ੍ਹ ਵੱਲੋਂ ਕੈਲੀਫੋਰਨੀਆ ਦੀ ਸੰਗਤ ਦੇ ਸਹਿਯੋਗ ਨਾਲ ਤਿੰਨ ਰੋਗ ਨਿਵਾਰਨ ਕੈਂਪਾਂ ਦਾ ਆਯੋਜਿਨ ਕੀਤਾ ਗਿਆ। ਸਰਬ ਰੋਗ ਅਉਖਦੁ ਨਾਮ ਮਿਸ਼ਨ ਹਰਦਿਆਲ ਸਿੰਘ ਜੀ (I.A.S.Retd) ਵੱਲੋਂ ਸਾਲ 1983 ਵਿਚ ਆਰੰਭ ਕੀਤਾ ਗਿਆ ਸੀ। ਹੁਣ ਤੱਕ ਦੇਸ਼ਾਂ ਵਿਦੇਸ਼ਾਂ ਵਿਚ ਅਨੇਕਾਂ ਹੀ ਕੈਂਪ ਲੱਗ ਚੁੱਕੇ ਹਨ। ਇਨ੍ਹਾਂ ਵਿਚ ਹਜ਼ਾਰਾਂ ਹੀ ਪ੍ਰਾਣੀ ਆਪਣੇ ਦੁੱਖਾਂ ਅਤੇ ਰੋਗਾਂ ਤੋਂ ਛੁਟਕਾਰਾ ਪਾ ਚੁੱਕੇ ਹਨ। ਕੈਲੀਫੋਰਨੀਆ ਦੇ ਕੈਂਪ ਡਾ. ਬਲਵੰਤ ਸਿੰਘ (ਲੁਧਿਆਣਾ ਬਰਾਂਡ ਦੇ ਮੁੱਖੀ) ਦੀ ਅਗਵਾਈ ਵਿਚ ਲੱਗ ਰਹੇ ਹਨ। ਡਾ. ਬਲਵੰਤ ਸਿੰਘ, ਜੋ ਕਿ ਆਪ ਇਕ ਡਾਕਟਰ ਹਨ, ਨੇ ਹੁਣ ਤੱਕ ਬਹੁਤ ਸਾਰੇ ਕੈਂਪ ਵਿਦੇਸ਼ਾਂ ਵਿਚ ਲਗਾਏ ਹਨ। ਇਨ੍ਹਾਂ ਕੈਂਪਾਂ ਦੇ ਵਿਚ ਗੁਰਬਾਣੀ ਦੀ ਰੋਗ ਨਿਵਾਰਣ ਵਿਧੀ ਬਾਰੇ ਸੰਗਤ ਨੂੰ ਜਾਣੂੰ ਕਰਵਾਇਆ ਜਾਂਦਾ ਹੈ। ਇਨ੍ਹਾਂ ਕੈਂਪਾਂ ਵਿਚ ਗੁਰਬਾਣੀ ਦਾ ਗਾਇਨ ਸੰਗਤੀ ਰੂਪ ਵਿਚ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਜਾਂਦਾ ਹੈ। ਕੈਲੀਫੋਰਨੀਆ ਵਿਚ ਇਸ ਮਹੀਨੇ ਪਹਿਲਾ ਕੈਂਪ ਸਿੱਖ ਟੈਂਪਲ ਬੇਕਰਸ਼ਫੀਲਡ (SikhTemple of Bakersfield 2400 SP



Street. Bakersfield.CA.) ਵਿਖੇ ਪਹਿਲੀ ਤੋਂ 4 ਫਰਵਰੀ ਤੱਕ ਤੇ ਦੂਜਾ ਕੈਂਪ ਗੁਰਦੁਆਰਾ ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ (Gurdwara Khalsa Care foundation 9987 Faurel Canyon Blvo, Pacoima, CA) ਵਿਖੇ 5 ਤੋਂ 8 ਫਰਵਰੀ ਤੱਕ ਲਾਇਆ ਗਿਆ। ਅਗਲਾ ਕੈਂਪ 9 ਤੋਂ 12 ਫਰਵਰੀ ਤੱਕ ਗੁਰਦੁਆਰਾ ਸਾਹਿਬ ਰੋਜਮੀਡ (Gurdwara Sahib Rosemead (Los Angles Area) ਵਿਖੇ ਲਾਇਆ ਜਾ ਰਿਹਾ ਹੈ।
ਜੇ ਤੁਸੀਂ ਆਪਣੇ ਨੇੜੇ ਦੇ ਗੁਰੂ ਘਰ ਵਿਚ ਇਹ ਕੈਂਪ ਲਗਾਉਣਾ ਚਾਹੁੰਦੇ ਹੋ ਤਾਂ ਭਾਈ ਰਾਮ ਸਿੰਘ ਨੂੰ 1-714-883-9805 ਤੇ ਸੰਪਰਕ ਕਰ ਸਕਦੇ ਹੋ। ਮਰੀਜ਼ਾਂ ਦੀਆਂ Testimonies ਲਈ ਤੁਸੀਂ www.Gurananak healing.com ਤੇ ਭੇਜ ਸਕਦੇ ਹੋ।

# ਕੌਰ ਐਂਡ ਸਿੰਘ ਅਕੈਡਮੀ ਦਾ ਪਹਿਲਾ ਓਪਨ ਹਾਊਸ ਹੋਇਆ

**ਲਾਸ ਏਂਜਲਸ/ਬਿਊਰੋ ਨਿਊਜ਼ :** ਕੌਰ ਐਂਡ ਸਿੰਘ ਅਕੈਡਮੀ ਦਾ ਪਹਿਲਾ ਸਾਲਾਨਾ ਓਪਨ ਹਾਊਸ ਇਥੇ 5 ਫਰਵਰੀ ਨੂੰ ਪੋਰਟਰ ਰੈਂਚ ਕਮਿਊਨਿਟੀ ਸਕੂਲ ਵਿਚ ਹੋਇਆ। ਇਸ ਵਿਚ ਪੋਰਟਰ ਰੈਂਚ ਦੇ 80 ਤੋਂ ਵੱਧ ਮੈਂਬਰਾਂ ਨੇ ਸ਼ਿਰਕਤ ਕੀਤੀ। ਪੋਰਟਰ ਰੈਂਚ ਕਮਿਊਨਿਟੀ ਸਕੂਲ ਨੇ ਕੌਰ ਐਂਡ ਸਿੰਘ ਅਕੈਡਮੀ ਨੂੰ ਆਪਣੀਆਂ ਕਲਾਸਾਂ ਲਈ ਜਗ੍ਹਾ ਮੁਹੱਈਆ ਕਰਵਾਈ ਹੈ। ਇਥੇ ਹਰ ਐਤਵਾਰ ਨੂੰ ਸਵੇਰੇ 9:00 ਤੋਂ ਦੁਪਹਿਰ 3:00 ਤਕ ਕਲਾਸਾਂ ਲਗਦੀਆਂ ਹਨ। ਜ਼ਿਕਰਯੋਗ ਹੈ ਕਿ ਇਹ ਸਕੂਲ ਵਲੰਟੀਅਰਾਂ-ਅਧਿਆਪਕਾਂ ਵਲੋਂ ਚਲਾਇਆ ਜਾ ਰਿਹਾ ਹੈ, ਜਿਨ੍ਹਾਂ ਵਿਚ ਅਮਨਦੀਪ ਕੌਰ ਢਿਲੋਂ, ਅਰਵਿੰਦਰ ਸਿੰਘ ਢਿਲੋਂ, ਕੁਲਬੀਰ ਕੌਰ, ਅਮਨਦੀਪ ਸਿੰਘ, ਹਰਪ੍ਰੀਤ ਚੌਹਾਨ, ਮੋਹਨ ਓਬਰਾਏ, ਚੈਰੀ ਓਬਰਾਏ, ਹਰਦੀਪ ਸਿੰਘ, ਗੀਤੀਕਾ ਕੌਰ, ਚੰਨੀ ਕੌਰ, ਚੰਨਪਾਲ ਸਿੰਘ, ਮਨਵੀਰ ਸਿੰਘ, ਅਰਵਿੰਗ ਕੌਰ, ਸ਼ਰਨਪ੍ਰੀਤ ਕੌਰ, ਗੁਰਵਿੰਦਰ ਸਿੰਘ, ਹਰਲਵ ਸਿੰਘ,





ਨੀਲਮਜੀਤ ਢਿਲੋਂ ਦਾ ਨਾਂ ਸ਼ਾਮਲ ਹੈ। ਇਹ ਗੈਰ ਲਾਭਕਾਰੀ ਸੰਸਥਾ ਹੈ ਜੋ ਭਾਈਚਾਰੇ ਵਲੋਂ ਦਿੱਤੇ ਜਾਂਦੇ ਵਿੱਤੀ ਸਹਿਯੋਗ ਨਾਲ ਚਲਾਈ ਜਾ ਰਹੀ ਹੈ। ਇਸ ਦਾ ਮਕਸਦ ਬੱਚਿਆਂ ਵਿਚ ਮੌਜੂਦਾ ਦੌਰ ਨੂੰ ਦੇਖਦਿਆਂ ਸਿੱਖੀ ਦੇ ਆਦਰਸ਼ਾਂ ਤੋਂ ਜਾਣੂ ਕਰਵਾਉਣਾ ਹੈ। ਇਨ੍ਹਾਂ ਕਲਾਸਾਂ ਵਿਚ 5 ਤੋਂ 21 ਸਾਲ ਦੀ ਉਮਰ ਦੇ ਬੱਚੇ ਸ਼ਾਮਲ ਹੁੰਦੇ ਹਨ। ਬੱਚਿਆਂ ਨੂੰ ਪੰਜਾਬੀ, ਗੁਰਮੁਖੀ, ਸਿੱਖ ਇਤਿਹਾਸ, ਸਭਿਆਚਾਰ ਤੇ ਸੰਗੀਤ (ਹਿੰਦੁਸਤਾਨੀ-ਗੁਰਮੁਖੀ ਸੰਗੀਤ) ਵਿਲੱਖਣ ਢੰਗ ਨਾਲ ਸਿਖਾਇਆ ਜਾਂਦਾ ਹੈ। ਇਹ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਨਾਲ ਸਬੰਧਤ ਹੈ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਲਈ 818-599-9483 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੰਵਾਦ ਵਲੋਂ "ਆਧੁਨਿਕਤਾ: ਇਕ ਪੜਚੋਲ" ਵਿਸ਼ੇ 'ਤੇ ਲੁਧਿਆਣਾ 'ਚ ਸੈਮੀਨਾਰ 11 ਫਰਵਰੀ ਨੂੰ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:**
ਵਿਚਾਰ ਮੰਚ, ਸੰਵਾਦ ਵਲੋਂ "ਆਧੁਨਿਕਤਾ: ਇਕ ਪੜਚੋਲ" ਵਿਸ਼ੇ 'ਤੇ 11 ਫਰਵਰੀ 2017 (ਸ਼ਨੀਵਾਰ) ਨੂੰ ਲੁਧਿਆਣਾ ਦੇ ਪੰਜਾਬੀ ਭਵਨ 'ਚ ਇਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਹ ਵਿਚਾਰ ਚਰਚਾ ਸਵੇਰੇ 9:30 ਵਜੇ ਸ਼ੁਰੂ ਹੋ ਕੇ ਬਾਅਦ ਦੁਪਹਿਰ 1:00 ਵਜੇ ਤਕ ਚੱਲੇਗੀ।
ਇਸ ਵਿਚਾਰ ਚਰਚਾ 'ਚ ਸਿੱਖ ਇਤਿਹਾਸਕਾਰ ਅਤੇ ਰਾਜਨੀਤਕ ਵਿਸ਼ਲੇਸ਼ਕ ਭਾਈ ਅਜਮੇਰ ਸਿੰਘ ਅਤੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕਮਲਜੀਤ ਸਿੰਘ ਮੁੱਖ ਬੁਲਾਰੇ ਵਜੋਂ ਹਾਜ਼ਰੀ ਲਵਾਉਣਗੇ।
ਸੰਵਾਦ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਬੁਲਾਰਿਆਂ ਦੇ ਵਿਚਾਰ ਸੁਣਨ ਲਈ ਸਰੋਤਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ।













ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 . Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 . (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਦਲ ਖ਼ਾਲਸਾ ਦੀ ਚਿਤਾਵਨੀ 11 ਮਾਰਚ ਤੱਕ ਆਪਣੇ ਅਹੁਦੇ ਛੱਡਣ ਤਖ਼ਤਾਂ ਦੇ ਜਥੇਦਾਰ

**ਅੰਮ੍ਰਿਤਸਰ/ਬਿਊਰੋ ਨਿਊਜ਼** :ਡੇਰਾ ਸਿਰਸਾ ਸਬੰਧੀ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਚੁੱਪ ਵੱਟਣ ਖ਼ਿਲਾਫ਼ ਦਲ ਖ਼ਾਲਸਾ ਨੇ ਆਖਿਆ ਕਿ ਇਨ੍ਹਾਂ ਜਥੇਦਾਰਾਂ ਨੂੰ 11 ਮਾਰਚ ਤੱਕ ਆਪਣੇ ਅਹੁਦੇ ਖ਼ੁਦ ਛੱਡ ਦੇਣੇ ਚਾਹੀਦੇ ਹਨ, ਨਹੀਂ ਤਾਂ ਇਨ੍ਹਾਂ ਨੂੰ ਸੰਗਤ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਗਿਆਨੀ ਗੁਰਬਚਨ ਸਿੰਘ ਦੇ ਉਸ ਬਿਆਨ, ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਡੇਰਾ ਸਿਰਸਾ ਖ਼ਿਲਾਫ਼ ਜਾਰੀ ਹੋਇਆ ਹੁਕਮਨਾਮਾ ਬਰਕਰਾਰ ਹੈ ਅਤੇ ਵੋਟਾਂ ਲੈਣ ਲਈ ਡੇਰੇ ਗਏ ਅਕਾਲੀ ਉਮੀਦਵਾਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ, ਸਬੰਧੀ ਕਿਹਾ ਕਿ ਸਿੱਖ ਸੰਗਤ ਵੱਲੋਂ ਰੱਦ ਕੀਤੇ ਜਾ ਚੁੱਕੇ ਜਥੇਦਾਰਾਂ ਨੂੰ ਹੁਣ ਆਪਣੇ ਅਹੁਦੇ ਛੱਡ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਉਮੀਦਵਾਰਾਂ ਵੱਲੋਂ ਹੁਕਮਨਾਮੇ ਦੀ ਉਲੰਘਣਾ ਕਰਨ ਦੇ 72 ਘੰਟਿਆਂ ਤੱਕ ਜਥੇਦਾਰ ਚੁੱਪ ਰਹੇ ਅਤੇ ਜਿਵੇਂ ਹੀ ਵੋਟਾਂ ਪੈਣ ਦਾ ਸਮਾਂ ਖ਼ਤਮ ਹੋਇਆ, ਜਥੇਦਾਰਾਂ ਨੇ ਬਿਆਨ ਜਾਰੀ ਕਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਦੋਸ਼ੀਆਂ ਖ਼ਿਲਾਫ਼ ਜਾਂਚ ਅਤੇ ਕਾਰਵਾਈ ਕਰਨ ਦੀ ਬਿਆਨਬਾਜ਼ੀ ਧੋਖੇ ਤੋਂ ਵੱਧ ਕੁਝ ਨਹੀਂ। ਦਲ ਖ਼ਾਲਸਾ ਦੇ ਆਗੂ ਨੇ ਕਿਹਾ ਕਿ ਜਥੇਦਾਰ ਗੁਰਬਚਨ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀ ਸਰਕਾਰੀ ਸੁਰੱਖਿਆ ਕਾਰਨ ਹੀ ਸੰਗਤ ਦੇ ਰੋਹ ਤੋਂ ਬਚੇ ਹੋਏ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸੱਤਾ ਤੋਂ ਬਾਹਰ ਹੋਣ 'ਤੇ, ਜੇ ਇਨ੍ਹਾਂ ਜਥੇਦਾਰਾਂ ਨੇ 11 ਮਾਰਚ ਤੱਕ ਖ਼ੁਦ ਅਹੁਦੇ ਨਹੀਂ ਛੱਡੇ ਤਾਂ ਇਨ੍ਹਾਂ ਨੂੰ ਸੰਗਤ ਦੇ ਰੋਹ ਅਤੇ ਗੁੱਸੇ ਦਾ ਸ਼ਿਕਾਰ ਹੋਣਾ ਪਵੇਗਾ। ਉਨ੍ਹਾਂ ਨੇ ਜਥੇਦਾਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਢਾਹ ਲਾਉਣ ਦਾ 'ਦੋਸ਼ੀ' ਆਖਿਆ। ਉਨ੍ਹਾਂ ਕਿਹਾ ਕਿ ਜਥੇਦਾਰ ਅਤੇ ਅਕਾਲੀ ਆਗੂ ਆਪਣੀ ਸਾਖ਼ ਗੁਆ ਚੁੱਕੇ ਹਨ।

# ਵੋਟਾਂ ਲਈ ਡੇਰੇ ਦੀ ਸ਼ਰਨ ਲੈਣ ਵਾਲਿਆਂ ਖ਼ਿਲਾਫ਼ ਤਿੰਨ ਮੈਂਬਰੀ ਕਮੇਟੀ ਕਰੇਗੀ ਜਾਂਚ

**ਅੰਮ੍ਰਿਤਸਰ/ਬਿਊਰੋ ਨਿਊਜ਼** : ਸਿੱਖ ਉਮੀਦਵਾਰਾਂ ਵੱਲੋਂ ਡੇਰਾ ਸਿਰਸਾ ਜਾ ਕੇ ਵਿਧਾਨ ਸਭਾ ਚੋਣਾਂ ਲਈ ਹਮਾਇਤ ਮੰਗਣ ਦੇ ਮਾਮਲੇ ਦੀ ਜਾਂਚ ਵਾਸਤੇ ਸ਼੍ਰੋਮਣੀ ਕਮੇਟੀ ਨੇ ਤਿੰਨ ਮੈਂਬਰੀ ਜਾਂਚ ਕਮੇਟੀ ਕਾਇਮ ਕੀਤੀ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਜਾਂਚ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਅਤੇ ਅੰਤ੍ਰਿਮ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੱਤਰ ਭੇਜ ਕੇ ਇਸ ਮਾਮਲੇ ਦੀ ਜਾਂਚ ਕਰਾਉਣ ਲਈ ਆਖਿਆ ਹੈ। ਇਸ ਪੱਤਰ ਦੇ ਆਧਾਰ 'ਤੇ ਜਾਂਚ ਕਮੇਟੀ ਬਣਾਈ ਗਈ ਹੈ। ਕਮੇਟੀ ਹਫ਼ਤੇ ਵਿੱਚ ਜਾਂਚ ਰਿਪੋਰਟ ਸੌਂਪੇਗੀ। ਇਸ ਤੋਂ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਨੇ ਇਸ ਮਾਮਲੇ ਦੀ ਜਾਂਚ ਸਬੰਧੀ ਪੱਤਰ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਭੇਜਿਆ ਸੀ। ਦਿੱਲੀ ਕਮੇਟੀ ਦੇ ਸਾਬਕਾ ਤੇ ਮੌਜੂਦਾ ਪ੍ਰਧਾਨਾਂ ਨੇ ਵੱਖ ਵੱਖ ਸ਼ਿਕਾਇਤ ਪੱਤਰ ਭੇਜ ਕੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ ਕਿ ਡੇਰਾ ਸਿਰਸਾ ਜਾ ਕੇ ਸਿਆਸੀ ਹਮਾਇਤ ਪ੍ਰਾਪਤ ਕਰਨ ਵਾਲੇ ਸਿੱਖ ਉਮੀਦਵਾਰਾਂ ਖ਼ਿਲਾਫ਼ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਕਾਰਵਾਈ ਕੀਤੀ ਜਾਵੇ। ਮਿਲੇ ਵੇਰਵਿਆਂ ਅਨੁਸਾਰ ਡੇਰਾ ਸਿਰਸਾ ਦੇ ਮੁਖੀ ਨੇ ਪਹਿਲੀ ਫਰਵਰੀ ਨੂੰ ਡੇਰੇ ਦੇ ਮੰਚ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਉਸ ਦਿਨ ਮੰਚ 'ਤੇ ਅਕਾਲੀ ਉਮੀਦਵਾਰਾਂ ਵਿਚੋਂ ਸਿਕੰਦਰ ਸਿੰਘ ਮਲੂਕਾ, ਜਨਮੇਜਾ ਸਿੰਘ ਸੇਖੋਂ, ਜੀਤ ਮਹਿੰਦਰ ਸਿੰਘ ਸਿੱਧੂ ਪ੍ਰਮੁੱਖ ਤੌਰ 'ਤੇ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਸਰੂਪ ਚੰਦ ਸਿੰਗਲਾ, ਅਮਿਤ ਰਤਨ, ਹਰਪ੍ਰੀਤ ਸਿੰਘ ਕੋਟ ਭਾਈ, ਜਗਦੀਪ ਸਿੰਘ ਨਕਈ, ਡਾ. ਨਿਸ਼ਾਨ ਸਿੰਘ ਅਤੇ ਦਿਲਰਾਜ ਸਿੰਘ ਭੂੰਦੜ ਸ਼ਾਮਲ ਸਨ। ਮੰਚ ਤੋਂ ਅਕਾਲੀ ਆਗੂਆਂ ਵੱਲੋਂ ਡੇਰਾ ਪ੍ਰਬੰਧਕਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਹ ਸਮਰਥਨ ਬਦਲੇ ਪੰਜਾਬ ਵਿੱਚ ਡੇਰੇ ਦੇ ਸਤਿਸੰਗ ਵੀ ਕਰਾਉਣਗੇ। ਇਸ ਤੋਂ ਪਹਿਲਾਂ ਇਹ ਆਗੂ 28 ਜਨਵਰੀ ਨੂੰ ਵੀ ਡੇਰੇ ਵਿੱਚ ਪੁੱਜੇ ਸਨ। ਉਸ ਦਿਨ ਕਈ ਕਾਂਗਰਸੀ ਆਗੂ ਵੀ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ 'ਆਪ' ਉਮੀਦਵਾਰ ਵੀ ਸ਼ਾਮਲ ਸਨ। 28 ਜਨਵਰੀ ਨੂੰ ਡੇਰਾ ਮੁਖੀ ਵੱਲੋਂ ਸਮੂਹ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਮੁਲਾਕਾਤ ਵਾਸਤੇ ਇਕੱਠਾ ਸਮਾਂ ਦਿੱਤਾ ਗਿਆ ਸੀ। ਡੇਰੇ ਵੱਲੋਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹਮਾਇਤ ਦੇਣ ਦੇ ਕੀਤੇ ਐਲਾਨ ਦਾ ਸਿੱਖ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ ਸੀ।

## ਪ੍ਰੋ. ਬਡੂੰਗਰ ਨੇ ਕਿਹਾ-ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੀ ਜਾਵੇਗੀ ਰਿਪੋਰਟ



ਪਟਿਆਲਾ : ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲੇ ਸਿੱਖ ਆਗੂਆਂ ਬਾਰੇ ਮੁਕੰਮਲ ਪੜਤਾਲ ਸਬੰਧੀ ਪੱਤਰ ਲਿਖਿਆ ਸੀ, ਉਸ ਸੰਦਰਭ ਵਿੱਚ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਚੋਣਾਂ ਵਿੱਚ ਜਿਨ੍ਹਾਂ ਸਿੱਖ ਆਗੂਆਂ ਨੇ ਡੇਰਾ ਸਿਰਸਾ ਅਤੇ ਅਜਿਹੇ ਹੋਰ ਡੇਰਿਆਂ ਦੇ ਪ੍ਰਬੰਧਕਾਂ ਨਾਲ ਰਾਜਨੀਤਕ ਹਮਾਇਤ ਲਈ ਸੰਪਰਕ ਕੀਤਾ ਹੈ, ਉਨ੍ਹਾਂ ਖ਼ਿਲਾਫ਼ ਕਮੇਟੀ ਜਾਂਚ ਕਰੇਗੀ ਅਤੇ ਇਸ ਦੀ ਰਿਪੋਰਟ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪੇਗੀ।

# ਗੁਰੂ ਗੋਬਿੰਦ ਦੀਆਂ ਸਾਖੀਆਂ ਦੀ ਪਰੰਪਰਾ ਨੂੰ ਸਮਰਪਿਤ ਰਿਹਾ ਸੈਮੀਨਾਰ

**ਪਟਿਆਲਾ/ਬਿਊਰੋ ਨਿਊਜ਼** : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵੱਲੋਂ 'ਗੁਰੂ ਗੋਬਿੰਦ ਸਿੰਘ: ਜੀਵਨ ਅਤੇ ਦਰਸ਼ਨ' ਸਬੰਧੀ ਹੋਇਆ ਛੇਵਾਂ ਸੈਮੀਨਾਰ ਗੁਰੂ ਗੋਬਿੰਦ ਸਿੰਘ ਦੇ ਜੀਵਨ ਨਾਲ ਸਬੰਧਤ ਸਾਖੀਆਂ ਦੀ ਪਰੰਪਰਾ ਨੂੰ ਸਮਰਪਿਤ ਰਿਹਾ। ਸੈਮੀਨਾਰ ਵਿੱਚ ਉਰਦੂ ਕਵੀ ਡਾ. ਨਾਸਿਰ ਨਕਵੀ ਦਾ ਸਨਮਾਨ ਕੀਤਾ ਗਿਆ।

ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਦੱਬੇ ਕੁਚਲੇ ਲੋਕਾਂ ਦਾ ਜੀਵਨ ਪੱਧਰ ਉਪਰ ਚੁੱਕਣ ਲਈ ਆਪਣਾ ਸਰਬੰਸ ਤੱਕ ਵਾਰ ਦਿੱਤਾ। ਉਨ੍ਹਾਂ ਕਿਹਾ ਕਿ ਮੁਗ਼ਲ ਹਕੂਮਤ ਦੇ ਅਧੀਨ ਉਸ ਵੇਲੇ ਬ੍ਰਾਹਮਣਾਂ ਤੋਂ ਲੈ ਕੇ ਸਾਰੀਆਂ ਹਿੰਦੂ ਜਾਤੀਆਂ ਸ਼ੂਦਰਾਂ ਵਿੱਚ ਆਉਂਦੀਆਂ ਸਨ ਜਿਨ੍ਹਾਂ ਲਈ ਗੁਰੂ ਸਾਹਿਬ ਨੇ ਕਿਹਾ ਕਿ ਚਿੜੀਆਂ ਨਾਲ ਬਾਜ਼ਾਂ ਨੂੰ ਲੜਾ ਕੇ ਨਵੇਂ ਸਮਾਜ ਦੀ ਸਿਰਜਣਾ ਕਰਨੀ ਹੈ। ਡਾ. ਜਸਪਾਲ ਸਿੰਘ ਨੇ ਕਿਹਾ ਕਿ 'ਉਲਟੀ ਗੰਗਾ ਵਗਣਾ' ਮੁਹਾਵਰੇ ਦਾ ਸੱਚ ਗੁਰੂ ਗੋਬਿੰਦ ਸਿੰਘ ਨੇ ਹੀ ਕਰ ਵਿਖਾਇਆ ਹੈ ਜਿਵੇਂ ਗੁਰੂ ਸਾਹਿਬ ਜਨੇਊ ਦੇ ਧਾਰਨੀ ਨਹੀਂ ਸਨ ਪਰ ਜਨੇਊ ਦੇ ਪੱਖ ਵਿੱਚ ਉਹ ਆਪਣੇ ਪਿਤਾ ਨੂੰ ਸ਼ੀਸ਼ ਦੇਣ ਲਈ ਕਹਿੰਦੇ ਹਨ। ਇਸੇ ਤਰ੍ਹਾਂ ਕੋਈ ਵੀ ਕਾਤਲ ਕਤਲ ਕਰਨ

**ਬਾਕੀ ਸਫ਼ਾ 32 'ਤੇ**



ਡਾ. ਨਾਸਿਰ ਨਕਵੀ ਦਾ ਸਨਮਾਨ ਕੀਤੇ ਜਾਣ ਦੀ ਝਲਕ

# ਤਖ਼ਤ ਹਜ਼ੂਰ ਸਾਹਿਬ ਵਿਖੇ ਸੋਨਾ ਚੜ੍ਹਾਉਣ ਦੀ ਸੇਵਾ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼** : ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਇਮਾਰਤ ਦੇ ਮੁੱਖ ਹਿੱਸੇ 'ਤੇ ਸੋਨਾ ਚੜ੍ਹਾਉਣ ਦੀ ਸੇਵਾ ਦੀ ਸ਼ੁਰੂਆਤ ਮੂਲ ਮੰਤਰ ਦੇ ਪਾਠ ਅਤੇ ਅਰਦਾਸ ਨਾਲ ਕੀਤੀ ਗਈ। ਇਹ ਸੇਵਾ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਕਾਰ ਸੇਵਾ ਵਾਲਿਆਂ ਨੂੰ ਸੌਂਪੀ ਗਈ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਤਾਰਾ ਸਿੰਘ ਨੇ ਆਖਿਆ ਕਿ ਇਮਾਰਤ ਦੇ ਮੁੱਖ ਹਿੱਸੇ 'ਤੇ ਸੋਨਾ ਚੜ੍ਹਾਉਣ ਦੀ ਇਹ ਸੇਵਾ ਪ੍ਰਬੰਧਕੀ ਕਮੇਟੀ ਵੱਲੋਂ ਕੀਤੇ ਗਏ ਫ਼ੈਸਲੇ ਅਨੁਸਾਰ ਸ਼ੁਰੂ ਕੀਤੀ ਗਈ ਹੈ। ਗੁਰਦੁਆਰੇ ਦੀ ਮੁੱਖ ਇਮਾਰਤ 'ਤੇ ਬਣੇ ਮੁੱਖ ਗੁੰਬਦ ਨੂੰ ਛੱਡ ਕੇ ਬਾਕੀ ਸਾਰੇ ਗੁੰਬਦਾਂ 'ਤੇ ਸੋਨਾ ਚੜ੍ਹਾਇਆ ਜਾਵੇਗਾ। ਇਮਾਰਤ ਦੇ ਕੁਝ ਹਿੱਸੇ 'ਤੇ ਵੀ ਸੋਨਾ ਚੜ੍ਹਾਇਆ ਜਾਵੇਗਾ। ਇਸ ਸੇਵਾ ਨੂੰ ਲਗਭਗ ਡੇਢ ਸਾਲ ਵਿੱਚ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਪ੍ਰਕਾਸ਼ ਪੁਰਬ ਨੂੰ ਬਿਹਾਰ ਸਰਕਾਰ ਵੱਲੋਂ ਸੁਚੱਜੇ ਢੰਗ ਨਾਲ ਮਨਾਉਣ ਸਬੰਧੀ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਬਿਹਾਰ ਸਰਕਾਰ ਦੀ ਅਧਿਕਾਰੀ ਹਰਜੋਤ ਕੌਰ ਨੂੰ ਵਧਾਈ ਦਿੰਦਿਆਂ ਆਖਿਆ ਕਿ ਇਨ੍ਹਾਂ ਦੋਵਾਂ ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵੱਲੋਂ 12 ਮਾਰਚ ਨੂੰ ਸਨਮਾਨ ਕੀਤਾ ਜਾਵੇਗਾ।


JESSIE TAX SERVICES

We Provide Comprehensive Tax Services



JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com



CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਅਮਰੀਕੀ ਸੰਸਦ 'ਚ ਵੀਜ਼ਾ ਸ਼ਰਤਾਂ ਸਖ਼ਤ ਕਰਨ ਦਾ ਪ੍ਰਸਤਾਵ

## *103 ਫੀਸਦੀ ਵੱਧ ਐਚ-1ਬੀ ਵੀਜ਼ਾ ਦੇ ਰਿਹੈ ਅਮਰੀਕਾ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਸੰਸਦ 'ਚ ਹਾਲ ਹੀ ਵਿਚ ਐਚ-1ਬੀ ਵੀਜ਼ਾ ਦੀਆਂ ਸ਼ਰਤਾਂ ਸਖਤ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਇਹ ਵਿਦੇਸ਼ੀ ਲੋਕਾਂ ਨੂੰ ਅਮਰੀਕਾ 'ਚ ਨੌਕਰੀ ਕਰਨ ਲਈ ਦਿੱਤਾ ਜਾਂਦਾ ਹੈ। ਅਮਰੀਕਾ ਨੇ ਸਾਲ 2015 'ਚ 1,72,748 ਐਚ-1ਬੀ ਵੀਜ਼ੇ ਜਾਰੀ ਕੀਤੇ ਹਨ। ਇਹ ਲਿਮਿਟ 85 ਹਜ਼ਾਰ ਵੀਜ਼ੇ ਦੀ ਹੈ। ਇਸ 'ਚ 65 ਹਜ਼ਾਰ ਵੀਜ਼ੇ ਵਿਦੇਸ਼ ਮੁਲਾਜ਼ਮਾਂ ਲਈ ਅਤੇ 20 ਹਜ਼ਾਰ ਵੀਜ਼ੇ ਅਮਰੀਕਾ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ ਹਨ। ਇਹ ਵਿਦੇਸ਼ੀ ਵਿਦਿਆਰਥੀ ਯੂ.ਐਸ. ਦੀ ਕਿਸੇ ਸੰਸਥਾ 'ਚ ਪੜ੍ਹੇ ਹੋਏ ਹੋਣੇ ਚਾਹੀਦੇ ਹਨ। ਇਨ੍ਹਾਂ ਦੇ ਵਿਸ਼ੇ ਸਾਇੰਸ, ਇੰਜਨੀਅਰਿੰਗ, ਟੈਕਨੋਲਾਜੀ ਅਤੇ ਮੈਥੇਮੈਟਿਕਸ ਹੋਣੇ ਚਾਹੀਦੇ ਹਨ।




### ਐਚ-1ਬੀ ਵੀਜ਼ਾ ਜਾਰੀ ਹੋਣ ਦੇ ਅੰਕੜੇ

| ਸਾਲ | ਕੁਲ ਵੀਜ਼ੇ |
|---|---|
| 2010 | 1,17,409 |
| 2011 | 1,29,134 |
| 2012 | 1,35,530 |
| 2013 | 1,53,223 |
| 2014 | 1,61,369 |
| 2015 | 1,72,748 |

**ਖੁੱਲ੍ਹਦੀ ਹੈ ਲਾਟਰੀ :** ਅਪ੍ਰੈਲ ਨੂੰ ਹਰ ਸਾਲ ਐਚ-1ਬੀ ਵੀਜ਼ੇ ਲਈ ਅਪੀਲ ਕੀਤੀ ਜਾਂਦੇ ਹਨ। ਇਸ ਹਫਤੇ ਅੰਦਰ ਲਗਭਗ 3 ਲੱਖ ਅਪੀਲਾਂ ਆ ਜਾਂਦੀਆਂ ਹਨ। ਇਸ ਤੋਂ ਬਾਅਦ ਕੰਪਿਊਟਰ ਰਾਹੀਂ ਰੈਂਡਰ ਸਿਲੈਕਸ਼ਨ ਕੀਤੀ ਜਾਂਦੀ ਹੈ। ਇਸ ਨੂੰ ਲਾਟਰੀ ਸਿਸਟਮ ਕਹਿੰਦੇ ਹਨ। ਇਸ ਰਾਹੀਂ ਬੇਨਤੀਕਾਰ ਦੀ ਚੋਣ ਕੀਤੀ ਜਾਂਦੀ ਹੈ।

### 33,289 ਐਚ-1ਬੀ ਵੀਜ਼ਾ

ਸਭ ਤੋਂ ਵੱਧ ਇੰਫੋਸਿਸ ਨੂੰ ਮਿਲੇ ਹਨ ਸਾਲ 2016 ਵਿਚ। ਅਮਰੀਕਾ ਦੇ ਗ੍ਰਹਿ ਮੰਤਰਾਲੇ ਅਨੁਸਾਰ 2014 ਵਿਚ 70 ਫੀਸਦੀ ਇਹ ਵੀਜ਼ੇ ਭਾਰਤੀਆਂ ਨੂੰ ਮਿਲੇ ਹਨ। 2016 'ਚ ਇਹ ਅੰਕੜਾ 72 ਫੀਸਦੀ ਹੋ ਗਿਆ।

### ਇਨ੍ਹਾਂ ਦੋ ਗੱਲਾਂ 'ਤੇ ਵੀ ਧਿਆਨ ਦਿਓ

ਅਮਰੀਕਾ 'ਚ ਨੌਕਰੀ ਕਰਨ ਲਈ ਇਸ ਵੀਜ਼ਾ ਦੀ ਮਿਆਦ ਤਿੰਨ ਸਾਲ ਹੁੰਦੀ ਹੈ। ਹਾਲਾਂਕਿ ਇਸ ਨੂੰ ਵਧਾ ਕੇ 6 ਸਾਲ ਕੀਤਾ ਜਾ ਸਕਦਾ ਹੈ।

ਇਸ ਵੀਜ਼ੇ ਲਈ ਉਹ ਵਿਅਕਤੀ ਖੁਦ ਅਪੀਲ ਨਹੀਂ ਕਰ ਸਕਦਾ। ਕੰਪਨੀ ਰਾਹੀਂ ਹੀ ਅਪੀਲ ਕੀਤੀ ਜਾਂਦੀ ਹੈ।

### ਇਨ੍ਹਾਂ ਸੰਸਥਾਵਾਂ ਨੂੰ ਮਿਲਦੀ ਹੈ ਕੋਟਾ ਲਿਮਿਟ ਤੋਂ ਛੋਟ

- ਹਾਇਰ ਐਜੁਕੇਸ਼ਨ ਇੰਸਟੀਚਿਊਸ਼ਨ
- ਨਾਨ-ਪ੍ਰੋਫਿਟ ਆਰਗੇਨਾਈਜੇਸ਼ਨ
- ਨਾਨ-ਪ੍ਰੋਫਿਟ ਰਿਸਰਚ ਸੰਸਥਾਨ ਜਾਂ ਸਰਕਾਰੀ ਰਿਸਰਚ ਸਰਕਾਰੀ ਸੰਸਥਾਨ

### ਅਮਰੀਕੀ ਕੰਪਨੀਆਂ ਦਿੰਦੀਆਂ ਹਨ ਵੱਧ ਸੈਲਰੀ

**ਭਾਰਤੀ ਕੰਪਨੀਆਂ :**
74,424 ਡਾਲਰ, ਮਤਲਬ ਲਗਭਗ 50 ਲੱਖ ਦਾ ਔਸਤ ਪੈਕੇਜ (ਇਨਫੋਸਿਸ, ਟਾਟਾ ਕੰਸਲਟੈਂਸੀ)

**ਅਮਰੀਕੀ ਕੰਪਨੀਆਂ :**
1,25,269 ਡਾਲਰ, ਮਤਲਬ ਲਗਭਗ 84.18 ਲੱਖ ਰੁਪਏ ਦਾ ਔਸਤ ਪੈਕੇਜ (ਮਾਈਕ੍ਰੋਸਾਫਟ, ਗੂਗਲ)

# ਸੈਲਫੀ ਲਈ ਲੋਕਾਂ ਦੇ ਪਾਗਲਪਣ ਤੋਂ ਨਿਰਾਸ਼ ਹੈ ਡਿਜੀਟਲ ਕੈਮਰਾ ਖੋਜਕਾਰ

ਲੰਡਨ/ਬਿਊਰੋ ਨਿਊਜ਼ : ਦੁਨੀਆ ਨੂੰ ਡਿਜੀਟਲ ਕੈਮਰਾ ਦੇਣ ਵਾਲੇ ਬ੍ਰਿਟਿਸ਼ ਇੰਜੀਨੀਅਰ ਡਾ. ਮਾਈਕਲ ਟਾਮਪਸੈਟ ਆਪਣੀ ਖੋਜ ਤੋਂ ਦੁਖੀ ਹਨ। ਦੁੱਖ ਨਾਲ ਕਹਿੰਦੇ ਹਨ - ਕਾਸ਼ ਮੈਂ ਡਿਜੀਟਲ ਕੈਮਰਾ ਨਾ ਬਣਾਇਆ ਹੁੰਦਾ। ਉਨ੍ਹਾਂ ਦੀ ਨਿਰਾਸ਼ਾ ਦਾ ਕਾਰਨ ਸੈਲਫੀ ਲਈ ਲੋਕਾਂ ਦਾ ਪਾਗਲਪਣ ਹੈ। ਸੈਲਫੀ ਕੈਮਰਾ ਡਿਜੀਟਲ ਕੈਮਰੇ ਤੋਂ ਹੀ ਬਣਿਆ ਹੈ। ਡਾ. ਟਾਮਪਸੈਟ ਨੇ ਲਾਈਟ ਨੂੰ ਇਲੈਕਟ੍ਰੋਨਿਕਲ ਸਿਗਨਲ 'ਚ ਬਦਲਣ ਵਾਲਾ ਸੈਂਸਰ ਬਣਾਇਆ ਸੀ। ਇਸ ਰਾਹੀਂ 70 ਦੇ ਦਹਾਕੇ 'ਚ ਡਿਜੀਟਲ ਕੈਮਰਾ ਕ੍ਰਾਂਤੀ ਸ਼ੁਰੂ ਹੋਈ।

ਅਜਿਹੀਆਂ ਤਿੰਨ ਤਕਨੀਕਾਂ ਲਈ ਡਾ. ਟਾਮਪਸੈਟ ਸਮੇਤ ਚਾਰ ਇੰਜਨੀਅਰਾਂ ਨੂੰ ਕੁਈਨ ਐਲੀਜ਼ਾਬੈਥ ਪ੍ਰਾਈਜ਼ ਫਾਰ ਇੰਜਨੀਅਰਿੰਗ ਮਿਲਿਆ ਹੈ। ਇਨਾਮ 'ਚ ਉਨ੍ਹਾਂ ਨੂੰ ਲਗਭਗ 8 ਕਰੋੜ ਰੁਪਏ ਮਿਲੇ ਹਨ। ਸਨਮਾਨ ਸਮਾਗਮ 'ਚ ਡਾ. ਟਾਮਪਸੈਟ ਨੇ ਕਿਹਾ, "ਦੁਨੀਆ ਬਦਲਣ ਵਾਲੀ ਤਕਨੀਕ 'ਚ ਨਿਭਾਈ ਆਪਣੀ ਭੂਮਿਕਾ 'ਤੇ ਮੈਨੂੰ ਮਾਣ ਹੈ। ਪਰ ਜਦੋਂ ਧੜਾਧੜ ਸੈਲਫੀ ਲੈਣ ਵਾਲਿਆਂ ਦੀ ਭੀੜ ਨਾਲ ਸਾਹਮਣਾ ਹੁੰਦਾ ਹੈ ਤਾਂ ਨਿਰਾਸ਼ਾ ਹੁੰਦੀ ਹੈ। ਲੋਕ ਕਦੇ ਵੀ ਅਤੇ ਕਿਤੇ ਵੀ ਕੈਮਰਾ ਕੱਢ ਕੇ ਸੈਲਫੀ ਲੈਣ ਲੱਗ ਜਾਂਦੇ ਹਨ। ਤੁਸੀਂ ਕਿਤੇ ਵੀ ਜਾ ਰਹੇ ਹੋ ਅਤੇ ਅਚਾਨਕ ਇਕ ਸੈਲਫੀ ਸਟਿਕ ਸਾਹਮਣੇ ਆ ਜਾਂਦੀ ਹੈ। ਲੋਕ ਖੂਬਸੂਰਤ ਥਾਵਾਂ ਅਤੇ ਪ੍ਰੋਗਰਾਮਾਂ ਦਾ ਅਨੰਦ ਲੈਣ ਦੀ ਥਾਂ ਸੈਲਫੀ ਲੈਣ ਲੱਗ ਜਾਂਦੇ ਹਨ। ਇਹ ਉਸ ਥਾਂ ਜਾਂ ਪ੍ਰੋਗਰਾਮ ਦਾ ਅਪਮਾਨ ਹੈ। ਇਹ ਪਾਗਲਪਣ ਨਿਰਾਸ਼ ਕਰਦਾ ਹੈ। ਕਦੇ-ਕਦੇ ਤਾਂ ਦਿਲ ਕਰਦਾ ਹੈ ਕਿ ਸੈਲਫੀ ਦਾ ਵਿਚਾਰ ਲਿਆਉਣ ਵਾਲਿਆਂ 'ਤੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ।





**ਪਹਿਲੀ ਡਿਜੀਟਲ ਫੋਟੋ ਡਾ. ਟਾਮਪਸੈਟ ਦੀ ਪਤਨੀ ਦੀ ਛਪੀ :**
ਡਾ. ਟਾਮਪਸੈਟ ਨੇ ਆਪਣੇ ਬਣਾਏ ਸੈਂਸਰ ਤੋਂ ਪਹਿਲੀ ਡਿਜੀਟਲ ਫੋਟੋ ਪਤਨੀ ਮਾਰਗ੍ਰੇਟ ਦੀ ਲਈ ਸੀ। ਇਹ ਤਸਵੀਰ ਦੁਨੀਆ 'ਚ ਪਹਿਲੀ ਵਾਰ ਇਲੈਕਟ੍ਰੋਨਿਕਸ ਮੈਗਜ਼ੀਨ ਦੇ ਜਨਵਰੀ 1973 ਦੇ ਕਵਰ ਪੇਜ 'ਤੇ ਛਪੀ ਸੀ। ਮਾਰਗ੍ਰੇਟ ਦੀ ਉਸ ਤਸਵੀਰ ਨੂੰ ਡਿਜੀਟਲ ਫੋਟੋ ਦੀ ਸ਼ੁਰੂਆਤ ਕਰਨ ਵਾਲਾ ਚਿਹਰਾ ਦੱਸਿਆ ਗਿਆ ਸੀ। ਇਕ ਅਨੁਮਾਨ ਅਨੁਸਾਰ ਅੱਜ ਦੁਨੀਆ ਭਰ 'ਚ ਹਰ ਸੈਕਿੰਡ 100 ਤੋਂ ਵੱਧ ਡਿਜੀਟਲ ਕੈਮਰੇ ਬਣਾਏ ਜਾਂਦੇ ਹਨ। ਉਥੇ ਹੀ ਡਿਜੀਟਲ ਕੈਮਰੇ ਤੋਂ ਹਰ ਦਿਨ ਲਗਭਗ 3 ਅਰਬ ਤਸਵੀਰਾਂ ਲਈਆਂ ਅਤੇ ਸ਼ੇਅਰ ਕੀਤੀਆਂ ਜਾਂਦੀਆਂ ਹਨ।

**ਸੈਲਫੀ ਕਾਰਨ ਦੁਨੀਆ 'ਚ ਸਭ ਤੋਂ ਵੱਧ ਮੌਤਾਂ ਭਾਰਤ ਵਿਚ :**
ਦੁਨੀਆ ਭਰ 'ਚ ਰੋਜ਼ਾਨਾ ਔਸਤਨ 9 ਕਰੋੜ 30 ਲੱਖ ਸੈਲਫੀ ਲਈਆਂ ਜਾਂਦੀਆਂ ਹਨ। ਹੋਰ ਦੇਸ਼ਾਂ ਦੇ ਮੁਕਾਬਲੇ ਸੈਲਫੀ ਕਾਰਨ ਸਭ ਤੋਂ ਵੱਧ ਮੌਤਾਂ ਭਾਰਤ 'ਚ ਹੁੰਦੀਆਂ ਹਨ। 2015 'ਚ ਘੱਟੋ-ਘੱਟ 27 ਮੌਤਾਂ ਦਰਜ ਕੀਤੀਆਂ ਗਈਆਂ। 20 14 ਤੋਂ ਅਗਸਤ 2016 ਤਕ ਸੈਲਫੀ ਲੈਣ ਸਮੇਂ ਮੌਤ ਦੇ 54 ਮਾਮਲੇ ਸਾਹਮਣੇ ਆਏ ਸਨ। ਇਸ ਕਾਰਨ ਸਰਕਾਰ ਨੇ ਦੇਸ਼ ਭਰ 'ਚ 16 ਨੋ ਸੈਲਫੀ ਜ਼ੋਨ ਵੀ ਐਲਾਨੇ ਹਨ। ਇਕ ਸਟਡੀ ਦੱਸਦੀ ਹੈ ਕਿ 18 ਤੋਂ 24 ਸਾਲ ਦੇ ਨੌਜਵਾਨਾਂ ਦੀ 30 ਫੀਸਦੀ ਮੌਤ ਫੋਟੋ ਸੈਲਫੀ ਨਾਲ ਹੁੰਦੀ ਹੈ।

## ਗੂਗਲ 'ਤੇ ਕਾਂਗਰਸ ਦਾ ਦਬਦਬਾ, ਅਕਾਲੀ-ਭਾਜਪਾ ਦੌੜ ਤੋਂ ਬਾਹਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਵਿਧਾਨ ਸਭਾ ਚੋਣਾਂ ਲਈ ਸ਼ਨਿਚਰਵਾਰ ਨੂੰ ਜਿੱਥੇ ਪੋਲਿੰਗ ਬੂਥ ਵੋਟਰਾਂ ਦੀਆਂ ਲੰਮੀਆਂ ਲਾਈਨਾਂ ਨਾਲ ਘਿਰੇ ਸਨ, ਉਥੇ ਹੀ ਸੋਸ਼ਲ ਮੀਡੀਆ 'ਤੇ ਪਾਰਟੀਆਂ ਦੀ ਸਰਚ ਕਰਨ ਵਾਲਿਆਂ ਦੀ ਲਾਈਨ ਵੀ ਲੰਮੀ ਹੁੰਦੀ ਚਲੀ ਗਈ। ਗੂਗਲ 'ਤੇ ਕਾਂਗਰਸ ਸਭ ਤੋਂ ਵੱਧ ਪਸੰਦੀਦਾ ਪਾਰਟੀ ਵਜੋਂ ਸਾਹਮਣੇ ਆਈ।

ਦਿਨ ਭਰ ਹੋਈ ਸਰਚ 'ਚ 100 ਦੇ ਸਕੇਲ 'ਤੇ ਔਸਤਨ 34 ਲੋਕਾਂ ਨੇ ਕਾਂਗਰਸ ਅਤੇ ਸਿਰਫ ਤਿੰਨ ਲੋਕਾਂ ਨੇ 'ਆਪ' ਨੂੰ ਸਰਚ ਕੀਤਾ, ਜਦਕਿ ਅਕਾਲੀ-ਭਾਜਪਾ ਗਠਜੋੜ ਦਾ ਇਸ ਦੌੜ 'ਚ ਨਾਮੋ-ਨਿਸ਼ਾਨ ਨਹੀਂ ਵਿਖਿਆ। ਗੂਗਲ ਟਰੈਂਡਸ ਅਨੁਸਾਰ ਸ਼ੁੱਕਰਵਾਰ ਰਾਤ ਤੋਂ ਸ਼ਨਿਚਰਵਾਰ ਰਾਤ ਤਕ ਕਾਂਗਰਸ ਲੋਕਾਂ ਦੀ ਪਹਿਲੀ ਪਸੰਦ ਬਣੀ ਰਹੀ। ਸ਼ਨਿਚਰਵਾਰ ਤੜਕੇ 2:10 ਵਜੇ ਕਾਂਗਰਸ ਨੂੰ 100 ਦੇ ਸਕੇਲ 'ਤੇ 87 ਲੋਕਾਂ ਨੇ ਸਰਚ ਕੀਤਾ, ਜਦਕਿ ਇਸ ਦੌਰਾਨ 'ਆਪ' ਅਤੇ ਅਕਾਲੀ-ਭਾਜਪਾ ਦਾ ਅੰਕੜਾ ਸਿਫਰ ਰਿਹਾ। 2:26 ਵਜੇ ਸਰਚਿੰਗ 'ਆਪ' ਦੇ ਪੱਖ 'ਚ ਹੋਈ ਅਤੇ ਇਸ ਨੂੰ 99 ਲੋਕਾਂ ਨੇ ਸਰਚ ਕੀਤਾ, ਪਰ ਇਸ ਤੋਂ ਬਾਅਦ ਕਾਂਗਰਸ ਨੇ ਅਜਿਹੀ ਉਡਾਨ ਭਰੀ ਕਿ 'ਆਪ' ਪਛੜ ਗਈ।

**ਵੋਟਿੰਗ ਸ਼ੁਰੂ ਹੁੰਦਿਆਂ ਹੀ ਟੌਪ 'ਤੇ :**
ਸਵੇਰੇ ਵੋਟਿੰਗ ਸ਼ੁਰੂ ਹੁੰਦਿਆਂ ਹੀ ਕਾਂਗਰਸ ਦੀ ਸਰਚ 'ਚ ਤੇਜ਼ੀ ਵਿਖਾਈ ਦਿੱਤੀ। ਇਸੇ ਦਾ ਨਤੀਜਾ ਸੀ ਕਿ 8:10 ਵਜੇ ਕਾਂਗਰਸ ਨੇ 100/100 ਦਾ ਅੰਕੜਾ ਛੋਹ ਲਿਆ। ਸ਼ਾਮ 5:30 ਵਜੇ 81 ਲੋਕਾਂ ਨੇ ਕਾਂਗਰਸ ਬਾਰੇ ਅਪਡੇਟ ਲਏ, ਜਦਕਿ ਇਸ ਦੌਰਾਨ 'ਆਪ' ਅਤੇ ਅਕਾਲੀ-ਭਾਜਪਾ ਗਠਜੋੜ ਸਿਫਰ 'ਤੇ ਨਜ਼ਰ ਆਇਆ।

## ਕੁੱਕ ਨੇ ਇੰਗਲੈਂਡ ਟੈਸਟ ਟੀਮ ਦੀ ਕਪਤਾਨੀ ਤੋਂ ਦਿੱਤਾ ਅਸਤੀਫਾ

**ਲੰਡਨ/ਬਿਊਰੋ ਨਿਊਜ਼ :** ਇੰਗਲੈਂਡ ਐਂਡ ਵੇਲਜ਼ ਕ੍ਰਿਕਟ ਬੋਰਡ (ਈਸੀਬੀ) ਨੇ ਇੱਥ ਕਿਹਾ ਕਿ ਐਲਸਟੇਅਰ ਕੁੱਕ ਨੇ ਇੰਗਲੈਂਡ ਦੀ ਟੈਸਟ ਟੀਮ ਦੀ ਕਪਤਾਨੀ ਤੋਂ ਅਸਤੀਫਾ ਦੇ ਦਿੱਤਾ ਹੈ। ਕੁੱਕ ਨੇ ਰਿਕਾਰਡ 59 ਟੈਸਟ ਮੈਚਾਂ ਵਿੱਚ ਕਪਤਾਨ ਵਜੋਂ ਭੂਮਿਕਾ ਅਦਾ ਕੀਤੀ ਹੈ। ਟੈਸਟ ਮੈਚਾਂ ਵਿੱਚ 11057 ਦੌੜਾਂ ਨਾਲ ਇੰਗਲੈਂਡ ਦਾ ਸਿਖ਼ਰਲੇ ਸਕੋਰਰ ਕੁੱਕ ਅਗਸਤ 2012 ਵਿੱਚ ਕਪਤਾਨ ਬਣਿਆ ਸੀ। ਉਸ ਨੇ 2013 ਤੇ 2015 ਵਿੱਚ ਘਰੇਲੂ ਸਰਜ਼ਮੀਂ 'ਤੇ ਦੇਸ਼ ਨੂੰ ਐਸ਼ੇਜ਼ ਟਰਾਫੀ ਦਿਵਾਈ ਸੀ। ਇਸ ਤੋਂ ਇਲਾਵਾ ਉਸ ਨੇ ਭਾਰਤ ਤੇ ਦੱਖਣੀ ਅਫਰੀਕਾ ਵਿੱਚ ਵੀ ਟੀਮ ਨੂੰ ਲੜੀ ਵਿੱਚ ਜਿੱਤ ਦਿਵਾਈ। 32 ਸਾਲਾ ਕੁੱਕ ਨੇ ਬਿਆਨ ਵਿੱਚ ਕਿਹਾ ਕਿ ਇੰਗਲੈਂਡ ਦਾ ਕਪਤਾਨ ਹੋਣਾ ਅਤੇ ਪਿਛਲੇ ਪੰਜ ਸਾਲਾਂ ਵਿੱਚ ਟੈਸਟ ਟੀਮ ਦੀ ਅਗਵਾਈ ਕਰਨਾ ਬਹੁਤ ਵੱਡਾ ਸਨਮਾਨ ਰਿਹਾ। ਉਸ ਨੇ ਕਿਹਾ ਕਿ ਕਪਤਾਨੀ ਛੱਡਣਾ ਕਾਫੀ ਸਖ਼ਤ ਫੈਸਲਾ ਰਿਹਾ ਹੈ ਪਰ ਉਹ ਜਾਣਦਾ ਹੈ ਕਿ ਇਹ ਉਸ ਵਾਸਤੇ ਅਤੇ ਟੀਮ ਵਾਸਤੇ ਉਚਿਤ ਸਮੇਂ 'ਤੇ ਲਿਆ ਗਿਆ ਸਹੀ ਫੈਸਲਾ ਹੈ। ਉਸ ਉਪਰੰਤ ਯਾਰਕਸ਼ਾਇਰ ਦਾ ਬੱਲੇਬਾਜ਼ ਜੋਅ ਰੂਟ ਉਸ ਦੀ ਜਗ੍ਹਾ ਲੈਣ ਦਾ ਮਜ਼ਬੂਤ ਦਾਅਵੇਦਾਰ ਹੈ ਅਤੇ ਅਗਲੇ 15 ਦਿਨਾਂ ਵਿੱਚ ਇਸ ਸਬੰਧੀ ਐਲਾਨ ਹੋਣ ਦੀ ਆਸ ਹੈ। ਕੁੱਕ ਨੇ 2010 ਤੇ 2014 ਵਿਚਕਾਰ ਰਿਕਾਰਡ 69 ਇਕ ਰੋਜ਼ਾ ਕੌਮਾਂਤਰੀ ਮੈਚਾਂ ਵਿੱਚ ਇੰਗਲੈਂਡ ਦੀ ਅਗਵਾਈ ਕੀਤੀ ਹੈ। ਉਹ ਦੇਸ਼ ਦਾ ਸਭ ਤੋਂ ਜ਼ਿਆਦਾ ਟੈਸਟ ਮੈਚਾਂ ਵਿੱਚ ਟੀਮ ਦੀ ਕਪਤਾਨੀ ਦੀ ਜ਼ਿੰਮੇਦਾਰੀ ਨਿਭਾਉਣ ਵਾਲਾ ਕਪਤਾਨ ਹੈ। ਉਸ ਨੇ ਪਿਛਲੇ ਕਪਤਾਨਾਂ ਦੇ ਮੁਕਾਬਲੇ ਸਭ ਤੋਂ ਵੱਧ ਟੈਸਟ ਸੈਂਕੜੇ ਮਾਰੇ ਹਨ। ਉਸ ਨੂੰ 20 12 ਵਿਜ਼ਡਨ ਕ੍ਰਿਕਟਰ ਆਫ਼ ਦਿ ਈਅਰ ਚੁਣਿਆ ਗਿਆ ਸੀ ਅਤੇ 2013 ਵਿੱਚ ਉਹ ਆਈਸੀਸੀ ਵਿਸ਼ਵ ਟੈਸਟ ਕਪਤਾਨ ਰਿਹਾ ਸੀ। ਕੁੱਕ ਨੇ ਆਪਣਾ ਅਸਤੀਫਾ ਇੰਗਲੈਂਡ ਐਂਡ ਵੇਲਜ਼ ਕ੍ਰਿਕਟ ਬੋਰਡ ਦੇ ਚੇਅਰਮੈਨ ਕੋਲਿਨ ਗ੍ਰੇਵਜ਼ ਨੂੰ ਸੌਂਪਿਆ ਪਰ ਉਹ ਟੈਸਟ ਕ੍ਰਿਕਟ ਖੇਡਣਾ ਜਾਰੀ ਰੱਖਣਾ ਚਾਹੁੰਦਾ ਹੈ।



# ਪੰਜਾਬ ਵਿਚ 78.6% ਵੋਟਿੰਗ ਹੋਈ

## ਮਾਨਸਾ ਜ਼ਿਲ੍ਹੇ ਵਿੱਚ ਸਭ ਤੋਂ ਵਧ ਤੇ ਅੰਮ੍ਰਿਤਸਰ ਵਿੱਚ ਪਈਆਂ ਸਭ ਤੋਂ ਘੱਟ ਵੋਟਾਂ



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਧਾਨ ਸਭਾ ਲਈ ਵੋਟਾਂ ਪੈਣ ਦਾ ਅਮਲ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਤਰਨਤਾਰਨ ਵਿੱਚ ਅਕਾਲੀ ਸਰਪੰਚ ਦੇਸਾ ਸਿੰਘ ਵੱਲੋਂ ਚਲਾਈ ਗੋਲੀ ਨਾਲ ਇੱਕ ਕਾਂਗਰਸੀ ਵਰਕਰ ਦੇ ਜ਼ਖ਼ਮੀ ਹੋਣ ਸਮੇਤ ਸਿਆਸੀ ਪਾਰਟੀਆਂ ਦੇ ਵਰਕਰਾਂ ਵਿਚਕਾਰ ਹਿੰਸਾ ਦੀਆਂ ਮਾਮੂਲੀ ਘਟਨਾਵਾਂ ਤਾਂ ਵਾਪਰੀਆਂ ਪਰ ਇਸ ਵਾਰ ਆਮ ਤੌਰ 'ਤੇ ਵੋਟਾਂ ਪੈਣ ਦੀ ਪ੍ਰਕਿਰਿਆ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹੀ ਮੰਨੀ ਜਾ ਰਹੀ ਹੈ। ਪਾਰਟੀ ਆਗੂਆਂ ਨੇ ਚੋਣ ਪ੍ਰਚਾਰ ਨੂੰ ਭਖਾਉਂਦਿਆਂ ਸੂਬੇ ਦੀ ਰਾਜਸੀ ਫਿਜ਼ਾ ਅੰਦਰ ਸ਼ਬਦੀ ਜ਼ਹਿਰ ਤਾਂ ਘੋਲਿਆ ਪਰ ਲੋਕਾਂ ਨੇ ਵੋਟਾਂ ਦੌਰਾਨ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ। ਚੋਣ ਕਮਿਸ਼ਨ ਅਨੁਸਾਰ ਸੂਬੇ ਵਿੱਚ 78.6 ਫੀਸਦੀ ਲੋਕਾਂ ਨੇ ਆਪਣੇ ਜਮਹੂਰੀ ਹੱਕ ਦੀ ਵਰਤੋਂ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ (ਆਪ), ਬਸਪਾ ਹੋਰਨਾਂ ਸਿਆਸੀ ਪਾਰਟੀਆਂ ਤੇ 304 ਆਜ਼ਾਦ ਉਮੀਦਵਾਰਾਂ ਸਣੇ 1145 ਉਮੀਦਵਾਰਾਂ ਦੀ ਸਿਆਸੀ ਕਿਸਮਤ ਵੋਟਿੰਗ ਮਸ਼ੀਨਾਂ ਵਿੱਚ ਬੰਦ ਹੋ ਗਈ ਹੈ। ਵੋਟਾਂ ਦੀ ਗਿਣਤੀ 11 ਮਾਰਚ ਨੂੰ ਹੋਵੇਗੀ। ਵੋਟਾਂ ਦਾ ਅਮਲ ਸ਼ੁਰੂ ਹੋਣ ਸਮੇਂ ਮਜੀਠਾ, ਮੁਕਤਸਰ, ਬਠਿੰਡਾ ਅਤੇ ਬਰਨਾਲਾ ਵਿਧਾਨ ਸਭਾ ਹਲਕਿਆਂ ਦੇ ਕੁੱਝ ਪੋਲਿੰਗ ਬੂਥਾਂ ਉੱਤੇ ਇਲੈਕਟ੍ਰਾਨਿਕਸ ਵੋਟਿੰਗ ਮਸ਼ੀਨਾਂ ਵਿੱਚ ਤਕਨੀਕੀ ਖ਼ਰਾਬੀ ਦੀਆਂ ਰਿਪੋਰਟਾਂ ਮਿਲੀਆਂ, ਜਿੱਥੇ ਵੋਟਾਂ ਪੈਣ ਦਾ ਕੰਮ ਕੁੱਝ ਦੇਰੀ ਨਾਲ ਆਰੰਭ ਹੋ ਸਕਿਆ। ਪੰਜਾਬ ਦੇ ਦਿਹਾਤੀ ਖੇਤਰ ਦੇ ਲੋਕਾਂ ਨੇ ਕਈ ਥਾਈਂ 90 ਫੀਸਦੀ ਤੱਕ ਵੋਟਾਂ ਪਾਈਆਂ। ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਸ਼ਹਿਰਾਂ ਦੇ ਕਈ ਹਲਕਿਆਂ ਵਿੱਚ ਵੋਟਾਂ ਦਾ ਭੁਗਤਾਨ 60 ਫੀਸਦੀ ਦੇ ਨਜ਼ਦੀਕ ਹੀ ਰਿਹਾ। ਮਾਲਵਾ ਅਤੇ ਸਰਹੱਦੀ ਖੇਤਰ ਦੇ ਜ਼ਿਲ੍ਹਿਆਂ ਵਿਚਲੇ ਵਿਧਾਨ ਸਭਾ ਹਲਕਿਆਂ ਵਿੱਚ ਵੋਟ ਪ੍ਰਤੀਸ਼ਤ 80 ਫੀਸਦੀ ਤੋਂ ਵੀ ਟੱਪ ਗਈ ਹੈ। ਪੰਜਾਬ ਦੇ ਚਰਚਿਤ ਵਿਧਾਨ ਸਭਾ ਹਲਕਿਆਂ ਵਿੱਚੋਂ ਲੰਬੀ ਵਿੱਚ 78 ਫੀਸਦੀ ਵੋਟਾਂ ਪਈਆਂ ਜਦੋਂ ਕਿ ਜਲਾਲਾਬਾਦ ਵਿੱਚ 86 ਫੀਸਦੀ ਲੋਕਾਂ ਨੇ ਵੋਟਾਂ ਪਾਈਆਂ। ਪਟਿਆਲਾ ਵਿਧਾਨ ਸਭਾ ਹਲਕੇ ਵਿੱਚ 67 ਫੀਸਦੀ ਲੋਕਾਂ ਨੇ ਹੀ ਵੋਟਾਂ ਪਾਈਆਂ। ਬਠਿੰਡਾ ਜ਼ਿਲ੍ਹੇ ਦੇ ਮੌੜ ਮੰਡੀ ਹਲਕੇ ਵਿੱਚ ਜਿੱਥੇ ਚੋਣ ਪ੍ਰਚਾਰ ਦੌਰਾਨ ਬੰਬ ਧਮਾਕਾ ਹੋ ਗਿਆ ਸੀ, ਵਿੱਚ ਵੀ ਵੋਟਰਾਂ ਦਾ ਉਤਸ਼ਾਹ ਮੱਠਾ ਨਹੀਂ ਪਿਆ। ਇਸ ਹਲਕੇ ਦੇ 85 ਫੀਸਦੀ ਵੋਟਰਾਂ ਨੇ ਜਮਹੂਰੀ ਹੱਕ ਦਾ ਪ੍ਰਯੋਗ ਕੀਤਾ। ਮਜੀਠਾ ਹਲਕੇ ਵਿੱਚ 68 ਫੀਸਦੀ ਵੋਟਾਂ ਪਈਆਂ। ਅੰਮ੍ਰਿਤਸਰ ਦੱਖਣੀ ਹਲਕੇ ਵਿੱਚ ਸਭ ਤੋਂ ਘੱਟ 58 ਫੀਸਦੀ ਵੋਟਾਂ ਪਈਆਂ। ਸੰਗਰੂਰ ਜ਼ਿਲ੍ਹੇ ਦੇ ਸਾਰੇ ਹਲਕਿਆਂ ਵਿੱਚ 80 ਫੀਸਦੀ ਤੋਂ ਜ਼ਿਆਦਾ ਮਤਦਾਨ ਹੋਇਆ। ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਸਭ ਤੋਂ ਜ਼ਿਆਦਾ 85 ਫੀਸਦੀ ਵੋਟਾਂ ਪਈਆਂ ਜਦੋਂ ਕਿ ਅੰਮ੍ਰਿਤਸਰ ਵਿੱਚ ਸਭ ਤੋਂ ਘੱਟ 67 ਫੀਸਦੀ ਮਤਦਾਨ ਹੋਇਆ। ਸਾਰੇ 117 ਵਿਧਾਨ ਸਭਾ ਹਲਕਿਆਂ ਅਤੇ ਅੰਮ੍ਰਿਤਸਰ ਸੰਸਦੀ ਹਲਕੇ ਦੀ ਉਪ ਚੋਣ ਲਈ ਵੋਟਾਂ ਪੈਣ ਦਾ ਕੰਮ ਸਵੇਰੇ 8 ਵਜੇ ਸ਼ੁਰੂ ਹੋਇਆ ਤੇ ਪੋਲਿੰਗ ਬੂਥਾਂ 'ਤੇ ਸਵੇਰ ਤੋਂ ਹੀ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਦੁਪਹਿਰ ਤੱਕ 40 ਫੀਸਦੀ ਤੋਂ ਜ਼ਿਆਦਾ ਵੋਟਾਂ ਭੁਗਤ ਚੁੱਕੀਆਂ ਸਨ। ਵੋਟਾਂ ਪੈਣ ਦਾ ਸਮਾਂ 5 ਵਜੇ ਤੱਕ ਸੀ ਪਰ ਕਈ ਥਾਈਂ ਸ਼ਾਮੀ 7 ਵਜੇ ਤੋਂ ਬਾਅਦ ਵੀ ਲਾਈਨਾਂ ਲੱਗੀਆਂ ਹੋਈਆਂ ਸਨ।
ਚੋਣ ਕਮਿਸ਼ਨ ਵੱਲੋਂ ਪੰਜਾਬ ਵਿੱਚ ਪਹਿਲੀ ਵਾਰ 33 ਵਿਧਾਨ ਸਭਾ ਹਲਕਿਆਂ ਵਿੱਚ ਵੀਵੀਪੀਏਟੀ ਮਸ਼ੀਨਾਂ ਰਾਹੀਂ ਵੋਟਾਂ ਪਾਉਣ ਦੇ ਤਜਰਬੇ ਨੂੰ ਸਫਲ ਦੱਸਦਿਆਂ ਵੀ.ਕੇ.ਸਿੰਘ ਨੇ ਦੱਸਿਆ ਕਿ ਇਨ੍ਹਾਂ ਹਲਕਿਆਂ ਵਿੱਚ 6668 ਵੀਵੀਪੀਏਟੀ ਮਸ਼ੀਨਾਂ ਰਾਹੀਂ ਵੋਟਾਂ ਪਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਸਵੇਰੇ ਵੋਟਾਂ ਪਾਉਣ ਤੋਂ ਪਹਿਲਾਂ ਕਰਵਾਏ 'ਮੌਕ ਪੋਲ' 538 ਵੀਵੀਪੀਏਟੀ ਮਸ਼ੀਨਾਂ ਬਦਲੀਆਂ ਗਈਆਂ। ਮਜੀਠਾ, ਸੰਗਰੂਰ ਤੇ ਮੁਕਤਸਰ ਵਿੱਚ 187 ਮਸ਼ੀਨਾਂ ਨੂੰ ਵੋਟਾਂ ਪੈਂਦੀਆਂ ਦੌਰਾਨ ਬਦਲਿਆ ਗਿਆ। ਮਜੀਠਾ ਹਲਕੇ ਵਿੱਚ 25, ਮੁਕਤਸਰ ਤੇ ਸੰਗਰੂਰ ਵਿੱਚ 10-10 ਪੋਲਿੰਗ ਬੂਥਾਂ ਉੱਤੇ ਵੋਟਾਂ ਪਾਉਣ ਦਾ ਕੰਮ ਦੇਰੀ ਨਾਲ ਸ਼ੁਰੂ ਹੋਇਆ। ਉਨ੍ਹਾਂ ਦੱਸਿਆ ਕਿ 195 ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਨੂੰ 'ਮੌਕ ਪੋਲ' ਦੌਰਾਨ ਬਦਲਿਆ ਗਿਆ ਜਦੋਂ ਕਿ 47 ਨੂੰ ਬਾਅਦ ਵਿੱਚ ਬਦਲਿਆ ਗਿਆ।
ਸਮੁੱਚੇ ਪੰਜਾਬ ਵਿੱਚ ਵੋਟਾਂ ਦਾ ਭੁਗਤਾਨ ਦੇਖਿਆ ਜਾਵੇ ਤਾਂ ਸੰਗਰੂਰ ਵਿੱਚ 83 ਫੀਸਦੀ, ਫਾਜ਼ਿਲਕਾ ਵਿੱਚ 81 ਫੀਸਦੀ, ਫਿਰੋਜ਼ਪੁਰ ਵਿੱਚ 80 ਫੀਸਦੀ, ਫ਼ਰੀਦਕੋਟ ਵਿੱਚ 80 ਫੀਸਦੀ, ਬਰਨਾਲਾ ਵਿੱਚ 80 ਫੀਸਦੀ, ਬਠਿੰਡਾ ਵਿੱਚ 82 ਫੀਸਦੀ, ਮਾਨਸਾ ਵਿੱਚ 85 ਫੀਸਦੀ, ਫਤਿਹਗੜ੍ਹ ਸਾਹਿਬ ਵਿੱਚ 80 ਫੀਸਦੀ, ਮੁਹਾਲੀ ਵਿੱਚ 69 ਫੀਸਦੀ, ਪਟਿਆਲਾ ਵਿੱਚ 77 ਫੀਸਦੀ, ਮੁਕਤਸਰ ਵਿੱਚ 81 ਫੀਸਦੀ, ਲੁਧਿਆਣਾ ਵਿੱਚ ਫੀਸਦੀ 73, ਜਲੰਧਰ ਵਿੱਚ 72 ਫੀਸਦੀ, ਅੰਮ੍ਰਿਤਸਰ ਵਿੱਚ 67 ਫੀਸਦੀ, ਗੁਰਦਾਸਪੁਰ ਵਿੱਚ 72 ਫੀਸਦੀ, ਪਠਾਨਕੋਟ ਵਿੱਚ 77 ਫੀਸਦੀ, ਤਰਨਤਾਰਨ ਵਿੱਚ 74 ਫੀਸਦੀ, ਕਪੂਰਥਲਾ ਵਿੱਚ 74 ਫੀਸਦੀ, ਹੁਸ਼ਿਆਰਪੁਰ 72 ਫੀਸਦੀ, ਰੋਪੜ ਵਿੱਚ 75, ਮੋਗਾ ਵਿੱਚ 75 ਅਤੇ ਨਵਾਂਸ਼ਹਿਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਿਆਂ ਵਿੱਚ 77 ਫੀਸਦੀ ਵੋਟਾਂ ਪਈਆਂ।

### ਕਿੱਲਿਆਂਵਾਲੀ ਵਿੱਚ ਝਗੜੇ ਦੌਰਾਨ ਅਕਾਲੀ ਵਰਕਰ ਜ਼ਖ਼ਮੀ

**ਲੰਬੀ :** ਤਿਕੋਣੇ ਫਸਵੇਂ ਮੁਕਾਬਲੇ ਵਿੱਚ ਲੰਬੀ ਹਲਕੇ ਵਿੱਚ ਵੋਟ ਫ਼ੀਸਦੀ 85.06 ਰਿਹਾ, ਜਦੋਂ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੋਟ ਫ਼ੀਸਦ 86 ਰਿਹਾ ਸੀ। ਪਿੰਡ ਘੁਮਿਆਰਾ ਦੇ ਬੂਥ 'ਤੇ ਵੀਵੀਪੈਟ ਈਵੀਐਮ ਮਸ਼ੀਨ ਖ਼ਰਾਬ ਹੋਣ ਕਰ ਕੇ ਕੁਝ ਸਮੇਂ ਲਈ ਵੋਟਾਂ ਦਾ ਕੰਮ ਪ੍ਰਭਾਵਤ ਹੋਇਆ। ਹਲਕੇ ਦੇ ਪਿੰਡ ਕਿੱਲਿਆਂਵਾਲੀ ਵਿੱਚ ਚੋਣ ਬੂਥ 'ਤੇ ਕਤਾਰ ਵਿੱਚ ਖੜ੍ਹੇ ਲੋਕਾਂ ਨੂੰ ਵੋਟ ਪਾਉਣ ਦਾ ਨਿਸ਼ਾਨ ਵਿਖਾਉਣ ਦੇ ਵਿਵਾਦ ਵਿੱਚ ਅਕਾਲੀ-ਕਾਂਗਰਸੀ ਵਰਕਰਾਂ ਵਿਚਾਲੇ ਝੜਪ ਹੋ ਗਈ। ਇਸ ਵਿੱਚ ਅਕਾਲੀ ਵਰਕਰ ਕੁਲਵਿੰਦਰ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਬਠਿੰਡਾ ਰੈਫ਼ਰ ਕਰ ਦਿੱਤਾ ਗਿਆ। ਹਲਕੇ ਦੇ ਚਰਚਿਤ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਦੇ ਪਿੰਡ ਵਿੱਚ ਚੋਣ ਅਮਲੇ ਨੇ ਪੂਰੀ ਸਖ਼ਤੀ ਰੱਖੀ।

### ਨਵਜੋਤ ਸਿੱਧੂ ਖ਼ਿਲਾਫ਼ ਸ਼ਿਕਾਇਤ

**ਅੰਮ੍ਰਿਤਸਰ:** ਇੱਥੇ ਪੋਲਿੰਗ ਬੂਥ ਵਿੱਚ ਆਪਣਾ ਨਿੱਜੀ ਵਾਹਨ ਲੈ ਜਾਣ ਦੇ ਦੋਸ਼ ਹੇਠ ਕਾਂਗਰਸੀ ਉਮੀਦਵਾਰ ਨਵਜੋਤ ਸਿੰਘ ਸਿੱਧੂ ਖ਼ਿਲਾਫ਼ ਚੋਣ ਅਧਿਕਾਰੀ ਕੋਲ ਸ਼ਿਕਾਇਤ ਕੀਤੀ ਗਈ ਹੈ। ਸ੍ਰੀ ਸਿੱਧੂ, ਉਨ੍ਹਾਂ ਦੀ ਪਤਨੀ ਅਤੇ ਬੇਟਾ ਉੱਤਰੀ ਵਿਧਾਨ ਸਭਾ ਹਲਕੇ ਦੇ ਸਰੂਪ ਰਾਣੀ ਸਰਕਾਰੀ ਕਾਲਜ ਵਿੱਚ ਬਣੇ ਪੋਲਿੰਗ ਬੂਥ ਵਿੱਚ ਵੋਟ ਪਾਉਣ ਗਏ ਸਨ। ਇਸ ਦੌਰਾਨ ਉਹ ਆਪਣੇ ਤਿੰਨ ਵਾਹਨ ਵੀ ਪੋਲਿੰਗ ਬੂਥ ਵਿੱਚ ਲੈ ਗਏ। ਪੋਲਿੰਗ ਬੂਥ ਦੇ ਗੇਟ ਉਤੇ ਉਨ੍ਹਾਂ ਨੂੰ ਰੋਕਿਆ ਵੀ ਗਿਆ ਸੀ ਪਰ ਉਹ ਅੰਦਰ ਚਲੇ ਗਏ। ਜ਼ਿਲ੍ਹਾ ਚੋਣ ਅਧਿਕਾਰੀ ਬਸੰਤ ਗਰਗ ਨੇ ਇਸ ਸਬੰਧੀ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ ਹੈ ਅਤੇ ਤੱਥਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਵਾਈ ਹੋਵੇਗੀ।

# ਚੋਣਾਂ ਮਗਰੋਂ ਵੀ ਰੁੱਝੇ ਹੋਏ ਹਨ ਸਿਆਸੀ ਆਗੂ

### ਬਾਦਲ ਇਲਾਜ ਲਈ ਜਾਣਗੇ ਅਮਰੀਕਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ ਬਾਅਦ ਵੀ ਅਹਿਮ ਆਗੂਆਂ ਦੀਆਂ ਸਰਗਰਮੀਆਂ ਮੱਠੀਆਂ ਨਹੀਂ ਪਈਆਂ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਸਿਹਤ ਦਾ ਨਿਰੀਖਣ ਕਰਾਉਣ ਆਉਂਦੇ ਦਿਨੀਂ ਅਮਰੀਕਾ ਜਾਣਗੇ ਜਦੋਂ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੰਡੀਗੜ੍ਹ ਵਿਚ ਡੇਰੇ ਲਾ ਕੇ ਕਾਂਗਰਸੀ ਆਗੂਆਂ ਨਾਲ ਮੁਲਾਕਾਤਾਂ ਦਾ ਦੌਰ ਸ਼ੁਰੂ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ



ਕੁੱਝ ਦਿਨ ਆਰਾਮ ਬਾਅਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਦੇ ਕੰਮ ਵਿੱਚ ਰੁੱਝ ਜਾਣਗੇ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਸੰਸਦ ਦੇ ਸੈਸ਼ਨ ਵਿਚ ਹਾਜ਼ਰੀ ਭਰਨ ਦਾ ਫੈਸਲਾ ਕੀਤਾ ਹੈ। ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦਾ ਗਲਾ ਖ਼ਰਾਬ ਹੋ ਗਿਆ ਹੈ ਤੇ ਉਹ ਇਲਾਜ ਕਰਾਉਣਗੇ। ਮੁੱਖ ਮੰਤਰੀ ਵੋਟਾਂ ਪੈਣ ਤੋਂ ਅਗਲੇ ਹੀ ਦਿਨ ਐਤਵਾਰ ਨੂੰ ਚੰਡੀਗੜ੍ਹ ਪਹੁੰਚ ਗਏ। ਇਥੇ ਉਨ੍ਹਾਂ ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸਰਕਾਰੀ ਕੰਮਾਂ ਦੀ ਸਮੀਖਿਆ ਕੀਤੀ ਅਤੇ ਅਗਲੇ ਪ੍ਰੋਗਰਾਮ ਉਲੀਕੇ। ਸੂਤਰਾਂ ਮੁਤਾਬਕ ਸ੍ਰੀ ਬਾਦਲ ਨਾਲ ਤਾਇਨਾਤ ਡਾਕਟਰਾਂ ਤੇ ਪੀਜੀਆਈ ਦੇ ਮਾਹਰਾਂ ਨੇ ਮੁੱਖ ਮੰਤਰੀ ਨੂੰ ਅਮਰੀਕਾ ਤੋਂ ਸਿਹਤ ਦਾ ਨਿਰੀਖਣ ਕਰਾਉਣ ਦਾ ਸੁਝਾਅ ਦਿੱਤਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦਾ ਨਤੀਜਾ 11 ਮਾਰਚ ਨੂੰ ਆਉਣਾ ਹੈ, ਜਿਸ ਕਾਰਨ ਰਾਜਸੀ ਪਾਰਟੀਆਂ ਦੀ ਉਡੀਕ ਲੰਬੀ ਹੋ ਗਈ ਹੈ। ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਮੁਤਾਬਕ ਸ੍ਰੀ ਬਾਦਲ ਇੱਕ-ਦੋ ਦਿਨਾਂ ਵਿੱਚ ਅਮਰੀਕਾ ਰਵਾਨਾ ਹੋਣਗੇ ਅਤੇ ਉਥੇ ਇੱਕ ਹਫ਼ਤਾ ਬਿਤਾਉਣਗੇ। ਵਿਧਾਨ ਸਭਾ ਚੋਣਾਂ ਦੇ ਅਮਲ ਸਦਕਾ 11 ਮਾਰਚ ਤਕ ਚੋਣ ਜ਼ਾਬਤਾ ਲੱਗਾ ਹੋਣ ਕਾਰਨ ਸਰਕਾਰ ਵੱਲੋਂ ਕੋਈ ਵੱਡਾ ਫੈਸਲਾ ਨਹੀਂ ਲਿਆ ਜਾ ਸਕਦਾ। ਇਸ ਲਈ ਮੁੱਖ ਮੰਤਰੀ ਕੋਈ ਵੱਡੀਆਂ ਮੀਟਿੰਗਾਂ ਵੀ ਨਹੀਂ ਕਰਨਗੇ ਸਿਰਫ਼ ਆਪਣੇ ਨਾਲ ਤਾਇਨਾਤ ਅਧਿਕਾਰੀਆਂ ਤੋਂ ਹੀ ਰਿਪੋਰਟਾਂ ਲੈ ਰਹੇ ਹਨ।

### ਕੈਪਟਨ ਨੇ ਤਕਨੀਕੀ ਮਾਹਰਾਂ ਨੂੰ ਦਿੱਤੀ ਦਾਅਵਤ

ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀਆਂ ਮੁਤਾਬਕ ਪੰਜਾਬ ਕਾਂਗਰਸ ਪ੍ਰਧਾਨ ਨੇ ਤਕਨੀਕੀ ਮਾਹਰਾਂ ਦੀ ਟੀਮ ਨੂੰ ਦੁਪਹਿਰ ਦੇ ਖਾਣੇ ਦੀ ਦਾਅਵਤ ਦਿੱਤੀ। ਆਉਣ ਵਾਲੇ ਦਿਨਾਂ ਦੌਰਾਨ ਵੀ ਕਾਂਗਰਸ ਪ੍ਰਧਾਨ ਚੰਡੀਗੜ੍ਹ ਵਿੱਚ ਰਹਿ ਕੇ ਵਿਧਾਨ ਸਭਾ ਦੇ ਉਮੀਦਵਾਰਾਂ ਨਾਲ ਮੀਟਿੰਗਾਂ ਕਰਕੇ ਭਵਿੱਖੀ ਰਣਨੀਤੀ ਉਲੀਕਣਗੇ।

### ਸੁਖਬੀਰ ਸੰਭਾਲਣਗੇ ਦਿੱਲੀ ਕਮੇਟੀ ਚੋਣਾਂ ਦੀ ਕਮਾਂਡ :

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਰੀਬੀਆਂ ਨੇ ਦੱਸਿਆ ਕਿ ਛੋਟਾ ਬਾਦਲ ਕੁੱਝ ਦਿਨ ਨਵੀਂ ਦਿੱਲੀ ਵਿਚ ਆਪਣੇ ਬੱਚਿਆਂ ਨਾਲ ਗੁਜ਼ਾਰੇਗਾ ਅਤੇ ਉਸ ਬਾਅਦ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦੀ ਰਣਨੀਤੀ ਉਲੀਕੇਗਾ। ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ 26 ਫਰਵਰੀ ਨੂੰ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ 'ਤੇ ਪੰਜਾਬ ਦੇ ਰਾਜਸੀ ਹਾਲਾਤ ਦਾ ਪ੍ਰਭਾਵ ਪੈਣਾ ਲਾਜ਼ਮੀ ਹੈ। ਇਸ ਲਈ ਇਹ ਚੋਣਾਂ ਸ਼੍ਰੋਮਣੀ ਅਕਾਲੀ ਦਲ ਲਈ ਵੱਕਾਰ ਦਾ ਸਵਾਲ ਬਣ ਗਈਆਂ ਹਨ।

### ਸੁਖਬੀਰ ਨੇ 'ਰਈਸ' ਦੇਖ ਕੇ ਲਾਹੀ ਥਕਾਵਟ

ਬਠਿੰਡਾ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਬਠਿੰਡਾ ਦੇ ਮਿੱਤਲ ਮਾਲ ਵਿੱਚ 'ਰਈਸ' ਫਿਲਮ ਦੇਖ ਕੇ ਚੋਣ ਦੰਗਲ ਦੀ ਥਕਾਵਟ ਲਾਹੀ। 'ਰਈਸ' ਦਾ ਚਾਰ ਵਜੇ ਵਾਲਾ ਸ਼ੋਅ ਵੇਖਣ ਲਈ ਪੁੱਜੇ। ਉਨ੍ਹਾਂ ਨਾਲ ਸਿਕੰਦਰ ਸਿੰਘ ਮਲੂਕਾ, ਜਗਦੀਪ ਸਿੰਘ ਨਕਈ ਅਤੇ ਮਿੱਤਲ ਮਾਲ ਦੇ ਮਾਲਕ ਰਜਿੰਦਰ ਗੁਪਤਾ ਸਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਿੱਲੀ ਚਲੇ ਗਏ ਹਨ। ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਆਮ ਦਿਨਾਂ ਨਾਲੋਂ ਬਠਿੰਡਾ ਵਿਚ ਤਿੰਨ ਘੰਟੇ ਲੇਟ ਪੁੱਜੇ। ਉਨ੍ਹਾਂ ਸਟਰਾਂਗ ਰੂਮ ਵੀ ਵੇਖਿਆ ਅਤੇ ਮੌੜ ਬੰਬ ਧਮਾਕੇ ਵਿਚ ਜਾਨ ਗੁਆ ਬੈਠੇ ਵਿਅਕਤੀ ਨਮਿੱਤ ਬਠਿੰਡਾ ਵਿੱਚ ਭੋਗ 'ਤੇ ਗਏ। ਉਨ੍ਹਾਂ ਕਈ ਵਿਆਹਾਂ ਵਿੱਚ ਹਾਜ਼ਰੀ ਵੀ ਭਰੀ।

### ਮਾਨ ਸੰਸਦ ਸੈਸ਼ਨ 'ਚ ਭਰਨਗੇ ਹਾਜ਼ਰੀ :

'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਉਹ 5 ਫਰਵਰੀ ਤੋਂ ਸ਼ੁਰੂ ਹੋਏ ਸੰਸਦ ਦੇ ਬਜਟ ਸੈਸ਼ਨ ਵਿਚ ਹਿੱਸਾ ਲੈਣ ਜਾ ਰਹੇ ਹਨ। ਦੱਸਣਯੋਗ ਹੈ ਕਿ ਸ੍ਰੀ ਮਾਨ ਸਰਦ ਰੁੱਤ ਸੈਸ਼ਨ ਵਿਚ ਸ਼ਮੂਲੀਅਤ ਨਹੀਂ ਕਰ ਸਕੇ ਸਨ ਕਿਉਂਕਿ ਮੌਨਸੂਨ ਸੈਸ਼ਨ ਦੌਰਾਨ ਉਨ੍ਹਾਂ ਵੱਲੋਂ ਸੰਸਦ ਦੀ ਵੀਡੀਓ ਬਣਾ ਕੇ ਜਨਤਕ ਕੀਤੇ ਜਾਣ ਕਾਰਨ ਲੋਕ ਸਭਾ ਸਪੀਕਰ ਨੇ ਉਨ੍ਹਾਂ ਨੂੰ ਸੈਸ਼ਨ ਵਿਚੋਂ ਬਾਹਰ ਕਰ ਦਿੱਤਾ ਸੀ। ਇਸ ਤਰ੍ਹਾਂ ਨਾਲ 'ਆਪ' ਦਾ ਇਹ ਸੰਸਦ ਮੈਂਬਰ ਦੋ ਸੈਸ਼ਨਾਂ ਬਾਅਦ ਸੰਸਦ ਦੇ ਸੈਸ਼ਨ ਵਿੱਚ ਸ਼ਮੂਲੀਅਤ ਕਰਨ ਜਾ ਰਿਹਾ ਹੈ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਸ ਦਾ ਗਲਾ ਖ਼ਰਾਬ ਹੋ ਗਿਆ ਹੈ ਅਤੇ ਹੁਣ ਉਹ ਆਪਣੇ ਗਲੇ ਦਾ ਇਲਾਜ ਕਰਾਉਣ ਬਾਅਦ ਹੀ ਅਗਲਾ ਕੰਮ ਆਰੰਭਣਗੇ।

## ਕੇਜਰੀਵਾਲ ਹੋਏ ਢਿੱਲੇ, ਇਲਾਜ ਲਈ ਜਾਣਗੇ ਬੰਗਲੌਰ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 7 ਫਰਵਰੀ ਨੂੰ ਇਲਾਜ ਲਈ ਬੰਗਲੌਰ ਜਾਣਗੇ, ਜਿੱਥੇ ਉਹ ਆਪਣੀ ਵਧੀ ਹੋਈ ਸ਼ੂਗਰ ਦਾ ਇਲਾਜ ਕਰਵਾਉਣਗੇ। ਸ੍ਰੀ ਕੇਜਰੀਵਾਲ ਕੁਦਰਤੀ ਤਰੀਕੇ ਨਾਲ ਆਪਣੀਆਂ ਬਿਮਾਰੀਆਂ ਦਾ ਇਲਾਜ ਕਰਵਾਉਣ ਲਈ ਪਹਿਲਾਂ ਵੀ ਬੰਗਲੌਰ ਜਾ ਚੁੱਕੇ ਹਨ। ਉਨ੍ਹਾਂ ਨੇ ਖੰਘ ਦਾ ਇਲਾਜ ਵੀ ਪਿਛਲੇ ਸਾਲ ਜਨਵਰੀ ਵਿੱਚ ਉੱਥੋਂ ਹੀ ਕਰਵਾਇਆ ਸੀ। ਉਹ ਪੰਜਾਬ ਵਿਧਾਨ ਸਭਾ ਚੋਣਾਂ ਦੇ ਦੌਰ ਨੂੰ ਪੂਰਾ ਕਰ ਕੇ ਦਿੱਲੀ ਪੁੱਜ ਗਏ ਹਨ। ਉਨ੍ਹਾਂ ਨੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਲਈ ਦਿਨ-ਰਾਤ ਕੰਮ ਕੀਤਾ। ਦਿੱਲੀ ਦੇ ਇੱਕ ਅਧਿਕਾਰੀ ਮੁਤਾਬਕ ਹੁਣ ਉਨ੍ਹਾਂ ਦੀ ਸ਼ੂਗਰ ਵਧੀ ਹੋਈ ਹੈ ਤੇ ਇਸ ਨੂੰ ਕਾਬੂ ਵਿੱਚ ਰੱਖਣ ਲਈ ਉਹ ਦਿਨ ਵਿੱਚ ਤਿੰਨ ਵਾਰ ਇਲਾਜ ਕਰਵਾਉਂਦੇ ਹਨ ਤੇ 7 ਫਰਵਰੀ ਨੂੰ ਕੁਦਰਤੀ ਢੰਗ ਨਾਲ ਇਲਾਜ ਕਰਵਾਉਣ ਲਈ ਬੰਗਲੌਰ ਜਾਣਗੇ। ਉਨ੍ਹਾਂ ਨੂੰ ਹਲਕਾ ਬੁਖ਼ਾਰ ਵੀ ਹੈ ਸ੍ਰੀ ਕੇਜਰੀਵਾਲ 12-14 ਦਿਨ ਬੰਗਲੌਰ ਰੁੱਕ ਕੇ ਆਪਣਾ ਇਲਾਜ ਦੇਸੀ ਤਰੀਕੇ ਨਾਲ ਕਰਵਾਉਣਗੇ।

## ਰਿਟਰਨਿੰਗ ਅਫ਼ਸਰ ਸਾਥੀਆਂ ਸਮੇਤ ਸਟਰੌਂਗ ਰੂਮ ਵਿੱਚ ਵੜਿਆ : ਫੂਲਕਾ

**ਲੁਧਿਆਣਾ/ਬਿਊਰੋ ਨਿਊਜ਼ :** ਚੋਣਾਂ ਤੋਂ ਬਾਅਦ ਹਲਕਾ ਗਿੱਲ ਦੇ ਆਰਓ 'ਤੇ ਸੱਤ-ਅੱਠ ਸਾਥੀਆਂ ਸਮੇਤ ਵੋਟਿੰਗ ਮਸ਼ੀਨਾਂ ਵਾਲੇ ਸਟਰੌਂਗ ਰੂਮ ਵਿੱਚ ਵੜਨ ਦੇ ਦੋਸ਼ ਲਗਾਉਂਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਕੀਲ ਐੱਚ.ਐੱਸ. ਫੂਲਕਾ ਨੇ ਲੁਧਿਆਣਾ ਵਿੱਚ ਪੱਤਰਕਾਰ ਮਿਲਣੀ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਉਨ੍ਹਾਂ ਦੇ ਵਾਲੰਟੀਅਰਾਂ ਨੇ ਆਰ.ਓ. ਦਾ ਵਿਰੋਧ ਦਾ ਕੀਤਾ ਤਾਂ ਉਹ ਬਾਹਰ ਆ ਗਏ। ਇਸ ਸਬੰਧੀ ਹਲਕਾ ਗਿੱਲ ਤੋਂ 'ਆਪ' ਉਮੀਦਵਾਰ ਜੀਵਨ ਸਿੰਘ ਸੰਗੋਵਾਲ ਨੇ ਥਾਣਾ ਪੀਏਯੂ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। 'ਆਪ' ਨੇ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਵੀ ਸ਼ਿਕਾਇਤ ਦਰਜ ਕਰਵਾਈ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਪ੍ਰਸ਼ਾਸਨ ਆਰਓ ਨੂੰ ਸਸਪੈਂਡ ਕਰੇ ਤੇ ਉਸ ਨੂੰ ਉੱਥੋਂ ਹਟਾਇਆ ਜਾਵੇ। ਫਿਲਹਾਲ ਪ੍ਰਸ਼ਾਸਨ ਉੱਥੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰ ਰਿਹਾ ਹੈ। ਲੁਧਿਆਣਾ ਵਿੱਚ 'ਆਪ' ਦੇ ਦਫ਼ਤਰ ਵਿੱਚ



ਪੱਤਰਕਾਰ ਮਿਲਣੀ ਮੌਕੇ ਸ੍ਰੀ ਫੂਲਕਾ ਨੇ ਦੱਸਿਆ ਕਿ ਈਵੀਐਮ ਮਸ਼ੀਨਾਂ ਵਾਲੀ ਥਾਂ 'ਤੇ ਸੁਰੱਖਿਆ ਦੀ ਜ਼ਿੰਮੇਵਾਰੀ ਪੰਜਾਬ ਪੁਲੀਸ ਤੇ ਪੈਰਾ-ਮਿਲਟਰੀ ਦੇ ਹੱਥ ਹੈ ਤੇ ਚੋਣ ਕਮਿਸ਼ਨਰ ਦੇ ਨਿਯਮਾਂ ਮੁਤਾਬਕ ਉੱਥੇ 24 ਘੰਟੇ ਪਾਰਟੀ ਵਰਕਰ ਤਾਇਨਾਤ ਰਹਿ ਸਕਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸੋਮਵਾਰ ਨੂੰ ਕਰੀਬ 11 ਵਜੇ ਹਲਕਾ ਗਿੱਲ ਦੇ ਆਰਓ ਆਪਣੇ ਸੱਤ-ਅੱਠ ਸਾਥੀਆਂ ਸਮੇਤ ਈਵੀਐਮ ਮਸ਼ੀਨਾਂ ਵਾਲੀ ਥਾਂ 'ਤੇ ਅੰਦਰ ਚਲੇ ਗਏ ਤੇ ਅਜਿਹਾ ਕਰਨ ਦਾ ਕਾਰਨ ਸਪਸ਼ਟ ਨਹੀਂ ਕੀਤਾ। ਜਦੋਂ ਵਰਕਰਾਂ ਨੇ ਵਿਰੋਧ ਕੀਤਾ ਤਾਂ ਉਹ ਵਾਪਸ ਆ ਗਏ। ਵਾਲੰਟੀਅਰਾਂ ਨੇ ਤੁਰੰਤ ਇਸ ਦੀ ਸੂਚਨਾ ਉਮੀਦਵਾਰ ਨੂੰ ਦਿੱਤੀ। ਮੌਕੇ 'ਤੇ ਪਹੁੰਚੇ 'ਆਪ' ਆਗੂਆਂ ਨੇ ਇਸ ਨੂੰ ਸੁਰੱਖਿਆ ਵਿੱਚ ਲਾਪਰਵਾਹੀ ਦੱਸਿਆ ਹੈ। ਸ੍ਰੀ ਫੂਲਕਾ ਨੇ ਚਿਤਾਵਨੀ ਦਿੱਤੀ ਕਿ ਜੇਕਰ ਅਜਿਹੀਆਂ ਹਰਕਤਾਂ ਬੰਦ ਨਾ ਹੋਈਆਂ ਤਾਂ ਉਹ ਬਾਦਲ ਸਰਕਾਰ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਸ਼ਿਕਾਇਤ ਦਰਜ ਕਰਵਾਉਣਗੇ।

# ਮੌੜ ਮੰਡੀ ਬੰਬ ਕਾਂਡ : ਧਮਾਕਾਖੇਜ਼ ਸਮੱਗਰੀ 'ਚ ਆਰਡੀਐਕਸ ਦੀ ਵਰਤੋਂ ਨਹੀਂ ਹੋਈ

**ਚੰਡੀਗੜ੍ਹ/ਬਿਊਰੋ ਨਿਊਜ਼ :**
ਮੌੜ ਮੰਡੀ ਵਿੱਚ 31 ਜਨਵਰੀ ਦੀ ਸ਼ਾਮ ਨੂੰ ਰੈਲੀ ਬਾਹਰ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾ ਕੀਤੇ ਗਏ ਦੋ ਧਮਾਕਿਆਂ ਵਿੱਚ ਆਰਡੀਐਕਸ ਦੀ ਵਰਤੋਂ ਨਹੀਂ ਕੀਤੀ ਗਈ ਸੀ, ਜਿਸ ਦਾ ਡਰ ਸੀ, ਪਰ ਅਮੋਨੀਅਮ ਨਾਈਟਰੇਟ ਵਰਤੀ ਗਈ ਸੀ, ਜੋ ਸੌਖੀ ਮਿਲ ਜਾਂਦੀ ਹੈ। ਦੱਸਣਯੋਗ ਹੈ ਕਿ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਦਾ ਜੱਸੀ ਰਿਸ਼ਤੇਦਾਰ ਹੈ। ਯੂਰੀਆ ਖਾਦ ਵਿਚ ਅਮੋਨੀਆ ਨਾਈਟਰੇਟ ਅਹਿਮ ਤੱਤ ਹੁੰਦਾ ਹੈ ਅਤੇ ਖਾਣਾਂ ਲਈ ਧਮਾਕੇ ਕਰਨ ਵਾਸਤੇ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਧਮਾਕੇ ਵਿੱਚ ਆਰਡੀਐਕਸ ਦੀ ਵਰਤੋਂ ਨਾ ਕੀਤੇ ਜਾਣ ਦਾ ਅਰਥ ਹੈ ਕਿ ਬੰਬ ਸਥਾਨਕ ਪੱਧਰ 'ਤੇ ਬਣਾਏ ਹੋ ਸਕਦੇ ਹਨ, ਜੋ ਇਸ਼ਾਰਾ ਕਰਦਾ ਹੈ ਕਿ ਇਸ ਧਮਾਕੇ ਪਿੱਛੇ ਕੁੱਝ ਸਥਾਨਕ ਵਿਅਕਤੀਆਂ ਜਾਂ ਕਿਸੇ ਜਥੇਬੰਦੀ ਦਾ ਹੱਥ ਹੋ ਸਕਦਾ ਹੈ। ਪੁਲੀਸ ਨੇ ਇਕ ਪ੍ਰੈੱਸ਼ਰ ਕੁੱਕਰ ਬਰਾਮਦ ਕੀਤਾ ਹੈ, ਜਿਸ ਨੂੰ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਤਿਆਰ ਕਰਨ ਲਈ ਵਰਤਿਆ ਗਿਆ ਸੀ। ਬੰਬ ਧਮਾਕੇ ਵਾਲੇ ਸਥਾਨ ਦੀ ਫੋਰੈਂਸਿਕ ਪੜਤਾਲ ਤੋਂ ਖੁਲਾਸਾ ਹੋਇਆ ਹੈ ਕਿ ਧਮਾਕਿਆਂ ਲਈ ਆਰਡੀਐਕਸ ਨਹੀਂ ਵਰਤਿਆ ਗਿਆ ਸੀ। ਪੁਲੀਸ ਸੂਤਰਾਂ ਮੁਤਾਬਕ ਅਤਿਵਾਦੀਆਂ ਵੱਲੋਂ ਆਰਡੀਐਕਸ ਦੀ ਧਮਾਕਾਖੇਜ਼ ਸਮੱਗਰੀ ਵਜੋਂ ਵਰਤੋਂ ਆਮ ਕੀਤੀ ਜਾਂਦੀ ਹੈ। ਧਮਾਕਿਆਂ ਵਿੱਚ ਵਿਦੇਸ਼ੀ ਅਤਿਵਾਦੀ ਜਥੇਬੰਦੀਆਂ ਜਾਂ ਹਮਦਰਦਾਂ ਦੀ ਸ਼ਮੂਲੀਅਤ ਬਾਰੇ ਪੜਤਾਲ ਕੀਤੀ ਜਾ ਰਹੀ ਹੈ। ਪੁਲੀਸ ਦਾ ਮੰਨਣਾ ਹੈ ਕਿ ਧਮਾਕੇ ਰਿਮੋਟ ਕੰਟਰੋਲ ਨਾਲ ਕੀਤੇ ਗਏ ਸਨ ਅਤੇ ਹਮਲਾਵਰ ਕਿਤੇ 50 ਮੀਟਰ ਦੇ ਘੇਰੇ ਵਿੱਚ ਹੀ ਸਨ।

ਪੁਲੀਸ ਨੂੰ ਸ਼ੱਕ ਹੈ ਕਿ ਹਮਲਾਵਰ ਜ਼ਿਆਦਾ ਤਜਰਬੇਕਾਰ ਨਹੀਂ ਸਨ ਕਿਉਂਕਿ ਉਹ ਅਸਲ ਨਿਸ਼ਾਨੇ (ਕਾਂਗਰਸੀ ਉਮੀਦਵਾਰ) ਤੋਂ ਖੁੰਝ ਗਏ ਅਤੇ ਉਨ੍ਹਾਂ ਵੱਲੋਂ ਛੋਟੀ ਕਾਰ ਵਿੱਚ ਤਿੰਨ ਬੰਬ ਰੱਖੇ ਸਨ, ਜਿਨ੍ਹਾਂ ਵਿੱਚੋਂ ਤੀਜਾ ਫਟਿਆ ਹੀ ਨਹੀਂ। ਜਾਂਚ ਦੀ ਦੂਜੀ ਥਿਊਰੀ ਇਹ ਕਹਿੰਦੀ ਹੈ ਕਿ ਇਨ੍ਹਾਂ ਧਮਾਕਿਆਂ ਦਾ ਮਕਸਦ ਉਮੀਦਵਾਰ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਬਲਕਿ ਮਹਿਜ਼ ਡਰਾਉਣਾ ਸੀ।



ਜ਼ਿਕਰਯੋਗ ਹੈ ਕਿ ਇਸ ਬੰਬ ਧਮਾਕੇ ਵਿਚ 6 ਮੌਤਾਂ ਹੋ ਗਈਆਂ ਸਨ, ਜਦੋਂਕਿ ਡੇਢ ਦਰਜਨ ਦੇ ਕਰੀਬ ਵਿਅਕਤੀ, ਜਿਸ ਵਿਚ ਬੱਚੇ ਵੀ ਸ਼ਾਮਲ ਸਨ, ਗੰਭੀਰ ਜ਼ਖ਼ਮੀ ਹੋ ਗਏ ਸਨ। ਜਾਣਕਾਰੀ ਅਨੁਸਾਰ ਅੱਧੀ ਦਰਜਨ ਤੋਂ ਵੱਧ ਜ਼ਖ਼ਮੀਆਂ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਜਾ ਰਹੀ ਹੈ। ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਤੋਂ ਜਦੋਂ ਪੁੱਛਿਆ ਗਿਆ ਕਿ ਇਸ ਧਮਾਕੇ ਵਿਚ ਕਿਸੇ ਅੱਤਵਾਦੀ ਸੰਗਠਨ ਦਾ ਹੱਥ ਹੈ ਤਾਂ ਉਨ੍ਹਾਂ ਕਿਹਾ ਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਇਸ ਬਾਰੇ ਸਹੀ ਤਰੀਕੇ ਨਾਲ ਫੋਰੈਂਸਿਕ ਰਿਪੋਰਟ ਤੋਂ ਬਾਅਦ ਹੀ ਕਿਹਾ ਜਾ ਸਕਦਾ ਹੈ। ਇਸ ਤੋਂ ਬਾਅਦ ਡੀ.ਜੀ.ਪੀ. ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਪੁਲੀਸ ਆਪਣੀ ਜਾਂਚ ਵਿਚ ਲੱਗੀ ਹੋਈ ਹੈ ਅਤੇ ਬਹੁਤ ਜਲਦੀ ਇਸ ਧਮਾਕੇ ਲਈ ਜ਼ਿੰਮੇਵਾਰ ਲੋਕਾਂ ਦਾ ਪਤਾ ਲਗਾ ਲਿਆ ਜਾਵੇਗਾ। ਅਰੋੜਾ ਨੇ ਕਿਹਾ ਕਿ ਇਹ ਬੰਬ ਕਾਂਡ ਗਿਣੀ ਮਿਥੀ ਯੋਜਨਾ ਨਾਲ ਕੀਤਾ ਗਿਆ ਹੈ ਤੇ ਇਸ ਪਿੱਛੇ ਦਹਿਸ਼ਤਗਰਦਾਂ ਦਾ ਹੱਥ ਸੰਭਵ ਹੈ। ਉਨ੍ਹਾਂ ਕਿਹਾ ਕਿ ਮੌਕੇ ਦੀ ਸਥਿਤੀ ਤੋਂ ਸਪਸ਼ਟ ਹੈ ਕਿ ਕਾਂਗਰਸ ਦੇ ਆਗੂ ਹਰਿਮੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਇਸ ਬੰਬ ਕਾਂਡ ਦੀ ਜਾਂਚ ਲਈ ਕੇਂਦਰੀ ਵਿਸ਼ੇਸ਼ ਜਾਂਚ ਏਜੰਸੀ ਦਾ ਸਹਿਯੋਗ ਵੀ ਲਵੇਗੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਇਸ ਧਮਾਕੇ ਵਿਚ ਮਰਨ ਵਾਲਿਆਂ ਦੀ ਸ਼ਨਾਖ਼ਤ ਹਰਪਾਲ ਸਿੰਘ ਪਾਲੀ ਜੋ ਕਿ ਮੌੜ ਮੰਡੀ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦਾ ਨਜ਼ਦੀਕੀ ਸਾਥੀ ਤੇ ਉਸ ਦੇ ਮੌੜ ਚੋਣ ਦਫ਼ਤਰ ਦਾ ਇੰਚਾਰਜ ਸੀ। ਪਾਲੀ ਬਠਿੰਡਾ ਦੇ ਇਕ ਵਕੀਲ ਦੇ ਮੁਨਸ਼ੀ ਵਜੋਂ ਕੰਮ ਕਰਦਾ ਸੀ ਤੇ ਪਿੰਡ ਜੱਸੀ ਬਾਗ ਵਾਲੀ ਜ਼ਿਲ੍ਹਾ ਬਠਿੰਡਾ ਦਾ ਵਸਨੀਕ ਸੀ। ਮੌੜ ਮੰਡੀ ਵਿਚ ਰੱਦੀ ਚੁਗ ਕੇ ਗੁਜ਼ਾਰਾ ਕਰਨ ਵਾਲਾ ਅਸ਼ੋਕ ਕੁਮਾਰ ਤੇ ਉਸ ਦੀ ਪੁੱਤਰੀ ਬਰਖ਼ਾ ਜੋ ਆਰਥਿਕ ਮਦਦ ਲੈਣ ਲਈ ਸ. ਜੱਸੀ ਨੂੰ ਮਿਲਣ ਲਈ ਉਸ ਦੀ ਚੋਣ ਰੈਲੀ ਵਿਚ ਪਹੁੰਚੇ ਸਨ, ਦੀ ਵੀ ਬੰਬ ਧਮਾਕੇ ਵਿਚ ਮੌਤ ਹੋ ਗਈ ਸੀ। ਜਪਸਿਮਰਨ ਸਿੰਘ (14), ਸੌਰਵ (13) ਤੇ ਰਿਪਨਦੀਪ (15) ਦੀ ਵੱਖੋ-ਵੱਖ ਹਸਪਤਾਲਾਂ ਵਿਚ ਮੌਤ ਹੋ ਗਈ। ਮ੍ਰਿਤਕਾਂ ਦਾ ਮੌੜ ਮੰਡੀ ਸਮਸ਼ਾਨਘਾਟ ਵਿਚ ਪੋਸਟ ਮਾਰਟਮ ਦੇ ਬਾਅਦ ਅੰਤਿਮ ਸੰਸਕਾਰ ਕੀਤਾ ਗਿਆ। ਇਸ ਦੌਰਾਨ ਹੀ ਬਠਿੰਡਾ ਜ਼ਿਲ੍ਹੇ ਦੇ ਸੀਨੀਅਰ ਕਪਤਾਨ ਪੁਲੀਸ ਸਵੱਪਨ ਸ਼ਰਮਾ ਨੇ ਦੱਸਿਆ ਕਿ ਬੰਬ ਕਾਂਡ ਲਈ ਵਰਤੀ ਗਈ ਮਾਰੂਤੀ ਕਾਰ ਦੇ ਇੰਜਣ ਤੇ ਚੈਸੀ ਨੰਬਰ ਤੋਂ ਇਸ ਦੇ ਮਾਲਕ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਥਾਣਾ ਮੌੜ ਮੰਡੀ ਦੀ ਪੁਲੀਸ ਨੇ ਇਸ ਘਟਨਾ ਦੇ ਸਬੰਧ ਵਿਚ ਮੁਕੱਦਮਾ ਦਰਜ ਕੀਤਾ ਹੈ ਤੇ ਕੁਝ ਸ਼ੱਕੀਆਂ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰ 'ਤੇ ਪੀ.ਬੀ. 05 ਸੀ. 8973 ਨੰਬਰ ਦੀ ਫ਼ਰਜ਼ੀ ਪਲੇਟ ਲੱਗੀ ਹੋਈ ਸੀ। ਇਹ ਨੰਬਰ ਕਿਸੇ ਸਕੂਟਰ ਦਾ ਹੈ।

### ਸੁਖਬੀਰ ਬਾਦਲ ਨੇ ਕਿਹਾ- ਬੰਬ ਕਾਂਡ ਲਈ 'ਆਪ' ਜ਼ਿੰਮੇਵਾਰ

ਲੰਬੀ : ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਮੌੜ ਮੰਡੀ ਬੰਬ ਕਾਂਡ ਲਈ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੀ ਗਰਮ ਖ਼ਿਆਲੀਆਂ ਨਾਲ ਨੇੜਤਾ ਨੂੰ ਜ਼ਿੰਮੇਵਾਰ ਦੱਸਿਆ ਹੈ। ਸੁਖਬੀਰ ਦਾ ਕਹਿਣਾ ਹੈ ਕਿ ਕੇਜਰੀਵਾਲ ਵੋਟਾਂ ਖ਼ਾਤਰ ਗਰਮ ਖ਼ਿਆਲੀਆਂ ਨੂੰ ਖੁੱਲ੍ਹਾਂ ਦੇ ਕੇ ਪੰਜਾਬ ਦਾ ਮਾਹੌਲ ਵਿਗਾੜਨਾ ਚਾਹੁੰਦੇ ਹਨ। ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਦੀ ਆਮਦ ਨਾਲ ਪੰਜਾਬ ਵਿਚ ਮਾਹੌਲ ਖ਼ਰਾਬ ਹੋਣ ਦੇ ਆਸਾਰ ਵੱਧ ਗਏ ਹਨ। ਪੰਜਾਬ ਵਿਚ ਵਾਪਰ ਰਹੀਆਂ ਮਾੜੀਆਂ ਘਟਨਾਵਾਂ ਦੀਆਂ ਕੜੀਆਂ ਅਰਵਿੰਦ ਕੇਜਰੀਵਾਲ ਨਾਲ ਜੁੜ ਰਹੀਆਂ ਹਨ। ਬਰਗਾੜੀ ਕਾਂਡ ਵਿਚ 'ਨਾਮਜ਼ਦ' ਨੌਜਵਾਨ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦਾ 'ਆਪ' ਵਿੱਚ ਸ਼ਾਮਲ ਹੋਣਾ ਅਤੇ ਕੇਜਰੀਵਾਲ ਦਾ 'ਖ਼ਾਲਿਸਤਾਨੀ ਅਤਿਵਾਦੀ' ਦੇ ਘਰ ਰੁਕਣਾ, ਉਨ੍ਹਾਂ ਦੀ ਮਨਸ਼ਾ ਨੂੰ ਉਜਾਗਰ ਕਰਦਾ ਹੈ। ਸੁਖਬੀਰ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਤੋਂ ਜ਼ਾਹਰ ਹੁੰਦਾ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦੇ ਹਿੱਤਾਂ ਅਤੇ ਅਮਨ-ਸ਼ਾਂਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸ੍ਰੀ ਬਾਦਲ ਨੇ 'ਆਪ' ਨੂੰ ਖ਼ਾਲਿਸਤਾਨ ਪੱਖੀ ਕਰਾਰ ਦਿੰਦਿਆਂ ਕਿਹਾ ਕਿ ਲੰਬੀ ਹਲਕੇ ਤੋਂ 'ਆਪ' ਉਮੀਦਵਾਰ ਜਰਨੈਲ ਸਿੰਘ ਨੇ ਲੰਡਨ ਵਿੱਚ ਖ਼ਾਲਿਸਤਾਨੀ ਸਮਰਥਕਾਂ ਨਾਲ ਸਟੇਜ ਸਾਂਝੀ ਕੀਤੀ ਸੀ ਤੇ ਅਜਿਹਾ ਹੀ ਕੁਝ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਇੱਕ ਗੁਰਦੁਆਰੇ ਵਿੱਚ ਕੀਤਾ ਸੀ।

ਉਨ੍ਹਾਂ ਕਿਹਾ ਕਿ ਫੇਸਬੁੱਕ 'ਤੇ ਸਰਬਤ ਖ਼ਾਲਸਾ 2015 ਦੇ ਪੇਜ ਦਾ ਨਾਂ ਬਦਲ ਕੇ ਆਮ ਆਦਮੀ ਪਾਰਟੀ, ਕੈਨੇਡਾ 2015 ਕਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਜਰੀਵਾਲ ਨੇ ਗਰਮ ਖ਼ਿਆਲੀਆਂ ਤੋਂ ਸਮਰਥਨ ਲੈਣ ਬਦਲੇ 'ਆਪ' ਸਰਕਾਰ ਬਣਨ 'ਤੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰਵਾਉਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ 10 ਸਾਲ ਸੂਬੇ ਦਾ ਮਾਹੌਲ ਵਿਗੜਨ ਨਹੀਂ ਦਿੱਤਾ ਅਤੇ ਨਾ ਹੀ ਗਰਮ ਖ਼ਿਆਲੀਆਂ ਨੂੰ ਸਿਰ ਚੁੱਕਣ ਦਿੱਤਾ। ਅਮਨ-ਕਾਨੂੰਨ ਕਾਇਮ ਰੱਖਣ ਲਈ ਸਰਬਤ ਖ਼ਾਲਸਾ ਨਹੀਂ ਹੋਣ ਦਿੱਤਾ ਗਿਆ। ਉਨ੍ਹਾਂ ਨੇ ਕੇਜਰੀਵਾਲ 'ਤੇ ਕਾਂਗਰਸ ਦੀ 'ਵੰਡੋ ਅਤੇ ਰਾਜ ਕਰੋ' ਵਾਲੀ ਨੀਤੀ ਅਪਣਾਉਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਜੇ ਉਹ ਗਰਮ ਖਿਆਲੀਆਂ ਦੀਆਂ ਵੋਟਾਂ ਅਤੇ ਹਮਾਇਤ ਲੈਣਾ ਚਾਹੁੰਦੇ ਹਨ ਤਾਂ ਖੁੱਲ੍ਹੇਆਮ ਕਹਿਣ। ਉਪ ਮੁੱਖ ਮੰਤਰੀ ਨੇ ਮੌੜ ਮੰਡੀ ਬੰਬ ਕਾਂਡ ਬਾਰੇ ਖੁਲਾਸਾ ਕਰਦਿਆਂ ਕਿਹਾ ਕਿ ਕਾਰ ਵਿੱਚ ਦੋ ਬੰਬ ਸਨ, ਜਿਨ੍ਹਾਂ ਵਿੱਚੋਂ ਇੱਕ ਨਹੀਂ ਫਟਿਆ। ਮੁੱਢਲੀ ਪੜਤਾਲ ਵਿਚ ਆਰ.ਡੀ.ਐਕਸ ਹੋਣ ਦੀ ਪੁਸ਼ਟੀ ਹੋਈ ਹੈ। ਸੁਖਬੀਰ ਬਾਦਲ ਨੇ ਜਨਤਾ ਨੂੰ ਅਪੀਲ ਕੀਤੀ ਕਿ ਗੁਰਦੁਆਰਿਆਂ ਤੇ ਹੋਰ ਧਾਰਮਿਕ ਸਥਾਨਾਂ ਦੀ ਰਖਵਾਲੀ ਕੀਤੀ ਜਾਵੇ ਕਿਉਂਕਿ ਸ਼ਰਾਰਤੀ ਅਨਸਰ ਹਾਲਾਤ ਵਿਗਾੜਨ ਵਾਲੀ ਕਿਸੇ ਵੀ ਘਟਨਾ ਨੂੰ ਅੰਜਾਮ ਦੇ ਸਕਦੇ ਹਨ। ਪੁਲੀਸ ਮੁਖੀ ਨੂੰ ਸੂਬੇ ਵਿਚ ਸੁਰੱਖਿਆ ਪ੍ਰਬੰਧਾਂ ਨੂੰ ਪੁਖ਼ਤਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜਦੋਂ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਵੱਲੋਂ ਟਵਿਟਰ 'ਤੇ ਸੁਖਬੀਰ ਸਿੰਘ ਬਾਦਲ ਨੂੰ 'ਅਪਰਾਧੀ' ਕਰਾਰ ਦੇਣ ਬਾਰੇ ਪੁੱਛਿਆ ਤਾਂ ਸੁਖਬੀਰ ਨੇ ਕਿਹਾ ਕਿ ਕੇਜਰੀਵਾਲ ਝੂਠ ਬੋਲ ਰਿਹਾ ਹੈ ਤੇ ਉਹ ਉਸ ਦੀ ਕਿਸੇ ਗੱਲ ਬਾਰੇ ਜਵਾਬ ਨਹੀਂ ਦੇਣਾ ਚਾਹੁੰਦੇ।

**ਜਰਨੈਲ ਸਿੰਘ ਬੋਲੇ-ਸੁਖਬੀਰ ਮੇਰੀ ਤਕਰੀਰ ਪੀਟੀਸੀ 'ਤੇ ਵਿਖਾਵੇ :**
'ਆਪ' ਉਮੀਦਵਾਰ ਜਰਨੈਲ ਸਿੰਘ ਨੇ ਸੁਖਬੀਰ ਵੱਲੋਂ ਉਨ੍ਹਾਂ ਦੀ ਖ਼ਾਲਿਸਤਾਨੀਆਂ ਨਾਲ ਸਾਂਝ ਦੇ ਲਾਏ ਦੋਸ਼ਾਂ ਦਾ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਉਹ ਲੰਡਨ ਵਿੱਚ 1984 ਦੇ ਸਿੱਖ ਕਤਲੇਆਮ ਦੀ ਯਾਦ ਵਿੱਚ ਰੱਖੇ ਸਮਾਗਮ ਵਿਚ ਹਿੱਸਾ ਲੈਣ ਗਏ ਸਨ। ਜੇ ਸੁਖਬੀਰ ਨੂੰ ਉਨ੍ਹਾਂ ਦੀ ਤਕਰੀਰ 'ਤੇ ਇਤਰਾਜ਼ ਹੈ ਤਾਂ ਉਨ੍ਹਾਂ ਦੀ ਵੀਡੀਓ ਯੂ ਟਿਊਬ ਤੋਂ ਲੈ ਕੇ ਆਪਣੇ ਟੀ.ਵੀ ਚੈਨਲ ਪੀਟੀਸੀ 'ਤੇ ਚਲਾਉਣ। ਜਰਨੈਲ ਸਿੰਘ ਨੇ ਦੋਸ਼ ਲਗਾਇਆ ਕਿ ਸੱਤਾ ਜਾਂਦੀ ਵੇਖ ਮੌੜ ਬੰਬ ਕਾਂਡ ਕਥਿਤ ਤੌਰ 'ਤੇ ਬਾਦਲਾਂ ਨੇ ਕਰਵਾਇਆ ਹੈ। ਸਰਕਾਰ ਬਣਨ 'ਤੇ ਪੜਤਾਲ ਕਰ ਕੇ ਬਾਦਲਾਂ ਨੂੰ ਜੇਲ੍ਹ ਭੇਜਿਆ ਜਾਵੇਗਾ।

### ਪ੍ਰਕਾਸ਼ ਸਿੰਘ ਬਾਦਲ ਬੋਲੇ-ਸ਼ਰਾਰਤੀ ਅਨਸਰਾਂ ਨੂੰ ਬਖ਼ਸ਼ਾਂਗੇ ਨਹੀਂ :

ਚੰਡੀਗੜ੍ਹ : ਬਠਿੰਡਾ ਵਿਚ ਮੌੜ ਵਿਖੇ ਹੋਏ ਧਮਾਕਿਆਂ ਦੀ ਸਖ਼ਤ ਨਿਖੇਧੀ ਕਰਦਿਆਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਬਹੁਤ ਔਖੀ ਹਾਸਲ ਕੀਤੀ ਅਮਨ-ਸ਼ਾਂਤੀ ਤੇ ਫ਼ਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਹਰਗਿਜ਼ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਲੋਕਾਂ ਨੂੰ ਸਮਾਜ ਵਿਰੋਧੀ ਅਨਸਰਾਂ ਤੋਂ ਸੁਚੇਤ ਕੀਤਾ ਜੋ ਸੂਬੇ ਵਿਚ ਸ਼ਾਂਤੀ ਤੇ ਫ਼ਿਰਕੂ ਸਦਭਾਵਨਾ ਵਾਲੇ ਸੁਖਾਵੇਂ ਮਾਹੌਲ ਨੂੰ ਢਾਹ ਲਾਉਣ ਲਈ ਪੱਬਾਂ ਭਾਰ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਇਨ੍ਹਾਂ ਪੰਜਾਬ ਵਿਰੋਧੀ ਤਾਕਤਾਂ ਨੂੰ ਕਦੇ ਵੀ ਆਪਣੇ ਨਾਪਾਕ ਇਰਾਦਿਆਂ ਵਿਚ ਸਫਲ ਨਹੀਂ ਹੋਣ ਦੇਣਗੇ। ਬਾਦਲ ਨੇ ਸਪਸ਼ਟ ਸ਼ਬਦਾਂ ਵਿਚ ਆਖਿਆ ਕਿ ਇਸ ਘਿਨਾਉਣੇ ਜ਼ੁਰਮ ਵਿਚ ਸ਼ਾਮਲ ਸਾਰੇ ਦੋਸ਼ੀਆਂ ਨਾਲ ਕਾਨੂੰਨ ਮੁਤਾਬਕ ਸਖ਼ਤੀ ਨਾਲ ਨਿਪਟਿਆ ਜਾਵੇਗਾ।



# ਹੁਣ ਭਗਵੰਤ ਮਾਨ ਤੇ ਹਰਜੋਤ ਬੈਂਸ ਦਾ ਪੈਸੇ ਲੈਂਦੇ ਹੋਏ ਆਡੀਓ ਸਟਿੰਗ

### ਛੋਟੇਪੁਰ ਦਾ ਸਟਿੰਗ ਕਰਨ ਵਾਲੇ ਗੁਰਲਾਭ ਨੇ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ

**ਚੰਡੀਗੜ੍ਹ/ਬਿਊਰੋ ਨਿਊਜ਼ :**'ਆਪ' ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦਾ ਸਟਿੰਗ ਕਰਨ ਵਾਲੇ ਗੁਰਲਾਭ ਸਿੰਘ ਨੇ ਹੁਣ ਭਗਵੰਤ ਮਾਨ ਤੇ ਹਰਜੋਤ ਬੈਂਸ 'ਤੇ ਪੈਸੇ ਲੈਣ ਦੇ ਦੋਸ਼ ਲਾਉਂਦੇ ਹੋਏ ਆਡੀਓ ਸਟਿੰਗ ਜਾਰੀ ਕੀਤਾ ਹੈ। ਗੁਰਲਾਭ ਨੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਵੀ ਕੀਤੀ ਹੈ। ਵੀਰਵਾਰ ਨੂੰ ਸਬੂਤ ਵਜੋਂ ਆਡੀਓ ਜਾਰੀ ਕਰਦਿਆਂ ਗੁਰਲਾਭ ਨੇ ਕਿਹਾ ਕਿ ਭਗਵੰਤ ਨੇ 30 ਜਨਵਰੀ ਨੂੰ ਉਨ੍ਹਾਂ ਤੋਂ ਇਕ ਲੱਖ ਰੁਪਏ ਅਤੇ ਹਰਜੋਤ ਬੈਂਸ ਨੇ 24 ਜਨਵਰੀ ਨੂੰ ਡੇਢ ਲੱਖ ਰੁਪਏ ਲਏ।





**ਭਗਵੰਤ ਮਾਨ ਨੇ ਗੱਡੀ ਵਿਚ ਲਏ ਪੈਸੇ**
ਗੁਰਲਾਭ ਨੇ ਦੱਸਿਆ ਕਿ 30 ਜਨਵਰੀ ਨੂੰ ਭਗਵੰਤ ਮਾਨ ਜਲਾਲਾਬਾਦ ਵਿਚ ਰੋਡ ਸ਼ੋਅ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਮਿਲਣ ਗਿਆ। ਭਗਵੰਤ ਨੇ ਕਿਹਾ ਕਿ ਗੱਡੀ ਵਿਚ ਬੈਠ ਕੇ ਮਿਲਾਂਗੇ। ਫਿਰ ਗੱਡੀ ਵਿਚ ਮੈਂ ਮਾਨ ਨੂੰ ਇਕ ਲੱਖ ਰੁਪਏ ਦਿੱਤੇ। ਗੁਰਲਾਭ ਨੇ ਇਸ ਦੌਰਾਨ ਹੋਈ ਗੱਲਬਾਤ ਦੀ ਰਿਕਾਰਡਿੰਗ ਕਰ ਲਈ। ਦੋ ਹੋਰ ਲੋਕਾਂ ਨੇ ਵੀ ਭਗਵੰਤ ਮਾਨ ਨੂੰ ਗੱਡੀ ਵਿਚ ਬੈਠ ਕੇ ਪੈਸੇ ਦਿੱਤੇ।

**ਹਰਜੋਤ ਬੈਂਸ ਨੇ ਪੁਛਿਆ ਕਿ ਨੋਟ ਕਿਹੜੇ ਹੋਣਗੇ**
ਗੁਰਲਾਭ ਨੇ ਦੱਸਿਆ ਕਿ 24 ਜਨਵਰੀ ਨੂੰ ਉਨ੍ਹਾਂ ਨੇ ਸਾਹਨੇਵਾਲ ਤੋਂ 'ਆਪ' ਉਮੀਦਵਾਰ ਹਰਜੋਤ ਬੈਂਸ ਨੂੰ ਵੀ ਡੇਢ ਲੱਖ ਰੁਪਏ ਦਿੱਤੇ। ਇਸ ਤੋਂ ਪਹਿਲਾਂ ਉਨ੍ਹਾਂ ਦੀ ਉਨ੍ਹਾਂ ਨਾਲ ਫੋਨ 'ਤੇ ਗੱਲ ਹੋਈ, ਜਿਸ ਵਿਚ ਬੈਂਸ ਨੇ ਪੁਛਿਆ ਕਿ ਨੋਟ ਕਿਹੜੇ ਕਿਹੜੇ ਹੋਣਗੇ। ਹਾਲਾਂਕਿ ਬੈਂਸ ਨੇ ਇਨ੍ਹਾਂ ਦੋਸ਼ਾਂ ਨੂੰ ਗ਼ਲਤ ਦੱਸਿਆ ਹੈ।

# ਪੰਜਾਬ ਚੋਣਾਂ ਦੌਰਾਨ 80 ਕਰੋੜ ਰੁਪਏ ਦਾ ਸਾਮਾਨ ਜ਼ਬਤ, 9 ਕਰੋੜ ਦੀ ਸ਼ਰਾਬ, 18 ਕਰੋੜ ਦੇ ਡਰੱਗਜ਼ ਬਰਾਮਦ

**ਚੰਡੀਗੜ੍ਹ/ਬਿਊਰੋ ਨਿਊਜ਼ :**
ਚੋਣ ਕਮਿਸ਼ਨ ਦੀ ਸਖਤੀ ਕਾਰਨ ਇਸ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਭਾਰੀ ਮਾਤਰਾ 'ਚ ਡਰੱਗਜ਼, ਸ਼ਰਾਬ ਅਤੇ ਕੈਸ਼ ਬਰਾਮਦ ਕੀਤਾ ਗਿਆ ਹੈ। ਕਮਿਸ਼ਨ ਦੀ ਸਰਵੇਲਾਂਸ ਟੀਮਾਂ ਨੇ ਪੂਰੇ ਪੰਜਾਬ ਤੋਂ ਲਗਭਗ 80 ਕਰੋੜ ਰੁਪਏ ਦੀ ਕੀਮਤ ਦਾ ਸਾਮਾਨ ਬਰਾਮਦ ਕੀਤਾ ਹੈ। ਚੋਣ ਸਮੇਂ 54.10 ਕਰੋੜ ਰੁਪਏ ਨਗਦ ਬਰਾਮਦ ਹੋਏ। ਜਦਕਿ ਪੰਜਾਬ 'ਚ ਲਗਾਏ ਗਏ ਨਾਕਿਆਂ 'ਤੇ 8.58 ਕਰੋੜ ਦੀ ਸ਼ਰਾਬ, 17.52 ਕਰੋੜ ਦੀ ਡਰੱਗਜ਼ ਅਤੇ 16 ਕਰੋੜ ਦਾ ਸੋਨਾ ਫੜਿਆ ਗਿਆ।

ਉਥੇ ਹੀ ਹੁਸ਼ਿਆਰਪੁਰ ਤੋਂ 48 ਲੱਖ ਦੀ ਫਾਰਮਾਸਿਊਟਿਕਲ ਡਰੱਗਜ਼ ਵੀ ਰਿਕਵਰ ਕੀਤੀ ਗਈ। ਫੜੇ ਗਏ ਨਸ਼ੀਲੇ ਪਦਾਰਥਾਂ 'ਚ 5.95 ਲੱਖ ਲੀਟਰ ਸ਼ਰਾਬ, 2.06 ਲੱਖ ਲੀਟਰ ਨਾਜਾਇਜ਼ ਸ਼ਰਾਬ, 29,979 ਕਿਲੋਗ੍ਰਾਮ ਭੁੱਕੀ, 394 ਕਿਲੋਗ੍ਰਾਮ ਅਫੀਮ, 136 ਕਿਲੋਗ੍ਰਾਮ ਹੈਰੋਇਨ, 1.1 ਕਿਲੋਗ੍ਰਾਮ ਕੋਕੇਨ, 178 ਕਿਲੋਗ੍ਰਾਮ ਡਰੱਗ ਪਾਊਡਰ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 163 ਕਿਲੋਗ੍ਰਾਮ ਸੋਨਾ ਵੀ ਬਰਾਮਦ ਕੀਤਾ ਗਿਆ ਹੈ।

ਫਿਰੋਜ਼ਪੁਰ ਜ਼ਿਲ੍ਹੇ ਦੇ ਗੁਰਹਰਸਹਾਏ ਵਿਧਾਨ ਸਭਾ ਹਲਕੇ 'ਚ ਇਕ ਗੱਡੀ 'ਚੋਂ 18.48 ਲੱਖ ਰੁਪਏ ਦੇ ਨਵੇਂ ਨੋਟ ਬਰਾਮਦ ਕੀਤੇ ਗਏ। ਕੈਸ਼ ਗੱਡੀ ਦੇ ਡੈਸ਼ਬੋਰਡ 'ਚ ਛੁਪਾਇਆ ਗਿਆ ਸੀ। ਪੁਲੀਸ ਨੇ ਐਸ.ਯੂ.ਵੀ. ਦੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ। ਨਾਕਿਆਂ 'ਤੇ ਤਲਾਸ਼ੀ ਸਮੇਂ 416 ਨਾਜਾਇਜ਼ ਹਥਿਆਰ ਵੀ ਬਰਾਮਦ ਕੀਤੇ ਗਏ।

ਇਸ ਬਾਰੇ ਐਕਸਾਈਜ ਐਕਟ ਤਹਿਤ ਰਿਕਾਰਡ 1412 ਕੇਸ ਦਰਜ ਕੀਤੇ ਗਏ। 155 ਕੇਸਾਂ ਨੂੰ ਜਾਂਚ ਲਈ ਆਮਦਨ ਟੈਕਸ ਵਿਭਾਗ ਨੂੰ ਸੌਂਪ ਦਿਤਾ ਗਿਆ। ਏ.ਡੀ.ਜੀ.ਪੀ. ਵੀ.ਕੇ. ਭਾਵਰਾ ਨੇ ਕਿਹਾ ਕਿ ਚੋਣ ਤੋਂ ਕਾਫੀ ਪਹਿਲਾਂ ਹੀ ਪੁਲਿਸ ਨੇ ਚੈਕਿੰਗ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਉਸੇ ਕਾਰਨ ਇਸ ਵਾਰ ਇੰਨੀ ਭਾਰੀ ਮਾਤਰਾ 'ਚ ਬਰਾਮਦਗੀ ਹੋਈ ਹੈ। ਸਾਰੇ ਡੀ.ਸੀ. ਅਤੇ ਐਸ.ਐਸ.ਪੀ. ਨੂੰ ਚੋਣ ਕਮਿਸ਼ਨ ਵੱਲੋਂ ਸਖਤ ਹਦਾਇਤ ਦਿੱਤੀ ਗਈ ਸੀ ਕਿ ਕਿਸੇ ਵੀ ਹਾਲ 'ਚ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਸ਼ਰਾਬ, ਨਸ਼ਾ ਅਤੇ ਪੈਸੇ ਦੀ ਵਰਤੋਂ ਨਹੀਂ ਹੋਣੀ ਚਾਹੀਦੀ। ਇਸ ਦੀ ਸੂਚਨਾ ਮਿਲਦਿਆਂ ਹੀ ਛਾਪੇ ਮਾਰਨ ਦੇ ਆਦੇਸ਼ ਸਨ।

***ਸਾਲ 2012 ਦੇ ਵਿਧਾਨ ਸਭਾ ਚੋਣ 'ਚ ਵੀ ਪੰਜਾਬ ਡਰੱਗਜ਼ ਅਤੇ ਸ਼ਰਾਬ ਦੀ ਰਿਕਵਰੀ 'ਚ ਦੇਸ਼ ਵਿਚ ਨੰਬਰ-1 ਸੀ। ਜਦਕਿ ਕੈਸ਼ ਦੀ ਬਰਾਮਦਗੀ 'ਚ ਉੱਤਰ ਪ੍ਰਦੇਸ਼ ਪਹਿਲੇ ਨੰਬਰ 'ਤੇ ਰਿਹਾ। ਪੰਜਾਬ 'ਚ ਪਿਛਲੀ ਚੋਣਾਂ 'ਚ 12.13 ਕਰੋੜ ਕੈਸ਼ ਬਰਾਮਦ ਹੋਇਆ ਸੀ। ਪੰਜਾਬ 'ਚ 3.57 ਲੱਖ ਲੀਟਰ ਸ਼ਰਾਬ ਫੜੀ ਗਈ ਸੀ। ਉਥੇ ਹੀ 53.5 ਕਿਲੋਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ ਸੀ।***

# ਮਾਲਵਾ ਦੀਆਂ 68 ਵਿਚੋਂ ਕਰੀਬ 40 ਸੀਟਾਂ ’ਤੇ ਚੋਣ ਸਮੀਕਰਨ ਬਦਲੇਗਾ ਡੇਰਾ, ਪਰ ਸਿੱਖ ਸੰਗਠਨ ਨਾਰਾਜ਼

## ਬਾਦਲ ਬੋਲੇ- ਮੰਗਿਆ ਨਹੀਂ, ਡੇਰੇ ਨੇ ਖ਼ੁਦ ਸਮਰਥਨ ਦਿੱਤੈ

**ਚੰਡੀਗੜ੍ਹ/ਬਿਊਰੋ ਨਿਊਜ਼ :** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਸਮਰਥਨ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਮਾਲਵਾ ਦੀਆਂ 40 ਦੇ ਕਰੀਬ ਸੀਟਾਂ ’ਤੇ ਲਾਭ ਹੋਵੇਗਾ। ਉਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਣਾ ਧਾਰਨ ਕਰਕੇ ਵਿਵਾਦਾਂ ਨੂੰ ਲੈ ਕੇ ਪੰਥਕ ਸੰਗਠਨ ਇਸ ਤੋਂ ਨਾਰਾਜ਼ ਹਨ। ਗਰਮ ਖਿਆਲੀ ਸੰਗਠਨਾਂ ਨੇ ਧਮਕੀ ਦਿੱਤੀ ਹੈ ਕਿ ਪੰਜਾਬ ਵਿਚ ਸਰਕਾਰ ਕਿਸੇ ਦੀ ਵੀ ਬਣੇ ਪਰ ਇਥੇ ਡੇਰੇ ਦਾ ਕੋਈ ਵੀ ਗੁਰਮਤਿ ਵਿਰੋਧੀ ਸਤਿਸੰਗ ਜਾਂ ਸਮਾਗਮ ਨਹੀਂ ਹੋਣ ਦਿੱਤਾ ਜਾਵੇਗਾ। ਉਧਰ ਬਾਦਲ ਨੇ ਕਿਹਾ, ਉਨ੍ਹਾਂ ਨੇ ਡੇਰੇ ਤੋਂ ਸਮਰਥਨ ਮੰਗਿਆ ਨਹੀਂ ਸੀ। ਉਨ੍ਹਾਂ ਨੇ ਖ਼ੁਦ ਹੀ ਦਿੱਤਾ ਹੈ।

ਬਾਣਾ ਧਾਰਨ ਕਰਨ ਦਾ ਮੁੱਦਾ ਪਿਛਲੇ ਸਮੇਂ ਦੌਰਾਨ ਖਾਸੇ ਵਿਵਾਦ ਦਾ ਕਾਰਨ ਰਿਹਾ ਅਤੇ ਅਕਾਲ ਤਖ਼ਤ ਤੋਂ ਉਨ੍ਹਾਂ ਨੂੰ ਮੁਆਫ਼ੀ ਦਿੱਤੀ ਗਈ ਸੀ ਪਰ ਪੰਥਕ ਸੰਗਠਨਾਂ ਦੇ ਵਿਰੋਧ ’ਤੇ ਰੱਦ ਕਰ ਦਿੱਤਾ ਗਿਆ ਸੀ। ਦਲ ਖ਼ਾਲਸਾ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਅਤੇ ਬੁਲਾਰੇ ਬਿੱਟੂ ਨੇ ਕਿਹਾ, ‘ਅਕਾਲੀਆਂ ਨੂੰ ਪੰਥ ਵਿਰੋਧੀ ਤੱਤਾਂ ਨਾਲ ਦੋਸਤੀ ਦਾ ਸਬਕ ਜ਼ਰੂਰ ਸਿਖਾਵਾਂਗੇ। ਅਕਾਲੀਆਂ ਨੇ ਡੇਰੇ ਤੋਂ ਸਮਰਥਨ ਲੈ ਕੇ ਪੰਜ ਤਖ਼ਤਾਂ ਦੇ ਜਥੇਦਾਰਾਂ ਵਲੋਂ ਜਾਰੀ ਹੁਕਮਨਾਮੇ ਦਾ ਉਲੰਘਣ ਕੀਤਾ ਹੈ। ਉਧਰ ਪ੍ਰਕਾਸ਼ ਸਿੰਘ ਬਾਦਲ ਨੇ ਡੇਰਾ ਸਿਰਸਾ ਵਲੋਂ ਅਕਾਲੀ-ਭਾਜਪਾ ਨੂੰ ਦਿੱਤੇ ਸਮਰਥਨ ’ਤੇ ਕਿਹਾ, ‘ਪੰਜਾਬ ਦਾ ਭਲਾ ਚਾਹੁਣ ਵਾਲਾ ਕੋਈ ਵੀ ਅਕਾਲੀ-ਭਾਜਪਾ ਨੂੰ ਸਮਰਥਨ ਕਰ ਸਕਦਾ ਹੈ। ਉਸ ਵਿਚ ਡੇਰਾ ਸੱਚਾ ਸੌਦਾ ਵੀ ਸ਼ਾਮਲ ਹੈ। ਡੇਰੇ ਵਲੋਂ ਅਕਾਲੀ-ਭਾਜਪਾ ਨੂੰ ਦਿੱਤਾ ਗਿਆ ਫੈਸਲਾ ਉਨ੍ਹਾਂ ਦਾ ਖ਼ੁਦ ਦਾ ਹੈ। ਅਕਾਲੀ-ਭਾਜਪਾ ਨੇ ਡੇਰੇ ਤਕ ਕੋਈ ਪਹੁੰਚ ਨਹੀਂ ਕੀਤੀ ਹੈ। ਸੁਨਾਮ ਵਿਚ ਮੀਡੀਆ ਨੂੰ ਮੁਖ਼ਾਤਬ ਬਾਦਲ ਨੇ ਕਿਹਾ, ‘ਕੈਪਟਨ ਅਮਰਿੰਦਰ ਕਹਿੰਦੇ ਹਨ ਕਿ ਲਾਠੀਆਂ ਚੁੱਕ ਲਓ ਤੇ ਕੇਜਰੀਵਾਲ ਕਹਿੰਦਾ ਹੈ ਕਿ ਰੋੜੇ ਵੱਟੇ ਇਕੱਠੇ ਕਰ ਲਓ। ਸਰਕਾਰਾਂ ਹਮੇਸ਼ਾ ਲੋਕਾਂ ਨੂੰ ਸਹੀ ਰਸਤੇ ’ਤੇ ਪਾਉਂਦੀਆਂ ਹਨ। ਜੇਕਰ ਲੋਕਾਂ ਨੇ ਗ਼ਲਤੀ ਕਰ ਦਿੱਤੀ ਤਾਂ ਪਛਤਾਉਣਾ ਪਏਗਾ। ਕਾਂਗਰਸ ਅਤੇ ‘ਆਪ’ ਦੋਹਾਂ ਦੇ ਗੜਬੜੀ ਵਿਚ ਹੱਥ ਹਨ।’



### *ਡੇਰਾ ਪ੍ਰੇਮੀਆਂ ਨੇ ਕਾਂਗਰਸ-‘ਆਪ’ ਦਾ ਪ੍ਰਚਾਰ ਕਰ ਦਿੱਤਾ ਸੀ ਬੰਦ*

*ਡੇਰਾ ਸਿਰਸਾ ਵਲੋਂ ਅਕਾਲੀ ਦਲ ਨੂੰ ਸਮਰਥਨ ਦੇਣ ਦੇ ਐਲਾਨ ਦੇ ਨਾਲ ਹੀ ਮਾਲਵਾ ਦੀਆਂ 68 ਵਿਚੋਂ ਕਰੀਬ 40 ਸੀਟਾਂ ’ਤੇ ਚੋਣ ਸਮੀਕਰਨ ਬਦਲਣੇ ਸ਼ੁਰੂ ਹੋ ਗਏ ਹਨ। ਡੇਰਾ ਤੋਂ ਕੋਈ ਨਿਰਦੇਸ਼ ਨਾ ਮਿਲਣ ਕਾਰਨ ਜ਼ਿਆਦਾ ਡੇਰਾ ਪ੍ਰੇਮੀ ਕਾਂਗਰਸ ਜਾਂ ‘ਆਪ’ ਦਾ ਹੀ ਸਮਰਥਨ ਕਰ ਰਹੇ ਸਨ। ਜਿਵੇਂ ਹੀ ਡੇਰੇ ਦੇ ਸਿਆਸੀ ਵਿੰਗ ਨੇ ਅਕਾਲੀ ਦਲ ਦੇ ਸਮਰਥਨ ਦਾ ਐਲਾਨ ਕੀਤਾ ਤਾਂ ਮਾਲਵਾ ਦੇ ਕਰੀਬ 40 ਹਲਕਿਆਂ ਵਿਚ ਕਾਂਗਰਸ ਜਾਂ ‘ਆਪ’ ਨੂੰ ਸਮਰਥਨ ਦੇ ਰਹੇ ਡੇਰਾ ਪ੍ਰੇਮੀਆਂ ਨੇ ਅਚਾਨਕ ਉਨ੍ਹਾਂ ਦਾ ਸਾਥ ਦੇਣਾ ਬੰਦ ਕਰ ਦਿੱਤਾ। ਉਨ੍ਹਾਂ ਦੇ ਪੱਖ ਵਿਚ ਕੀਤਾ ਜਾ ਰਿਹਾ ਪ੍ਰਚਾਰ ਵਿਚਾਲੇ ਹੀ ਛੱਡ ਦਿੱਤਾ। ਇਸ ਨਾਲ ਮਾਲਵਾ ਵਿਚ ਮਾਯੂਸ ਦਿਖ ਰਹੇ ਅਕਾਲੀ-ਭਾਜਪਾ ਦੇ ਉਮੀਦਵਾਰਾਂ ਦੀਆਂ ਅੱਖਾਂ ਵਿਚ ਚਮਕ ਪਰਤ ਆਈ ਹੈ ਤੇ ਉਨ੍ਹਾਂ ਦੀਆਂ ਰੈਲੀਆਂ ਵਿਚ ਭੀੜ ਵਧਣੀ ਸ਼ੁਰੂ ਹੋ ਗਈ ਹੈ।*

### *ਡੇਰੇ ਦੇ 32 ਲੱਖ ਵੋਟ ਪੰਜਾਬ ਵਿਚ*

*ਡੇਰੇ ਦੇ ਕੌਮੀ ਸਿਆਸੀ ਵਿੰਗ ਦੇ ਮੈਂਬਰ ਹਰਸ਼ ਇੰਸਾ ਦਾ ਕਹਿਣਾ ਹੈ, ‘ਪੰਜਾਬ ਵਿਚ ਡੇਰੇ ਦੇ ਕਰੀਬ 32 ਲੱਖ ਵੋਟਰ ਹਨ। ਹਰ ਜ਼ਿਲ੍ਹੇ ਵਿਚ ਵੱਡੀ ਸੰਖਿਆ ਵਿਚ ਸ਼ਰਧਾਲੂ ਹਨ। ਡੇਰੇ ਨੇ ਸਾਰਿਆਂ ਨੂੰ ਅਕਾਲੀ-ਭਾਜਪਾ ਦੇ ਪੱਖ ਵਿਚ ਵੋਟ ਪਾਉਣ ਲਈ ਕਿਹਾ ਹੈ।’*

### *ਡੇਰਾ ਪ੍ਰੇਮੀਆਂ ਨੇ ਸੰਭਾਲੀ ਕਮਾਂਡ*

*ਮਾਲਵਾ ਦੇ ਜ਼ਿਆਦਾਤਰ ਹਲਕਿਆਂ ਵਿਚ ਡੇਰਾ ਪ੍ਰੇਮੀਆਂ ਨੇ ਅਕਾਲੀ-ਭਾਜਪਾ ਉਮੀਦਵਾਰਾਂ ਦਾ ਪ੍ਰਚਾਰ ਸੰਭਾਲ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 48 ਘੰਟਿਆਂ ਵਿਚ ਡੇਰਾ ਪ੍ਰੇਮੀ ਘਰ ਘਰ ਜਾ ਕੇ ਪ੍ਰਚਾਰ ਕਰਨਗੇ।*

### ਸਿੱਖ ਜਥੇਬੰਦੀਆਂ ਵੱਲੋਂ ਅਕਾਲੀ ਦਲ ਦੇ ਬਾਈਕਾਟ ਦੀ ਅਪੀਲ

ਅੰਮ੍ਰਿਤਸਰ : ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਸਿਰਸਾ ਦਾ ਸਮਰਥਨ ਹਾਸਲ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਇਹ ਪਾਸਾ ਉਲਟਾ ਵੀ ਪੈ ਸਕਦਾ ਹੈ। ਇਸ ਸਮਰਥਨ ਤੋਂ ਬਾਅਦ ਡੇਰਾ ਵਿਰੋਧੀ ਸਿੱਖ ਵੋਟ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਣ ਦਾ ਖ਼ਦਸ਼ਾ ਵੱਧ ਗਿਆ ਹੈ। ਵੱਡੀ ਗਿਣਤੀ ਵਿੱਚ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਹੈ ਜਦੋਂ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮੁੱਦੇ ’ਤੇ ਚੁੱਪ ਧਾਰੀ ਹੋਈ ਹੈ।

ਜ਼ਿਕਰਯੋਗ ਹੈ ਕਿ 17 ਮਈ 2007 ਨੂੰ ਪੰਜ ਸਿੰਘ ਸਾਹਿਬਾਨ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਇਕਬਾਲ ਸਿੰਘ, ਗਿਆਨੀ ਤਰਲੋਚਨ ਸਿੰਘ, ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਡੇਰਾ ਸਿਰਸਾ ਅਤੇ ਇਸ ਦੇ ਮੁਖੀ ਖ਼ਿਲਾਫ਼ ਹੁਕਮਨਾਮਾ ਜਾਰੀ ਕਰ ਕੇ ਸਿੱਖਾਂ ਨੂੰ ਉਸ ਨਾਲ ਕੋਈ ਸਬੰਧ ਨਾ ਰੱਖਣ ਲਈ ਕਿਹਾ ਸੀ।

### ਸਰਨਾ ਨੇ ਅਕਾਲ ਤਖ਼ਤ ਨੂੰ ਲਿਖਿਆ ਪੱਤਰ :

ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਪੱਤਰ ਵਿੱਚ ਉਨ੍ਹਾਂ ਲਿਖਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਡੇਰੇ ਦੀ ਹਮਾਇਤ ਦਾ ਵਿਰੋਧ ਨਹੀਂ ਕੀਤਾ ਹੈ, ਜੋ ਸਿੱਧੇ ਤੌਰ ’ਤੇ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਹੁਕਮਨਾਮੇ ਦੀ ਉਲੰਘਣਾ ਦੇ ਦੋਸ਼ ਹੇਠ ਉਨ੍ਹਾਂ ਨੂੰ ਪੰਥ ਵਿੱਚੋਂ ਛੇਕਣ ਦੇ ਆਦੇਸ਼ ਜਾਰੀ ਕੀਤੇ ਜਾਣ। ਸਾਬਕਾ ਜਥੇਦਾਰ ਅਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਡੇਰਾ ਸਿਰਸਾ ਦੀ ਸਾਂਝ ਭਿਆਲੀ ਜੱਗ ਜ਼ਾਹਰ ਹੋ ਗਈ ਹੈ।

### ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਵਲੋਂ ਵਿਰੋਧ :

ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਬਣਾਈ ਗਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ, ਕੋਸਟ (ਯੂਐਸਏ) ਨੇ ਹੰਗਾਮੀ ਮੀਟਿੰਗ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਡੇਰਾ ਦਲ ਦਾ ਨਾਂ ਦਿੱਤਾ ਹੈ। ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਵੱਲੋਂ ਜਾਰੀ ਬਿਆਨ ਵਿੱਚ ਦੋਸ਼ ਲਾਇਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪ੍ਰੰਪਰਾਵਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਖ਼ੁਦ ਹੀ ਕਰਾਈਆਂ ਗਈਆਂ ਹਨ।

ਦਲ ਖਾਲਸਾ ਦੇ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ, ਬੁਲਾਰੇ ਕੰਵਰਪਾਲ ਸਿੰਘ ਅਤੇ ਹੋਰਨਾਂ ਨੇ ਆਖਿਆ ਕਿ ਪੰਥ ਵਿਰੋਧੀਆਂ ਦਾ ਸਮਰਥਨ ਲੈਣ ਅਤੇ ਧਰਮ ਦੇ ਮਾਰਗ ਤੋਂ ਭਟਕਣ ਵਾਲਿਆਂ ਨੂੰ ਸਿੱਖ ਕੌਮ ਸਬਕ ਜ਼ਰੂਰ ਸਿਖਾਵੇਗੀ। ਉਨ੍ਹਾਂ ਆਖਿਆ ਕਿ ਬੀਤੇ ਵਰ੍ਹੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣਾ ਵੀ ਇਸੇ ਕੜੀ ਦਾ ਹਿੱਸਾ ਸੀ।

ਅਕਾਲ ਪੁਰਖ ਕੀ ਫੌਜ, ਸ਼ਹੀਦ ਭਾਈ ਮਨੀ ਸਿੰਘ ਟਕਸਾਲ, ਪੰਥਕ ਤਾਲਮੇਲ ਸੰਗਠਨ, ਅਕਾਲ ਗਤਕਾ ਅਖਾੜਾ, ਗੁਰੂ ਮਾਨਿਓ ਗ੍ਰੰਥ ਸੇਵਕ ਜਥਾ, ਸ੍ਰੀ ਗੁਰੂ ਰਾਮਦਾਸ ਸੇਵਕ ਸਭਾ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਦੇ ਆਗੂਆਂ ਵੱਲੋਂ ਕੀਤੇ ਗਏ ਸਾਂਝੇ ਪੱਤਰਕਾਰ ਸੰਮੇਲਨ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਸਿੱਖਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪੂਰਨ ਬਾਈਕਾਟ ਦਾ ਸੱਦਾ ਦਿੱਤਾ।

ਸ਼੍ਰੋਮਣੀ ਕਮੇਟੀ ਵੱਲੋਂ ਬਰਖ਼ਾਸਤ ਕੀਤੇ ਪੰਜ ਪਿਆਰਿਆਂ ਨੇ ਅੱਜ ਮੀਟਿੰਗ ਕਰ ਕੇ ਆਖਿਆ ਕਿ ਡੇਰਾ ਮੁਖੀ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਸਿਆਸੀ ਲੈਣ-ਦੇਣ 2015 ਵਿੱਚ ਹੀ ਹੋ ਗਿਆ ਸੀ। ਉਨ੍ਹਾਂ ਅਕਾਲ ਤਖ਼ਤ ਦੀ ਸਰਵਉੱਚਤਾ ਦੇ ਸਿਧਾਂਤ ਨੂੰ ਧਿਆਨ ਵਿੱਚ ਰੱਖਦਿਆਂ ਜ਼ਮੀਰ ਦੀ ਆਵਾਜ਼ ’ਤੇ ਵਧੀਆ ਕਿਰਦਾਰ ਅਤੇ ਪੰਥਕ ਸੋਚ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਕਿਹਾ।

# ਪੈਰੋਕਾਰ ਵੀ ਡੇਰੇ ਦੇ ਸਿਆਸੀ ਪੈਂਤੜੇ ਤੋਂ ਨਾਰਾਜ਼

**ਲੰਬੀ/ਬਿਊਰੋ ਨਿਊਜ਼ :** ਮਾਲਵੇ ਖਿੱਤੇ ਦੇ ਵਿਧਾਨ ਸਭਾ ਹਲਕਿਆਂ ਵਿੱਚ ਕਾਂਗਰਸ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਵਿਚਾਲੇ ਤਿਕੋਣੇ ਮੁਕਾਬਲੇ ਬਣੇ ਹੋਏ ਹਨ। ਇਸੇ ਦੌਰਾਨ ਡੇਰਾ ਸਿਰਸਾ ਵੱਲੋਂ ਅਕਾਲੀ-ਭਾਜਪਾ ਗਠਜੋੜ ਨੂੰ ਹਮਾਇਤ ਦੇਣ ਦਾ ਫ਼ੈਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿਆਸੀ ਮਾਹਰ ਇਸ ਗੱਲ ਦੇ ਕਿਆਫ਼ੇ ਲਗਾ ਰਹੇ ਹਨ ਕਿ ਕੀ ਡੇਰੇ ਦੀ ਹਮਾਇਤ ਗਠਜੋੜ ਦੇ ਉਮੀਦਵਾਰਾਂ ਦੀ ਡੁੱਬਦੀ ਬੇੜੀ ਨੂੰ ਬੰਨੇ ਲਾਉਣ ਵਿੱਚ ਕਾਰਗਰ ਸਾਬਤ ਹੋਵੇਗੀ ਜਾਂ ਨਹੀਂ। ਹਮਾਇਤ ਦੇ ਮੁੱਦੇ ਸਬੰਧੀ ਡੇਰੇ ਦੇ ਪੈਰੋਕਾਰ ਵੀ ਇੱਕਮਤ ਨਹੀਂ ਹਨ। ਇੱਕ ਬਲਾਕ ਦਾ ‘ਭੰਗੀਦਾਸ’ ਕਾਂਗਰਸੀ ਉਮੀਦਵਾਰ ਦਾ ਸਮਰਥਕ ਹੈ ਤੇ ਉਹ ਡੇਰੇ ਦੇ ਫ਼ੈਸਲੇ ਤੋਂ ਬਾਅਦ ਵੀ ਕਾਂਗਰਸ ਲਈ ਡਟਿਆ ਹੋਇਆ ਹੈ। ਇਸੇ ਤਰ੍ਹਾਂ ਜਿਹੜੇ ਪੈਰੋਕਾਰ ਕਾਂਗਰਸ ਅਤੇ ‘ਆਪ’ ਦੇ ਹੱਕ ਵਿੱਚ ਸ਼ਰੇਆਮ ਪ੍ਰਚਾਰ ਕਰ ਰਹੇ ਹਨ, ਉਨ੍ਹਾਂ ਵੱਲੋਂ ਡੇਰੇ ਦਾ ਹੁਕਮ ਵਜਾਉਣ ਦੀ ਸੰਭਾਵਨਾ ਮੱਧਮ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਫੈਸਲੇ ਨਾਲ ਉਨ੍ਹਾਂ ਕੁਝ ਹਲਕਿਆਂ ਵਿੱਚ ਗਠਜੋੜ ਉਮੀਦਵਾਰਾਂ ਨੂੰ ਫਾਇਦਾ ਹੋ ਸਕਦਾ ਹੈ, ਜਿੱਥੇ ਫੈਸਲੇ ਸੈਂਕੜਿਆਂ ਦੇ ਫ਼ਰਕ ਨਾਲ ਹੋਣੇ ਹਨ। ਜਿਨ੍ਹਾਂ ਹਲਕਿਆਂ ਵਿੱਚ ਗਠਜੋੜ ਦੇ ਉਮੀਦਵਾਰ ਕਾਫ਼ੀ ਪਿੱਛੇ ਹਨ, ਉਥੇ ਡੇਰੇ ਦੀ ਮਦਦ ਫਾਇਦੇਮੰਦੀ ਨਹੀਂ ਜਾਪਦੀ। ਇਸ ਚੋਣ ਤੋਂ ਬਾਅਦ ਡੇਰੇ ਦੀ ਆਪਣੇ ਪੈਰੋਕਾਰਾਂ ਵਿੱਚ ਭਰੋਸੇਯੋਗਤਾ ਘਟਣ ਦੇ ਆਸਾਰ ਹਨ। ਦੂਜੇ ਪਾਸੇ ਇਸ ਮਦਦ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਔਖੀ ਸਥਿਤੀ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਸ੍ਰੀ ਅਕਾਲ ਤਖ਼ਤ ਨੇ ਡੇਰੇ ਖਿਲਾਫ਼ ਹੁਕਮਨਾਮਾ ਅਜੇ ਤੱਕ ਵਾਪਸ ਨਹੀਂ ਲਿਆ।

# ...ਇਹ ਹੈ ਉਹੀ ਟਕਸਾਲੀ ਅਕਾਲੀ, ਜਿਸ ਨੂੰ ਮਿੰਨਤਾਂ ਕਰਕੇ ਮੁੱਖ ਮੰਤਰੀ ਮਨਾਉਂਦੇ ਰਹੇ

## ਗੁਰਦੀਪ ਸਿੰਘ ਨੂੰ ਕੈਪਟਨ ਰੈਲੀ ਵਿਚ ਲਿਆਏ

**ਲੰਬੀ/ਬਿਊਰੋ ਨਿਊਜ਼ :**

ਵੱਕਾਰ ਦਾ ਸਵਾਲ ਬਣੀ ਲੰਬੀ ਵਿਧਾਨ ਸਭਾ ਸੀਟ ਤੋਂ ਚੋਣ ਲੜ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੇ ਜਥੇਦਾਰਾਂ ਤੋਂ ਲੋਕਾਂ ਦੀ ਨਾਰਾਜ਼ਗੀ ਨੂੰ ਮਹਿਸੂਸ ਕੇ ਹੁਣ ਖ਼ੁਦ ਵੋਟਰਾਂ ਨੂੰ ਫੋਨ ਕਰਕੇ ਮਨਾਉਣ ਲੱਗੇ ਹਨ। 30 ਜਨਵਰੀ ਨੂੰ ਪ੍ਰਕਾਸ਼ ਸਿੰਘ ਬਾਦਲ ਦੇ ਸਮਰਥਕ ਦੀਆਂ ਮਿੰਨਤਾਂ ਕਰਨ ਦਾ ਜੋ ਆਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋਇਆ, ਉਸ ਸਮਰਥਕ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਲੱਭ ਲਿਆ ਤੇ ਵੀਰਵਾਰ ਨੂੰ ਲੰਬੀ ਹਲਕੇ ਵਿਚ ਹੋਈ ਆਪਣੀ ਰੈਲੀ ਵਿਚ ਉਸ ਨੂੰ ਜਨਤਕ ਕੀਤਾ। ਉਹ ਵਿਅਕਤੀ ਲੰਬੀ ਹਲਕੇ ਦੇ ਪਿੰਡ ਹਾਕੂਵਾਲਾ ਨਿਵਾਸੀ ਗੁਰਦੀਪ ਸਿੰਘ ਸੀ, ਜਿਸ ਦਾ ਪਰਿਵਾਰ ਕਦੇ ਟਕਸਾਲੀ ਅਕਾਲੀ ਸੀ, ਪਰ ਬਾਦਲ ਦੇ ਜਥੇਦਾਰਾਂ ਤੋਂ ਤੰਗ ਆ ਕੇ ਉਹ 17 ਜਨਵਰੀ ਨੂੰ ਕਾਂਗਰਸ ਵਿਚ ਸ਼ਾਮਲ ਹੋ ਗਿਆ। ਪਰ ਜਦੋਂ ਬਾਦਲ ਨੂੰ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਟਕਸਾਲੀ ਅਕਾਲੀ ਰਹੇ ਗੁਰਦੀਪ ਸਿੰਘ ਨੂੰ ਵਾਪਸ ਲਿਆਉਣ ਅਤੇ ਚੋਣ ਵਿਚ ਉਨ੍ਹਾਂ ਦਾ ਸਮਰਥਨ ਕਰਨ ਲਈ 30 ਜਨਵਰੀ ਦੀ ਸ਼ਾਮ 6:43 ਵਜੇ ਫ਼ੋਨ ਕੀਤਾ। ਇਹ ਪੋਨ ਕਾਲ ਕਿਸੇ ਹੋਰ ਵਿਅਕਤੀ ਨੇ ਮਿਲਾ ਕੇ ਮੁੱਖ ਮੰਤਰੀ ਦੀ ਗੁਰਦੀਪ ਸਿੰਘ ਨਾਲ ਗੱਲ ਕਰਵਾਈ। ਇਸ ਵਿਚ ਬਾਦਲ ਗੁਰਦੀਪ ਨੂੰ ਆਪਣੇ ਵੱਕਾਰ ਦਾ ਸਵਾਲ ਦਸਦੇ ਹੋਏ ਵਾਰ ਵਾਰ ਸਮਰਥਨ ਕਰਨ ਦਾ ਵਾਅਦਾ ਕਰਨ ਦੀ ਗੱਲ ਕਰ ਰਹੇ ਹਨ। ਆਡੀਓ ਵਿਚ ਗੁਰਦੀਪ ਸਿੰਘ ਨੇ ਬਾਦਲ ਕੋਲ ਤੇਜਿੰਦਰ ਸਿੰਘ ਮਿੱਡੂਖੇੜਾ ਦੇ ਖ਼ਿਲਾਫ਼ ਰੋਸ ਪ੍ਰਗਟਾਇਆ। ਇਸ ’ਤੇ ਬਾਦਲ ਨੇ ਉਸ ਨੂੰ ਬਾਪ ਵਰਗਾ ਹੋਣ ਦਾ ਹਵਾਲਾ ਦਿੰਦਿਆਂ ਫੇਰ ਤੋਂ ਸਮਰਥਨ ਕਰਨ ਦਾ ਵਾਅਦਾ ਲਿਆ ਤੇ ਫਤਹਿ ਬੁਲਾਈ। ਮੁੱਖ ਮੰਤਰੀ ਅਤੇ ਗੁਰਦੀਪ ਦੀ ਇਸ ਗੱਲਬਾਤ ਦਾ ਆਡੀਓ ਜਦੋਂ ਵਾਇਰਲ ਹੋਇਆ ਤਾਂ ਕਾਂਗਰਸ ਨੇ ਉਸ ਨੂੰ ਟਰੇਸ ਕੀਤਾ ਤੇ ਕੈਪਟਨ ਦੀ ਵੀਰਵਾਰ ਨੂੰ ਲੰਬੀ ਵਿਚ ਹੋਈ ਰੈਲੀ ਵਿਚ ਮੰਚ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਹਵਾਲਾ ਦਿੰਦਿਆਂ ਬਾਦਲ ਦੇ ਲੰਬੀ ਹਲਕੇ ਵਿਚ ਹਾਲਾਤ ਨੂੰ ਜਨਤਾ ਦੇ ਸਾਹਮਣੇ ਉਜਾਗਰ ਕੀਤਾ।

### ਗੁਰਦੀਪ ਬੋਲਿਆ-ਮੇਰੇ ’ਤੇ ਅਤੇ ਪਰਿਵਾਰ ’ਤੇ ਝੂਠੇ ਕੇਸ ਪਾ ਕੇ ਕਰ ਰਹੇ ਹਨ ਪ੍ਰੇਸ਼ਾਨ



ਗੁਰਪੀਦ ਸਿੰਘ ਨੇ ਦੱਸਿਆ ਕਿ ਉਹ ਪਿੰਡ ਹਾਕੂਵਾਲਾ ਦਾ ਕਿਸਾਨ ਹੈ। ਉਸ ਦਾ ਪਰਿਵਾਰ ਟਕਸਾਲੀ ਅਕਾਲੀ ਸੀ ਤੇ ਉਸ ਦੇ ਦਾਦਾ ਹੀਰਾ ਸਿੰਘ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕੱਟੜ ਸਮਰਥਕ ਸਨ। ਉਸ ਦੇ ਪਿਤਾ ਮੇਜਰ ਸਿੰਘ ਦੋ ਵਾਰ ਪਿੰਡ ਦੇ ਸਰਪੰਚ ਵੀ ਰਹੇ। ਗੁਰਦੀਪ ਸਿੰਘ ਨੇ ਦੱਸਿਆ ਕਿ 2011 ਵਿਚ ਉਸ ’ਤੇ ਹਵਾਈ ਫਾਇਰਿੰਗ ਦਾ ਕੇਸ ਬਣਾ ਦਿੱਤਾ ਤੇ ਇਕ ਸਾਲ ਪਹਿਲਾਂ ਉਸ ਦੇ ਸਬ ਇੰਸਪੈਕਟਰ ਭਰਾ ਹਰਦੀਪ ਸਿੰਘ ’ਤੇ ਇਰਾਦਾ ਕਤਲ ਦਾ। ਪਰ ਦੋਹਾਂ ਹੀ ਕੇਸਾਂ ਵਿਚ ਉਹ ਜਾਂਚ ਵਿਚ ਬਰੀ ਹੋ ਗਏ। ਪਰ ਜਥੇਦਾਰਾਂ ਦੇ ਸੋਸ਼ਣ ਤੋਂ ਤੰਗ ਆ ਕੇ ਉਨ੍ਹਾਂ ਨੇ ਕਿਨਾਰਾ ਕਰ ਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖ਼ੁਦ ਮੁੱਖ ਮੰਤਰੀ ਨੇ 30 ਜਨਵਰੀ ਨੂੰ ਕਾਲ ਕੀਤੀ ਸੀ ਤੇ ਸਮਰਥਨ ਕਰਨ ਲਈ ਕਿਹਾ ਸੀ।

### ਬਾਦਲ ਨੇ ਜਥੇਦਾਰਾਂ ਤੋਂ ਕੀਤਾ ਕਿਨਾਰਾ :

ਪਿਛਲੇ ਪੰਜ ਸਾਲ ਤੋਂ ਮੁੱਖ ਮੰਤਰੀ ਦੇ ਹਲਕਾ ਲੰਬੀ ਦੇ ਪਿੰਡ ਦੀ ਦੇਖ-ਰੇਖ ਕਰਨ ਵਾਲੇ ਜਥੇਦਾਰਾਂ ਅਤੇ ਇੰਚਾਰਜਾਂ ਪ੍ਰਤੀ ਲੋਕਾਂ ਦਾ ਗੁੱਸਾ ਜਦੋਂ ਬਾਦਲ ਨੇ ਦੇਖਿਆ ਤਾਂ ਉਨ੍ਹਾਂ ਨੇ ਲੰਬੀ ਵਿਚ ਹੋਈ ਆਪਣੀ ਰੈਲੀ ਵਿਚ ਇਨ੍ਹਾਂ ਤੋਂ ਕਿਨਾਰਾ ਕਰ ਲਿਆ। ਪਹਿਲਾਂ ਤਾਂ ਰੈਲੀ ਦੀਆਂ ਤਿਆਰੀਆਂ ਵਿਚ 3 ਸਟੇਜਾਂ ਲਾਈਆਂ ਗਈਆਂ, ਜਿਸ ਵਿਚ ਇਕ ਗਾਇਕ ਮਿਸ ਪੂਜਾ ਲਈ, ਦੂਸਰੀ ਮੁੱਖ ਮੰਤਰੀ ਲਈ ਤੇ ਤੀਸਰੀ ਜਥੇਦਾਰਾਂ ਤੇ ਨੇਤਾਵਾਂ ਲਈ। ਪਰ ਰਾਤੋ-ਰਾਤ ਸੁਖਬੀਰ ਬਾਦਲ ਦੇ ਨਿਰਦੇਸ਼ਾਂ ’ਤੇ ਜਥੇਦਾਰਾਂ ਦੀ ਸਟੇਜ ਨੂੰ ਹਟਾ ਦਿੱਤਾ ਗਿਆ। ਕਿਸੇ ਵੀ ਜਥੇਦਾਰ ਨੂੰ ਰੈਲੀ ਦੇ ਮੰਚ ’ਤੇ ਨਹੀਂ ਚੜ੍ਹਨ ਦਿੱਤਾ ਗਿਆ। ਮੰਚ ’ਤੇ ਸਿਰਫ਼ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਤੇ ਹਰਸਿਮਰਤ ਕੌਰ ਬਾਦਲ ਹੀ ਬੈਠੇ। ਇਹੀ ਨਹੀਂ ਬਾਦਲ ਦੇ ਸਭ ਤੋਂ ਨਜ਼ਦੀਕੀ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਰੈਲੀ ਵਿਚ ਆਏ ਤਾਂ ਉਨ੍ਹਾਂ ਨੂੰ ਵੀ ਮੰਚ ’ਤੇ ਚੜ੍ਹਨ ਤੋਂ ਸੁਰੱਖਿਆ ਕਰਮਚਾਰੀਆਂ ਨੇ ਰੋਕ ਦਿੱਤਾ।

ਅੰਮ੍ਰਿਤਸਰ ਟਾਈਮਜ਼
AMRITSAR TIMES
08 ਫਰਵਰੀ 2017 ਤੋਂ 14 ਫਰਵਰੀ 2017

## ਰਾਜਸੀ ਰਾਮ ਰੌਲੇ ਬਾਅਦ ਉਤਸੁਕਤਾ ਭਰੀ ਉਡੀਕ

ਅਕਾਲੀ-ਭਾਜਪਾ ਸਰਕਾਰ ਦੇ ਲੰਮੇ ਭ੍ਰਿਸ਼ਟਾਚਾਰੀ ਰਾਜ ਤੋਂ ਅੱਕੇ ਪੰਜਾਬ ਦੇ ਵੋਟਰਾਂ ਨੇ ਆਪਣਾ ਰੋਹ ਵੋਟਰ ਬਕਸਿਆਂ ਵਿੱਚ ਬੰਦ ਕਰਕੇ ਆਪਣੇ ਸੂਬੇ ਅਤੇ ਆਪਣੇ ਭਵਿੱਖ ਦਾ ਫੈਸਲਾ ਕਰ ਦਿੱਤਾ ਹੈ। ਰਾਜ ਵਿਧਾਨ ਸਭਾ ਦੀਆਂ 117 ਸੀਟਾਂ ਤੋਂ ਲੋਕ ਨੁਮਾਇੰਦਿਆਂ ਦੀ ਚੋਣ ਦਾ ਕੰਮ 4 ਫਰਵਰੀ ਨੂੰ ਅਮਨ-ਅਮਾਨ ਨਾਲ ਨੇਪਰੇ ਚੜ੍ਹਣ ਬਾਅਦ ਉਮੀਦਵਾਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਸੁੱਖ ਦਾ ਸਾਹ ਲਿਆ ਹੈ। ਭਾਵੇਂ ਭਾਰਤ ਦੇ ਹੋਰਨਾਂ ਰਾਜਾਂ ਦੇ ਮੁਕਾਬਲੇ ਪੰਜਾਬ ਵਿੱਚ ਚੋਣਾਂ ਦੌਰਾਨ ਵੱਡੀ ਪੱਧਰ ਉੱਤੇ ਗੜਬੜ, ਹਿੰਸਾ ਜਾਂ ਰਾਜਸੀ ਪਾਰਟੀਆਂ ਦੇ ਵਰਕਰਾਂ ਵਿਚਾਲੇ ਟਕਰਾਅ ਘੱਟ ਵੱਧ ਹੀ ਹੁੰਦੇ ਹਨ, ਪਰ ਇਸ ਵਾਰ ਰਾਜਸੀ ਮਾਹੌਲ ਬੇਹੱਦ ਗਰਮਾਇਆ ਹੋਣ ਕਾਰਨ ਅਜਿਹਾ ਵਾਪਰਣ ਦੇ ਕਾਫ਼ੀ ਖ਼ਦਸ਼ੇ ਸਨ। ਭਾਰਤੀ ਚੋਣ ਕਮਿਸ਼ਨ ਅਤੇ ਖ਼ਾਸ ਕਰ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੀ ਨਿਗਰਾਨੀ ਹੇਠ ਕੀਤੇ ਪੁਖਤਾ ਪ੍ਰਬੰਧਾਂ ਨੇ ਲਗਭਗ ਸਾਰੀਆਂ ਪਾਰਟੀਆਂ ਨੂੰ ਸ਼ਿਕਾਇਤ ਦਾ ਵੱਡਾ ਮੌਕਾ ਨਹੀਂ ਦਿੱਤਾ। ਇਨ੍ਹਾਂ ਚੋਣਾਂ ਪ੍ਰਤੀ ਕੇਵਲ ਪੰਜਾਬ ਵਸਦੇ ਪੰਜਾਬੀਆਂ ਦੀ ਹੀ ਨਹੀਂ ਬਲਕਿ ਭਾਰਤ ਦੇ ਹੋਰਨਾਂ ਰਾਜਾਂ ਅਤੇ ਇਸ ਤੋਂ ਵੀ ਵੱਧ ਪ੍ਰਵਾਸੀ ਪੰਜਾਬੀਆਂ ਦੀ ਦਿਲਚਸਪੀ ਕੇਵਲ ਦਰਸ਼ਕਾਂ ਵਜੋਂ ਨਹੀਂ ਬਲਕਿ ਚੋਣ ਮੈਦਾਨ ਵਿੱਚ ਨਿਤਰਨ ਨੂੰ ਵੇਖਦਿਆਂ ਸਭਨਾਂ ਦੀ ਸੂਬੇ ਅਤੇ ਲੋਕਾਂ ਦੇ ਰਾਜਸੀ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ ਭਵਿੱਖ ਪ੍ਰਤੀ ਗੰਭੀਰ ਫਿਕਰ ਅਤੇ ਲਗਾਅ ਨੂੰ ਸਮਝਿਆ/ਮਹਿਸੂਸ ਕੀਤਾ ਜਾਣਾ ਜ਼ਰੂਰੀ ਹੈ। ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਕਈ ਦਹਾਕਿਆਂ ਤੱਕ ਮੁਲਕ ਦੇ ਸਭ ਤੋਂ ਖ਼ੁਸ਼ਹਾਲ ਰਹੇ ਇਸ ਸੂਬੇ ਦੀ 50 ਵਿਆਂ ਤੋਂ ਕੁਝ ਦਹਾਕਿਆਂ ਬਾਅਦ ਸਾਰੇ ਪੱਖਾਂ ਤੋਂ ਜਿਹੜੀ ਤਰਸਯੋਗ ਹਾਲਤ ਬਣੀ ਹੋਈ ਹੈ, ਉਸ ਬਾਰੇ ਪੰਜਾਬੀ ਖ਼ਾਸ ਕਰ ਭਾਰੀ ਬਹੁਗਿਣਤੀ ਵਾਲਾ ਸਿੱਖ ਭਾਈਚਾਰਾ ਬੇਹੱਦ ਬੇਚੈਨ ਹੈ। ਬੇਸ਼ੱਕ ਕਿਸੇ ਸਮੇਂ ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣੇ ਜਾਂਦੇ ਇਸ ਖਿੱਤੇ ਦੇ ਦਰਿਆਈ ਪਾਣੀਆਂ ਦੀ ਲੁੱਟ, ਪੰਜਾਬੀ ਬੋਲਦੇ ਇਲਾਕਿਆਂ ਨੂੰ ਇਸ ਨਾਲੋਂ ਤੋੜ ਕੇ ਗਵਾਂਢੀ ਰਾਜਾਂ ਨਾਲ ਜੋੜੀ ਰੱਖਣ ਅਤੇ ਹੋਰਨਾਂ ਮਾਮਲਿਆਂ ਵਿੱਚ ਲਗਾਤਾਰ ਵਿਤਕਰਿਆਂ ਵਰਗੇ ਕਿੰਨੇ ਹੀ ਨਾਜ਼ੁਕ ਮਸਲਿਆਂ ਲਈ ਮੁੱਖ ਦੋਸ਼ੀ ਦਿੱਲੀ ਵਿਚ ਲਗਾਤਾਰ ਸੱਤਾ 'ਚ ਰਹੀ ਕਾਂਗਰਸ ਹੈ ਪਰ ਪੰਜਾਬੀਆਂ ਖ਼ਾਸ ਕਰ ਸਿੱਖਾਂ ਦੀ ਅਸਲ ਨੁਮਾਇੰਦਾ ਹੋਣ ਦਾ ਦਾਅਵਾ ਕਰਨ ਵਾਲੇ ਅਕਾਲੀ ਦਲ ਦੇ ਆਗੂ ਵੀ ਇਨ੍ਹਾਂ ਵਿਤਕਰਿਆਂ ਦੀ ਆੜ 'ਚ ਮਹਿਜ਼ ਨਿੱਜੀ ਹਿੱਤਾਂ ਲਈ ਰਾਜਸੀ ਖੇਡਾਂ ਖੇਡਣ ਦੇ ਦੋਸ਼ਾ ਤੋਂ ਮੁਕਤ ਨਹੀਂ ਹੋ ਸਕਦੇ। ਇਸੇ ਲਈ ਅਕਾਲੀ ਦਲ (ਬਾਦਲ), ਜੋ ਇਸ ਸਮੇਂ ਹੋਰਨਾਂ ਅਕਾਲੀ ਧੜਿਆਂ ਤੋਂ ਜਥੇਬੰਦਕ, ਮੈਂਬਰਸ਼ਿਪ ਅਤੇ ਲੋਕ ਆਧਾਰ ਦੇ ਤੌਰ ਉੱਤੇ ਬੇਹੱਦ ਮਜ਼ਬੂਤ ਹੈ, ਦੀ ਇਨ੍ਹਾਂ ਚੋਣਾਂ ਵਿੱਚ ਲੱਕ ਤੋੜਵੀਂ ਹਾਰ ਵਾਲੀ ਹਾਲਤ ਬਣੀ ਹੋਈ ਹੈ। ਲਗਾਤਾਰ ਦੋ ਵਾਰ ਚੋਣਾਂ ਜਿੱਤ ਕੇ ਪਿਛਲੇ 10 ਸਾਲਾਂ ਤੋਂ ਪੰਜਾਬ ਦੀ ਸੱਤਾ ਉੱਤੇ ਕਾਬਜ਼ ਅਕਾਲੀ-ਭਾਜਪਾ ਗਠਜੋੜ, ਜੋ ਅਸਲ ਵਿੱਚ ਬਾਦਲ ਪਰਿਵਾਰ ਦਾ ਹੀ ਰਾਜ ਕਿਹਾ ਜਾ ਸਕਦਾ ਹੈ, ਨੇ ਪਿਛਲੇ 5 ਸਾਲਾਂ ਦੌਰਾਨ ਪੰਜਾਬ ਦੇ ਸਰਕਾਰੀ ਖਜ਼ਾਨੇ ਅਤੇ ਬਜਰੀ-ਰੇਤਾਂ ਜਿਹੇ ਕੁਦਰਤੀ ਸਾਧਨਾਂ ਦੀ ਜਿਹੜੀ ਲੁੱਟ ਮਚਾਈ ਹੈ, ਉਹ "ਬਾਦਲ ਭਜਾਓ। ਪੰਜਾਬ ਬਚਾਓ" ਅਤੇ "ਪੰਜਾਬ ਨੂੰ ਬਾਦਲਾਂ ਤੋਂ ਮੁਕਤੀ" ਦੀ ਮੁਹਿੰਮ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਉਣ ਵਾਲੇ ਵੱਡੇ ਕਾਰਨਾਂ ਵਿਚੋਂ ਇੱਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜਿਹੇ ਬਹੁਤ ਹੀ ਸੰਵੇਦਨਸ਼ੀਲ ਮੁੱਦੇ ਤੋਂ ਇਲਾਵਾ ਅਹਿਮ ਸਿੱਖ ਮਸਲਿਆਂ ਪ੍ਰਤੀ ਅਕਾਲੀ ਦਲ (ਬਾਦਲ), ਇਸ ਦੀ ਗੁਲਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸ ਦੇ ਦਿਹਾੜੀਦਾਰ ਜਥੇਦਾਰਾਂ ਦੀ ਬੇਈਮਾਨੀ ਵਾਲੀ ਪਹੁੰਚ ਦਾ ਸਿੱਖਾਂ ਵਲੋਂ ਦਿੱਤਾ ਫਤਵਾ ਚੋਣਾਂ ਨਤੀਜਿਆਂ ਦੇ ਰੂਪ ਵਿੱਚ ਸਾਹਮਣੇ ਆਉਣ ਸਬੰਧੀ ਕਿਸੇ ਨੂੰ ਸ਼ੰਕਾ ਨਹੀਂ ਹੋਣਾ ਚਾਹੀਦਾ। ਪੰਜਾਬ ਬਾਰੇ ਫਿਕਰ ਰੱਖਣ ਵਾਲੇ ਬੁੱਧੀਜੀਵੀਆਂ, ਆਮ ਲੋਕਾਂ, ਧਾਰਮਿਕ ਕਾਰਕੁਨਾਂ, ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਮਨਾਂ ਵਿੱਚ ਜਿਹੜਾ ਰੋਸ ਹੈ, ਉਹ ਵੀ ਬਾਦਲਾਂ ਨੂੰ ਸਿਆਸੀ ਸੇਕ ਲਾਉਣ ਲਈ ਛੇਤੀ ਤੋਂ ਛੇਤੀ ਵੋਟਰ ਬਕਸਿਆਂ ਵਿੱਚੋਂ ਬਾਹਰ ਆਉਣ ਲਈ ਬੇਤਾਬ ਹੈ। ਇਨ੍ਹਾਂ ਸਭ ਤੋਂ ਵੱਧ ਪੰਜਾਬ ਦੇ ਨੌਜਵਾਨਾਂ ਅਤੇ ਪ੍ਰਵਾਸੀ ਪੰਜਾਬੀਆਂ ਵਲੋਂ ਪਿਛਲੇ ਕਾਫ਼ੀ ਲੰਮੇ ਸਮੇਂ ਤੋਂ ਸਰਗਰਮੀ ਨਾਲ ਪੰਜਾਬ, ਪੰਜਾਬੋਂ ਬਾਹਰ ਸਾਂਝੇ ਪਲੇਟਫਾਰਮਾਂ ਤੋਂ ਇਲਾਵਾ ਸ਼ੋਸ਼ਲ ਮੀਡੀਆ ਰਾਹੀਂ ਅਤੇ ਚੋਣਾਂ ਦੇ ਦਿਨੀਂ ਪੰਜਾਬ ਪੁੱਜ ਕੇ ਕੀਤੇ ਯਤਨ ਰਾਜ ਦੇ ਲੋਕਾਂ ਨੂੰ 'ਲੋਟੂ ਰਾਜ' ਤੋਂ ਮੁਕਤੀ ਦਿਵਾਉਣ ਵਿੱਚ ਅਹਿਮ ਰੋਲ ਅਦਾ ਕਰਨਗੇ। ਚੋਣਾਂ ਦਾ ਐਲਾਨ, ਚੋਣ ਸਰਗਰਮੀਆਂ ਅਤੇ ਚੋਣ ਪ੍ਰਚਾਰ ਦੌਰਾਨ ਵੋਟਰਾਂ ਨੂੰ ਝੂਠੇ ਲਾਰੇ ਲਾ ਕੇ ਭਰਮਾਉਣ, ਖਰੀਦਣ ਅਤੇ ਧਮਕਾਉਣ ਦੇ ਯਤਨਾਂ ਨੂੰ ਬਹੁਤਾ ਬੂਰ ਨਾ ਪੈਣ ਦੇ ਸੰਕੇਤਾਂ ਨੇ ਜਿੱਥੇ ਅਕਾਲੀ ਦਲ (ਬਾਦਲ) ਦੇ ਮੋਹਰੀਆਂ, ਉਮੀਦਵਾਰਾਂ ਅਤੇ ਹਮਾਇਤੀਆਂ ਨੂੰ 'ਕੰਧ ਉੱਤੇ ਲਿਖੇ ਦੇ ਦਰਸ਼ਨ' ਇੱਕ ਤਰ੍ਹਾਂ ਨਾਲ ਅਗਾਊਂ ਹੀ ਕਰਵਾ ਦਿੱਤੇ ਹਨ, ਉਸ ਤੋਂ ਬਹੁਤਾ ਭੁਲੇਖਾ ਨਹੀਂ ਰਹਿ ਜਾਂਦਾ ਕਿ 'ਸੱਤਾ ਬਦਲੀ' ਅਟੱਲ ਹੈ। ਨਾਲ ਹੀ ਇਸ ਵਾਰ ਆਮ ਆਦਮੀ ਪਾਰਟੀਆਂ ਨੂੰ ਮਿਲੇ ਦਿਸਦੇ ਬੇਮਿਸਾਲ ਹੁੰਗਾਰੇ ਨੂੰ ਵੇਖਦਿਆਂ ਰਾਜਸੀ ਪੰਡਤਾਂ ਦਾ ਕਹਿਣਾ ਹੈ ਕਿ ਅਕਾਲੀਆਂ ਦੇ ਮੁਕਾਬਲੇ ਬਦਲ ਵਜੋਂ ਕਾਂਗਰਸ ਦੇ ਜਿੱਤਣ ਦੀਆਂ ਉਮੀਦਾਂ ਉੱਤੇ ਵੀ ਪਾਣੀ ਫਿਰਦਾ ਲਗਦਾ ਹੈ। ਖ਼ੈਰ 4 ਫਰਵਰੀ ਨੂੰ ਵੋਟਰ ਬਕਸਿਆਂ ਵਿੱਚ ਬੰਦ ਪੰਜਾਬ ਵਾਸੀਆਂ ਦੀ ਲੋਕ ਰਾਏ ਦਾ ਖੁਲਾਸਾ 11 ਮਾਰਚ ਨੂੰ ਵੋਟਾਂ ਦੀ ਗਿਣਤੀ ਹੋਣ ਤੱਕ ਵਕਫ਼ਾ ਆਮ ਨਾਲੋਂ ਕੁਝ ਜ਼ਿਆਦਾ ਹੀ ਲੰਮਾ ਹੈ। ਪਰ ਵੋਟਾਂ ਦੇ ਠੰਢ-ਠੰਢੌਲੇ ਬਾਅਦ ਨਤੀਜਿਆਂ ਸਬੰਧੀ ਸਭਨਾਂ ਦੀ ਉਤਸੁਕਤਾ ਕਿਤੇ ਜ਼ਿਆਦਾ ਹੈ। ਇਸ ਸਾਰੇ ਵਰਤਾਰੇ ਨੂੰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਸਾਬਕਾ ਸਮਾਚਾਰ ਸੰਪਾਦਕ ਗੌਤਮ ਰਿਸ਼ੀ ਵਲੋਂ ਫੇਸਬੁੱਕ ਉੱਤੇ ਕੀਤੀ ਟਿਪਣੀ 'ਚ ਬੜੀ ਸੋਹਣੀ ਤਰ੍ਹਾਂ ਇਉਂ ਬਿਆਨਿਆ ਗਿਆ ਹੈ, "ਵੋਟਾਂ ਤੋਂ ਬਾਅਦ ਫੇਸਬੁੱਕ 'ਤੇ ਰੌਣਕ ਨਹੀਂ ਰਹੀ, ਜਿਵੇਂ ਪੇਪਰਾਂ ਤੋਂ ਬਾਅਦ ਬੱਚੇ ਨਾਨਕੇ ਗਏ ਹੋਣ....."

# ਪੰਜਾਬ ਦੇ ਦਰਦ ਦੇ ਹਾਣ ਦੀਆਂ ਨਹੀਂ ਬਣ ਸਕੀਆਂ ਚੋਣ ਮੁਹਿੰਮਾਂ



**ਅਸੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਮੁਖੀ ਵਿੱਚ ਲਿਖੀ ਫਿਲਾਸਫੀ ਨੂੰ ਦੁਨੀਆ ਨੂੰ ਸੇਧ ਦੇਣ ਵਾਲੀ ਕਹਿੰਦਿਆਂ ਹੋਇਆਂ ਵੀ ਸਭ ਗਿਆਨ ਕੇਵਲ ਅੰਗਰੇਜ਼ੀ ਵਿਚੋਂ ਮਿਲ ਸਕਦਾ ਹੈ, ਦੀ ਰਟ ਦੇ ਸ਼ਿਕਾਰ ਹੋ ਚੁੱਕੇ ਹਾਂ। ਸਥਿਤੀ ਇੱਥੇ ਤਕ ਇਸ ਲਈ ਪਹੁੰਚੀ ਕਿਉਂਕਿ ਆਪਣੀ ਭਾਸ਼ਾ ਵਿੱਚ ਖੋਜ, ਗਿਆਨ ਜਾਂ ਇਸ ਦੇ ਪਸਾਰੇ ਦੀ ਕੋਸ਼ਿਸ਼ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ ਗਈ। ਇਸ ਲਈ ਪੰਜਾਬ ਬੌਧਿਕ ਕੰਗਾਲੀ ਦੀ ਕਗਾਰ ਉੱਤੇ ਖੜ੍ਹਾ ਦਿਖਾਈ ਦਿੰਦਾ ਹੈ। ਬੌਧਿਕ ਪੱਧਰ ਉੱਤੇ ਵੱਡੇ ਕਿਰਦਾਰ ਵਾਲੇ ਮਨੁੱਖਾਂ ਤੋਂ ਬਿਨਾਂ ਪੁਲ, ਸੜਕਾਂ ਜਾਂ ਹਵਾਈ ਅੱਡੇ ਆਪਣੇ ਆਪ ਵਿੱਚ ਵਿਕਾਸ ਨਹੀਂ ਹੁੰਦਾ, ਸ਼ਾਇਦ ਇਹ ਵੀ ਸਾਨੂੰ ਕਿਸੇ ਤੋਂ ਬਾਹਰੋਂ ਸਮਝਣ ਦੀ ਲੋੜ ਪਵੇਗੀ ?**

### ਹਮੀਰ ਸਿੰਘ

ਪੰਜਾਬੀ ਦੀ ਆਮ ਵਰਤੋਂ ਵਿੱਚ ਆਉਂਦੀ ਕਹਾਵਤ ਹੈ ਕਿ ਨੀਮ ਹਕੀਮ ਖ਼ਤਰਾ ਹੈ ਜਾਨ। ਕੀ ਅਸਲ ਵਿੱਚ ਪੰਜਾਬ ਦੀ ਅਗਵਾਈ ਕਰਨ ਵਾਲੀ ਜਮਾਤ ਅਜਿਹੇ ਅਰਥ ਕੱਢਣ ਲਈ



ਮਜਬੂਰ ਤਾਂ ਨਹੀਂ ਕਰ ਰਹੀ? ਸੂਬੇ ਵਿੱਚ 4 ਫਰਵਰੀ ਨੂੰ 15ਵੀਂ ਵਿਧਾਨ ਸਭਾ ਲਈ ਵੋਟਾਂ ਪੈ ਚੁੱਕੀਆਂ ਹਨ। ਵੋਟ ਲੈਣ ਲਈ ਵੱਖ ਵੱਖ ਪਾਰਟੀਆਂ ਵੱਲੋਂ ਜਾਰੀ ਚੋਣ ਮਨੋਰਥ ਪੱਤਰ ਅਤੇ ਚੋਣ ਮੁਹਿੰਮਾਂ ਕੁਝ ਅਜਿਹਾ ਹੀ ਝਲਕਾਰਾ ਪੇਸ਼ ਕਰ ਰਹੀਆਂ ਸਨ। ਪ੍ਰਮੁੱਖ ਪਾਰਟੀਆਂ ਵੱਲੋਂ ਪੰਜਾਬ ਦੇ 25 ਲੱਖ ਨੌਜਵਾਨਾਂ ਨੂੰ ਜਾਂ ਹਰ ਘਰ ਦੇ ਇੱਕ ਮੈਂਬਰ ਨੂੰ ਨੌਕਰੀ, ਕਿਸਾਨਾਂ ਦਾ ਕਰਜ਼ਾ ਮੁਆਫ਼, 25 ਸੌ ਰੁਪਏ ਬੁਢਾਪਾ ਪੈਨਸ਼ਨ, ਕਿਸਾਨਾਂ ਨੂੰ ਸਵਾਮੀਨਾਥਨ ਰਿਪੋਰਟ ਮੁਤਾਬਕ ਫ਼ਸਲਾਂ ਦਾ ਭਾਅ ਦੇਣ, ਮਹੀਨੇ ਜਾਂ ਚਾਰ ਮਹੀਨਿਆਂ ਵਿੱਚ ਨਸ਼ੇ ਬੰਦ ਕਰ ਦੇਣ ਦੇ ਵਾਅਦੇ ਕੀਤੇ ਗਏ।

ਅਕਾਲੀ-ਭਾਜਪਾ ਗਠਜੋੜ ਨੇ ਆਪਣੇ ਦਸ ਸਾਲ ਦੇ ਸਮੇਂ ਨੂੰ ਸੜਕਾਂ, ਪੁਲ, ਹਵਾਈ ਅੱਡੇ ਅਤੇ ਯਾਦਗਾਰਾਂ ਦੇ ਰੂਪ ਵਿੱਚ ਕੀਤੇ ਵਿਕਾਸ ਅਤੇ ਭਾਈਚਾਰਕ ਸਾਂਝ ਨੂੰ ਪ੍ਰਾਪਤੀ ਵਜੋਂ ਪੇਸ਼ ਕੀਤਾ, ਪਰ ਅਕਾਲੀ ਦਲ ਖਾਸ ਤੌਰ ਉੱਤੇ ਬਾਦਲ ਪਰਿਵਾਰ ਵਿਰੋਧੀ ਲਹਿਰ ਦੇ ਕਾਰਨ ਅਕਾਲੀ ਦਲ ਦੇ ਆਗੂ ਆਪਣੇ ਮੂਲ ਪੰਥਕ ਕਿਰਦਾਰ ਨੂੰ ਤਿਲਾਂਜਲੀ ਦੇ ਕੇ ਡੇਰਾ ਸੱਚਾ ਸੌਦਾ ਦੀ ਸ਼ਰਨ ਵਿੱਚ ਚਲੇ ਗਏ। ਸ੍ਰੀ ਅਕਾਲ ਤਖ਼ਤ ਅਤੇ ਦੂਸਰੇ ਤਖ਼ਤਾਂ ਦੇ ਜਥੇਦਾਰਾਂ ਨੇ ਵੀ ਵੋਟਾਂ ਪੈਣ ਤਕ ਖਾਮੋਸ਼ੀ ਧਾਰੀ ਰੱਖੀ।

ਚੋਣ ਮੁਹਿੰਮ ਦੌਰਾਨ ਆਗੂਆਂ ਦੇ ਭਾਸ਼ਣ ਪੰਜਾਬੀਆਂ ਦੇ ਜੀਵਨ ਉੱਤੇ ਅੰਤਰ ਨਿਰਭਰ ਦੁਨੀਆ ਦੇ ਸੰਸਾਰ ਮੰਚਾਂ ਉੱਤੇ ਹੋ ਰਹੇ ਫ਼ੈਸਲੇ, ਦੇਸ਼ ਪੱਧਰ ਦੀਆਂ ਨੀਤੀਆਂ ਦਾ ਪ੍ਰਭਾਵ ਅਤੇ ਪੰਜਾਬ ਦੀਆਂ ਨੀਤੀਆਂ ਬਾਰੇ ਵਿਚਾਰ ਚਰਚਾ ਤਾਂ ਦੂਰ ਬਲਕਿ ਮਿਹਣੋ-ਮਿਹਣੀ ਅਤੇ ਸਭਿਆਚਾਰਕ ਮਿਆਰ ਤੋਂ ਡਿੱਗੀ ਸ਼ਬਦਾਵਲੀ ਤਕ ਸੀਮਤ ਹੋ ਕੇ ਰਹਿ ਗਏ। ਸਿਆਸੀ ਪਾਰਟੀਆਂ ਵਲੋਂ ਵੋਟ ਹਾਸਲ ਕਰਨ ਦੀ ਚਾਰਾਜ਼ੋਈ ਕਰਨਾ ਜਮਹੂਰੀ ਪ੍ਰਬੰਧ ਦੀ ਲੋੜ ਹੈ। ਵੈਸੇ ਤਾਂ ਮਿਸ਼ਨ 17 ਦਾ ਨਾਅਰਾ ਦੇ ਕੇ ਸਾਡੀਆਂ ਸਾਰੀਆਂ ਪ੍ਰਮੁੱਖ ਧਿਰਾਂ ਨੇ ਇਹ ਐਲਾਨੀਆ ਕਹਿ ਦਿੱਤਾ ਸੀ ਕਿ ਉਨ੍ਹਾਂ ਦਾ ਉਦੇਸ਼ ਸੱਤਾ ਉੱਤੇ ਕਬਜ਼ਾ ਹੈ। ਪੰਜਾਬ ਦੇ ਦੁੱਖ ਦਰਦ ਦੂਰ ਕਰਨ ਦਾ ਪ੍ਰੋਗਰਾਮ ਦੇਣਾ ਨਹੀਂ ਹੈ। ਸੱਤਾ ਜਿਸ ਵੀ ਝੂਠੇ ਸੱਚੇ ਵਾਅਦੇ ਨਾਲ ਮਿਲੇਗੀ, ਉਹ ਹਾਸਲ ਕਰਨ ਲਈ ਸਭ ਕੁਝ ਕੀਤਾ ਜਾਵੇਗਾ। ਇੱਕ ਦੂਸਰੀ ਪਾਰਟੀ ਵਿੱਚੋਂ ਦਲ ਬਦਲੀ ਕਰਕੇ ਆਏ ਉਮੀਦਵਾਰਾਂ ਨੂੰ ਗਲਵੱਕੜੀ ਵਿੱਚ ਲੈ ਕੇ ਉਮੀਦਵਾਰ ਬਣਾਉਣ ਵਿੱਚ ਨਾ ਪਾਰਟੀ ਲੀਡਰਸ਼ਿਪ ਨੂੰ ਕੋਈ ਝਿਜਕ ਅਤੇ ਨਾ ਹੀ ਪਾਰਟੀ ਬਦਲਣ ਵਾਲੇ ਆਗੂਆਂ ਨੂੰ ਪ੍ਰੇਸ਼ਾਨੀ ਹੋਈ। ਇਸ ਦਾ ਮਤਲਬ ਸਾਫ਼ ਹੈ ਕਿ ਵਿਚਾਰਧਾਰਕ ਅਤੇ ਇਖ਼ਲਾਕ ਦੀ ਕਤਾਰਬੰਦੀ ਪੂਰੀ ਤਰ੍ਹਾਂ ਅਣਦੇਖੀ ਹੋ ਚੁੱਕੀ ਹੈ।

ਪੰਜਾਬ ਦੀ ਅਸਲ ਸਥਿਤੀ ਇਹ ਹੈ ਕਿ ਇੱਥੇ ਕਿਸੇ ਦਾ ਜੀਅ ਨਹੀਂ ਲੱਗ ਰਿਹਾ। ਰੋਜ਼ੀ ਰੋਟੀ ਲਈ ਦੇਸ਼ ਵਿਦੇਸ਼ ਜਾਣਾ ਪੁਰਾਣੀ ਰਵਾਇਤ ਰਹੀ ਹੈ। ਹੁਣ ਵੱਡੀ ਸੰਖਿਆ ਵਿੱਚ ਨੌਜਵਾਨ ਵਿਦੇਸ਼ ਦੌੜ ਜਾਣਾ ਇਸ ਲਈ ਚਾਹੁੰਦਾ ਹੈ ਕਿਉਂਕਿ ਇੱਥੇ ਉਸ ਨੂੰ ਭਵਿੱਖ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਦਿਖਾਈ ਨਹੀਂ ਦੇ ਰਹੀਆਂ। ਪਰ ਇਹ ਕੇਵਲ ਰੋਜ਼ੀ ਰੋਟੀ ਜੋਗਾ ਮਾਮਲਾ ਨਹੀਂ ਹੈ। ਪਹਿਲਾਂ ਲੋਕ ਪੈਸਾ ਕਮਾ ਕੇ ਮੁੜ ਆਉਣ ਦੀ ਤਾਂਘ ਰੱਖਦੇ ਸਨ। ਹੁਣ ਗੁਰਦੁਆਰਿਆਂ ਵਿੱਚ ਹੁੰਦੀਆਂ ਅਰਦਾਸਾਂ ਦੱਸਦੀਆਂ ਹਨ ਕਿ ਲੋਕ ਪੱਕੇ ਉਜਾੜੇ ਲਈ ਕਿੰਨੇ ਤਰਲੋ ਮੱਛੀ ਹੋ ਰਹੇ ਹਨ। ਕਿਸੇ ਦੂਸਰੇ ਦੇਸ਼ ਵਿੱਚ ਪੱਕੇ ਹੋ ਜਾਣ ਦੀ ਅਰਦਾਸ ਇਹੀ ਕਹਾਣੀ ਬਿਆਨ ਕਰ ਰਹੀ ਹੈ। ਪਰਵਾਸੀ ਭਾਰਤੀਆਂ ਦੀ ਪੰਜਾਬ ਦੀਆਂ ਚੋਣਾਂ ਵਿੱਚ ਇੰਨੀ ਦਿਲਚਸਪੀ ਦਾ ਕਾਰਨ ਇਹ ਵੀ ਹੈ ਕਿ ਜੜ੍ਹਾਂ ਨਾਲੋਂ ਟੁੱਟਣ ਦਾ ਗ਼ਮ ਧੁਰ ਅੰਦਰ ਉਨ੍ਹਾਂ ਅੰਦਰ ਵੀ ਖੋਹ ਪਾ ਰਿਹਾ ਹੈ। ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਹਰ ਖਿੱਤੇ ਦੇ ਲੋਕਾਂ ਨੇ ਉਹ ਮੈਦਾਨੀ, ਪਹਾੜੀ, ਰੇਤੀਲੇ ਜਾਂ ਕਿਤੇ ਵੀ ਰਹਿੰਦੇ ਹੋਣ, ਆਪਣੀ ਹੋਂਦ ਨੂੰ ਮਹੱਤਵਪੂਰਨ ਸਮਝਣ ਅਤੇ ਦੂਸਰਿਆਂ ਨੂੰ ਸਮਝਾਉਣ ਦਾ ਮਾਹੌਲ ਪੈਦਾ ਕੀਤਾ ਹੁੰਦਾ ਹੈ। ਇਸ ਲਈ ਉਹ ਵੱਡੀਆਂ ਕੁਰਬਾਨੀਆਂ ਵੀ ਦਿੰਦੇ ਹਨ ਅਤੇ ਸੰਕਟ ਵੀ ਝੱਲਦੇ ਹਨ। ਸਬੰਧਤ ਖੇਤਰ ਉੱਤੇ ਕੁਦਰਤ ਦੀਆਂ ਮਿਹਰਬਾਨੀਆਂ, ਉਸ ਦਾ ਇਤਿਹਾਸ, ਸਾਹਿਤ ਪੁਰਖਿਆਂ ਵੱਲੋਂ ਬਿਹਤਰ ਸਮਾਜ ਸਿਰਜਣ ਲਈ ਕੀਤੀਆਂ ਕੁਰਬਾਨੀਆਂ, ਭਾਸ਼ਾ, ਗਿਆਨ, ਖੋਜਾਂ ਸਮੇਤ ਵੰਨ-ਸੁਵੰਨੇ ਵਰਤਾਰੇ ਉਸ ਨੂੰ ਇਹ ਅਹਿਸਾਸ ਕਰਵਾਉਣ ਲਈ ਕਾਫ਼ੀ ਹੁੰਦੇ ਹਨ ਕਿ ਉਹ ਦੁਨੀਆ ਦੇ ਸਨਮਾਨ ਯੋਗ ਮਨੁੱਖਾਂ ਵਿੱਚ ਸ਼ੁਮਾਰ ਹੈ। ਪੰਜਾਬ ਕੋਲ ਇਸ ਦਾ ਪੌਣ ਪਾਣੀ, ਜ਼ਰਖੇਜ਼ ਮਿੱਟੀ, ਸਰਬੱਤ ਦੇ ਭਲੇ ਦੀ ਅਰਦਾਸ ਨੂੰ ਪ੍ਰਣਾਈ ਦਾਰਸ਼ਨਿਕ ਤੇ ਸਮੂਹਿਕ ਵਿਕਾਸ ਦੀ ਸੂਝਬੂਝ, ਕੁਰਬਾਨੀਆਂ ਭਰਿਆ ਇਤਿਹਾਸ, ਸੁਡੋਲ ਸਰੀਰ, ਜੀਵਨ ਜਿਉਣ ਦਾ ਜਜ਼ਬਾ, ਜਾਤ ਪਾਤ ਦੇ ਖ਼ਿਲਾਫ਼ ਬਰਾਬਰੀ ਲਈ ਜਦੋ-ਜਹਿਦ, ਸਾਦਾ ਅਤੇ ਤੰਦਰੁਸਤ ਜੀਵਨ, ਪੰਜਾਬੀ ਬੋਲੀ, ਭਾਸ਼ਾ ਅਤੇ ਵਿਰੋਧੀ ਵਿਚਾਰ ਵਾਲਿਆਂ ਦੇ ਵੀ ਮਾਨਵੀ ਹਕੂਕਾਂ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਸਾਹਿਬ ਦੀ ਮਹਾਨ ਕੁਰਬਾਨੀ ਵਰਗੇ ਅਨੇਕਾਂ ਅਨਮੋਲ ਅਤੇ ਮਾਣਕਰਨ ਯੋਗ ਖ਼ਜ਼ਾਨੇ ਰਹੇ ਹਨ। ਮੌਜੂਦਾ ਕੁਦਰਤ ਅਤੇ ਮਨੁੱਖ ਵਿਰੋਧੀ ਵਿਕਾਸ ਮਾਡਲ ਦੇ ਕੰਧਾੜੇ ਚੜ੍ਹ ਕੇ ਪੰਜਾਬੀਆਂ ਨੇ ਆਪਣੀ ਆਬੋ ਹਵਾ, ਮਿੱਟੀ, ਅੰਮ੍ਰਿਤ ਵਰਗਾ ਪਾਣੀ ਸਭ ਕੁਝ ਬਰਬਾਦ ਕੀਤਾ ਹੈ। ਆਰਥਿਕ ਖੇਤਰ ਵਿੱਚ ਸਭ ਨੂੰ ਨਾਲ ਲੈ ਕੇ ਚੱਲਣ ਦੇ ਸਿਧਾਂਤ ਦੇ ਬਜਾਏ ਵੱਡੇ ਹਿੱਸੇ ਨੂੰ ਕੇਵਲ ਭਿਖਾਰੀ ਦੀ ਤਰ੍ਹਾਂ ਵੋਟ ਬੈਂਕ ਵਿੱਚ ਤਬਦੀਲ ਕਰਨ ਦੀ ਮਾਨਸਿਕਤਾ ਚੋਣ ਮਨੋਰਥ ਪੱਤਰਾਂ ਵਿੱਚੋਂ ਪ੍ਰਤੱਖ ਝਲਕ ਰਹੀ ਹੈ। ਵੱਖ ਵੱਖ ਜਾਤਾਂ ਅਤੇ ਵਰਗਾਂ ਵਿਚੋਂ ਆਈ ਪੰਜ ਪਿਆਰਿਆਂ ਦੀ ਆਗੂ ਟੀਮ ਦੀ ਜਗ੍ਹਾ ਕੁਝ ਖਾਸ ਪਰਿਵਾਰਾਂ ਅਤੇ ਵਿਅਕਤੀਆਂ ਦੇ ਸੱਤਾ ਉੱਤੇ ਕਬਜ਼ੇ ਦੀ ਨੀਤੀ ਅਪਣਾ ਲਈ। ਅਮੀਰਾਂ ਲਈ ਅਲੱਗ ਸਕੂਲ ਅਤੇ ਗ਼ਰੀਬਾਂ ਲਈ ਫਟੇ ਹਾਲ ਸਕੂਲ, ਅਮੀਰਾਂ ਲਈ ਹੋਰ ਹਸਪਤਾਲ ਅਤੇ ਗ਼ਰੀਬਾਂ ਲਈ ਡਾਕਟਰਾਂ ਅਤੇ ਦਵਾਈਆਂ ਤੋਂ ਸੱਖਣੇ ਹਸਪਤਾਲ, ਕੀ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਨਾਲ ਮੇਲ ਖਾਂਦੀ ਇੱਕ ਵੀ ਝਲਕ ਦਿੰਦੇ ਹਨ? ਗੁਰਬਾਣੀ ਉਪਦੇਸ਼ ਹੈ ਕਿ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ, ਕੀ ਪੜ੍ਹੀ ਲਿਖੀ ਪੀੜ੍ਹੀ ਸਿੱਖ ਕੇ ਪਰਉਪਕਾਰੀ ਬਣੀ ਹੈ ਜਾਂ ਆਪਣੇ ਸੁਆਰਥ ਲਈ ਅੱਧੀ ਤੋਂ ਵੱਧ ਆਬਾਦੀ ਨੂੰ ਪਿੱਛੇ ਛੱਡ ਕੇ ਖੁਦ ਕਿਤੇ ਅਗਾਂਹ ਲੰਘ ਜਾਣ ਦੀ ਦੌੜ ਵਿੱਚ ਲੱਗੀ ਹੈ? ਪੜ੍ਹੇ ਲਿਖਿਆਂ ਤੋਂ ਜ਼ਿਆਦਾ ਬੁੱਧੀਮਾਨ ਹੋਣ ਅਤੇ ਕਦਰਾਂ ਕੀਮਤਾਂ ਨੂੰ ਪਰਨਾਏ ਹੋਣ ਦੀ ਉਮੀਦ ਕੀਤੀ ਜਾਂਦੀ ਹੈ। ਪਰ ਅਜਿਹਾ ਕਿਤੇ ਨਜ਼ਰ ਨਹੀਂ ਆ ਰਿਹਾ। ਪੰਜਾਬੀ ਸਮੂਹਿਕ ਤੌਰ ਉੱਤੇ ਆਪਣੇ ਬੁਨਿਆਦੀ ਸਿਧਾਂਤਕ ਚੌਖਟੇ ਵਿਚੋਂ ਉੱਖੜਿਆ ਦਿਖਾਈ ਦੇ ਰਿਹਾ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਕਿਸੇ ਵੀ ਤਥਾਕਥਿਤ ਪੜ੍ਹੇ ਲਿਖੇ ਵਿਅਕਤੀ ਦੇ ਬੱਚੇ ਅਤੇ ਪਰਿਵਾਰ ਪੰਜਾਬੀ ਨਾਲ ਪਿਛੜੀ ਭਾਸ਼ਾ ਦੀ ਤਰ੍ਹਾਂ ਵਿਹਾਰ ਕਰਦੇ ਹਨ। ਸਰਕਾਰਾਂ ਨੇ ਵੀ ਹੁਣ ਤਕ ਇਹੀ ਕੀਤਾ ਹੈ। ਇਹ ਦੋਗਲਾ ਕਿਰਦਾਰ ਸਾਹਮਣੇ ਆ ਰਿਹਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਗੁਰਮੁਖੀ ਵਿੱਚ ਲਿਖੀ ਫਿਲਾਸਫੀ ਨੂੰ ਦੁਨੀਆ ਨੂੰ ਸੇਧ ਦੇਣ ਵਾਲੀ ਕਹਿੰਦਿਆਂ ਹੋਇਆਂ ਵੀ ਸਭ ਗਿਆਨ ਕੇਵਲ ਅੰਗਰੇਜ਼ੀ ਵਿਚੋਂ ਮਿਲ ਸਕਦਾ ਹੈ, ਦੀ ਰਟ ਦੇ ਸ਼ਿਕਾਰ ਹੋ ਚੁੱਕੇ ਹਾਂ। ਸਥਿਤੀ ਇੱਥੇ ਤਕ ਇਸ ਲਈ ਪਹੁੰਚੀ ਕਿਉਂਕਿ ਆਪਣੀ ਭਾਸ਼ਾ ਵਿੱਚ ਖੋਜ, ਗਿਆਨ ਜਾਂ ਇਸ ਦੇ ਪਸਾਰੇ ਦੀ ਕੋਸ਼ਿਸ਼ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ ਗਈ। ਇਸ ਲਈ ਪੰਜਾਬ ਬੌਧਿਕ ਕੰਗਾਲੀ ਦੀ ਕਗਾਰ ਉੱਤੇ ਖੜ੍ਹਾ ਦਿਖਾਈ ਦਿੰਦਾ ਹੈ। ਬੌਧਿਕ ਪੱਧਰ ਉੱਤੇ ਵੱਡੇ ਕਿਰਦਾਰ ਵਾਲੇ ਮਨੁੱਖਾਂ ਤੋਂ ਬਿਨਾਂ ਪੁਲ, ਸੜਕਾਂ ਜਾਂ ਹਵਾਈ ਅੱਡੇ ਆਪਣੇ ਆਪ ਵਿੱਚ ਵਿਕਾਸ ਨਹੀਂ ਹੁੰਦਾ, ਸ਼ਾਇਦ ਇਹ ਵੀ ਸਾਨੂੰ ਕਿਸੇ ਤੋਂ ਬਾਹਰੋਂ ਸਮਝਣ ਦੀ ਲੋੜ ਪਵੇਗੀ?

ਆਰਥਿਕ ਤੰਗੀ, ਸਮਾਜਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ, ਸਮੂਹਿਕ ਦੀ ਥਾਂ ਨਿੱਜ ਪ੍ਰਸਤੀ ਤੋਂ ਪ੍ਰੇਰਿਤ ਜੀਵਨ ਜਾਂਚ, ਕੁਦਰਤ ਦੀ ਵੰਨ ਸੁਵੰਨਤਾ ਤੋਂ ਸਿੱਖਦਿਆਂ ਉਸੇ ਤਰ੍ਹਾਂ ਦਾ ਸਮਾਜਿਕ ਤਾਣਾ-ਬਾਣਾ ਵਿਕਸਤ ਕਰਨ ਦੀ ਜੱਦੋ-ਜਹਿਦ ਦੀ ਅਣਹੋਂਦ, ਦਿਆਨਤਦਾਰ ਅਤੇ ਬੌਧਿਕਤਾ ਨਾਲ ਲੈਸ ਆਗੂਆਂ ਦੀ ਗ਼ੈਰ ਹਾਜ਼ਰੀ ਤੋਂ ਪੈਦਾ ਨਾਉਮੀਦੀ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਅਤੇ ਨੌਜਵਾਨਾਂ ਲਈ ਨਸ਼ਿਆਂ ਦਾ ਰਾਹ ਖੋਲ੍ਹਦੀ ਹੈ। ਬਹੁਤ ਸਾਰੇ ਬਾਹਰ ਜਾਣ ਲਈ ਮਜਬੂਰ ਹਨ। ਬਿੱਲੀ ਨੂੰ ਵੇਖ ਕੇ ਕਬੂਤਰ ਦੇ ਅੱਖਾਂ ਮੀਟ ਲੈਣ ਨਾਲ ਜਾਨ ਨਹੀਂ ਬਚਦੀ। ਇਸ ਲਈ ਆਪਣੇ ਇਤਿਹਾਸ, ਕੁਰਬਾਨੀ ਅਤੇ ਕੁਦਰਤੀ ਵਰਤਾਰੇ ਤੋਂ ਸਿੱਖ ਕੇ ਸਮੂਹਿਕ ਚੇਤਨਾ ਅਤੇ ਸਮੂਹਿਕ ਚਰਿੱਤਰ ਵਿਕਸਤ ਕਰਨ, ਸੱਤਾ ਵਿੱਚ ਸਾਧਾਰਨ ਲੋਕਾਂ ਦੀ ਹਿੱਸੇਦਾਰੀ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਜੀਵਨ ਜਾਂਚ ਨੂੰ ਅੱਗੇ ਵਧਾਉਣ ਦੇ ਉਪਰਾਲੇ ਤੋਂ ਬਿਨਾਂ ਪੰਜਾਬ ਦੀ ਹੋਣੀ ਸੁਧਰਨ ਦੀ ਗੁੰਜਾਇਸ਼ ਨਹੀਂ ਹੋਵੇਗੀ। ਵੋਟ ਦਾ ਹੱਕ ਵੱਡਾ ਹੱਕ ਹੈ, ਇਸ ਦਾ ਇਸਤੇਮਾਲ ਕਰਕੇ ਸੱਤਾ ਵਿੱਚ ਹਿੱਸੇਦਾਰੀ ਦੀ ਦਾਅਵੇਦਾਰੀ ਪੇਸ਼ ਕਰਨ ਵੱਲ ਕਦਮ ਹੈ। ਬਹੁਤ ਸਾਰੇ ਸਿਆਸਤ ਤੋਂ ਉਪਰਾਮ ਹੋ ਚੁੱਕੇ ਨੌਜਵਾਨਾਂ ਦਾ ਸਿਆਸਤ ਵਿੱਚ ਕੁੱਦਣਾ ਸ਼ੁਭ ਸ਼ਗਨ ਹੈ, ਪਰ ਇਸ ਲਈ ਸਹਿਣਸ਼ੀਲਤਾ ਨਿਹਾਇਤ ਜ਼ਰੂਰੀ ਹੈ। ਮੇਰੇ ਨਾਲ ਜਾਂ ਮੇਰੇ ਵਿਰੋਧੀ ਤਕ ਸੁੰਗੜ ਗਈ ਸੋਚ ਨੂੰ ਵਿਸਥਾਰ ਦੇਣ ਦੀ ਲੋੜ ਹੈ। ਵੰਨ-ਸੁਵੰਨੇ ਵਿਚਾਰ ਅਤੇ ਆਪਸੀ ਸੰਵਾਦ ਹੀ ਬੌਧਿਕ ਤਰੱਕੀ ਦਾ ਰਾਹ ਹੁੰਦਾ ਹੈ। ਉਮੀਦ ਹੈ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚੋਂ ਗਾਇਬ ਹੋਇਆ ਬੌਧਿਕ, ਸਿਆਸੀ, ਸਮਾਜਿਕ ਅਤੇ ਸਭਿਆਚਾਰਕ ਸੰਵਾਦ ਮੁੜ ਸ਼ੁਰੂ ਹੋਵੇਗਾ ਅਤੇ 11 ਮਾਰਚ ਦੇ ਨਤੀਜਿਆਂ ਤੋਂ ਬਾਅਦ ਤਬਦੀਲੀ ਦੀ ਫਿਜ਼ਾ ਕੇਵਲ ਸਰਕਾਰ ਬਣਾਉਣ ਤਕ ਸਿਮਟ ਕੇ ਨਹੀਂ ਰਹਿ ਜਾਵੇਗੀ।

# ਸ਼ਾਬਦਿਕ ਹਿੰਸਾ: ਕਹਿਣੀ ਤੌਂਹੀਦ, ਕਰਨੀ ਤੌਂਹੀਨ

**ਡਾ.ਸੇਵਕ ਸਿੰਘ**
(ਫੋਨ ਸੰਪਰਕ : 9885 84313)



ਪੰਜਾਬ ਦੀ ਰਾਜਨੀਤੀ, ਸਮਾਜਕ ਜੀਵਨ ਅਤੇ ਸਭਿਆਚਰਕ ਪਿੜ ਵਿਚ ਓਹੀ ਕੁਝ ਹੋ ਰਿਹਾ ਹੈ ਜੋ ਸਾਡੇ ਸਮਾਜ ਦੇ ਸਭ ਤੋਂ ਸਿਆਣੇ ਬੰਦੇ ਗਿਆਨ ਦੇ ਖੇਤਰ ਵਿਚ ਕਰ ਰਹੇ ਹਨ। ਨਸ਼ਾ ਪਦਾਰਥਕ ਹੀ ਨਹੀਂ ਸਗੋਂ ਗਿਆਨ/ਅਗਿਆਨ ਦਾ ਵੀ ਹੁੰਦਾ ਹੈ। ਕੋਈ ਮਨੁੱਖੀ ਸਮਾਜ ਓਨਾ ਚਿਰ ਗੁਲਾਮੀ ਦਾ ਆਦੀ ਨਹੀਂ ਹੁੰਦਾ ਜਿੰਨਾ ਚਿਰ ਉਹ ਆਪਣੀ ਕਮਜੋਰੀ/ਮਜਬੂਰੀ ਦੀ ਹਾਲਤ ਵਿਚੋਂ ਸੁਆਦ ਲੈਣ ਦੇ ਨਸ਼ੇ ਨਹੀਂ ਲੱਗ ਜਾਂਦਾ। ਜਦੋਂ ਮਨੁੱਖੀ ਸਮਾਜ ਦਾ ਪੱਧਰ ਇਸ ਤਰ੍ਹਾਂ ਦਾ ਹੋ ਜਾਵੇ ਤਾਂ ਉਹ ਮਨੋਰੰਜਨ ਦੀ ਬੁਨਿਆਦੀ ਰੁਚੀ ਕਾਰਨ ਬੇਇਜਤੀ ਵਿਚੋਂ ਵੀ ਸੁਆਦ ਲੈਣਾ ਸ਼ੁਰੂ ਕਰ ਦਿੰਦਾ ਹੈ। ਅੱਜ ਸਾਡੇ ਲੋਕ ਨਾ ਸਿਰਫ ਬੇਇਜਤੀ ਬਰਦਾਸ਼ਤ ਕਰ ਹੀ ਰਹੇ ਹਨ ਸਗੋਂ ਆਪਣੀ ਅਤੇ ਆਪਣਿਆਂ ਦੀ ਬੇਇਜਤੀ ਵਿਚੋਂ ਵੀ ਸੁਆਦ ਲੈ ਰਹੇ ਹਨ। ਇਸ ਮਾਨਸਿਕ ਬੌਧਿਕ ਹਾਲਤ ਦੀ ਸਭ ਤੋਂ ਵੱਡੀ ਮਿਸਾਲ ਹੈ ਕਿ ਖਾਲਿਸਤਾਨ ਦੀਆਂ ਗੱਲਾਂ ਕਰਨ ਵਾਲੇ ਸੱਜਣਾਂ ਨੇ ਵੀ ਬਾਦਲ ਦਲ ਨੂੰ ਚੋਣਾਂ ਚ ਹਰਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾੜੇ ਹੋਏ ਅੰਗਾਂ ਦੀਆਂ ਤਸਵੀਰਾਂ ਅੱਗੇ ਅੱਗੇ ਭੇਜੀਆਂ। ਹਰ ਵਾਰ ਚੋਣਾਂ ਵੇਲੇ ਦਰਬਾਰ ਸਾਹਿਬ ਦੇ ਹਮਲੇ, ਸਿੱਖ ਕਤਲੇਆਮ ਅਤੇ ਬੇਪਤੀ ਨੂੰ ਜਿਵੇਂ ਉਛਾਲਿਆ ਅਤੇ ਵਰਤਿਆ ਜਾਂਦਾ ਹੈ, ਉਸ ਵਰਤਾਰੇ ਨੂੰ ਗਾਹਲਾਂ ਕੱਢ ਕੇ ਗੱਲ ਨਹੀਂ ਬਣਦੀ। ਜੇ ਕੋਈ ਭਾਵੁਕਤਾ ਕਰਕੇ, ਅਗਿਆਨਤਾ ਕਰਕੇ, ਲਹਿਰ ਅਤੇ ਖਾਲਿਸਤਾਨ ਤੋਂ ਭਗੌੜੇ ਹੋਣ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਕਰਕੇ (ਮੰਨ ਲਓ) ਗਾਹਲਾਂ ਕੱਢਦਾ ਹੈ ਤਾਂ ਕੋਈ ਦੂਜਾ ਜੋ ਆਪਣੇ ਆਪ ਨੂੰ ਉਸ (ਦੋਸ਼ੀ) ਨਾਲੋਂ ਕਿਸੇ ਵੀ ਤਰੀਕੇ ਵਧੀਆ ਸਮਝਦਾ ਅਤੇ ਸਿੱਧ ਕਰਦਾ ਹੈ ਤਾਂ ਉਸ ਲਈ ਇਹ ਗੱਲ ਸੋਭਾ ਵਾਲੀ ਕਿਵੇਂ ਹੈ ਕਿ ਉਹ ਉਹਨਾਂ ਬੁਰੇ ਸ਼ਬਦਾਂ ਨੂੰ ਝੰਡੀ ਬਣਾ ਕੇ ਘੁੰਮਾਉਂਦਾ ਫਿਰੇ? ਦੂਜੇ ਦੇ ਔਗੁਣ ਨਸ਼ਰ ਕਰਕੇ ਜਾਂ ਉਸ ਤੇ ਕਿਸੇ ਕਿਸਮ ਦੇ ਦੋਸ਼ ਲਾ ਕੇ ਆਪਣੇ ਆਪ ਨੂੰ ਵੱਡੇ/ਚੰਗੇ ਜਾਂ ਸਹੀ ਮੰਨਣਾ ਕਿਸ ਕਿਸਮ ਦੀ ਪਰਾਪਤੀ ਹੈ? ਕਿਸੇ ਵੀ ਦੂਜੇ ਦੀ ਗਲਤੀ ਕਿਸੇ ਹੋਰ ਲਈ ਵੱਡੇ ਹੋਣ ਦਾ ਪਰਵਾਨਾ ਕਿਵੇਂ ਬਣ ਸਕਦੀ ਹੈ? ਇਸ 'ਚਣੌਤੀ' ਬਾਰੇ ਲਿਖਣ ਲਈ ਜਾਣਕਾਰਾਂ ਨੇ ਕਈ ਵਾਰ ਆਖਿਆ ਪਰ ਸਮਝਦਾਰਾਂ (ਖਾਸਕਰ ਜੋ ਦੋਵਾਂ ਸੱਜਣਾਂ ਨੂੰ ਜਾਣਦੇ ਸਨ) ਨੇ ਸਾਫ ਰੋਕਿਆ। ਮੈਂ ਮੰਨਦਾ ਹਾਂ ਕਿ ਇਹ ਕੋਈ ਵਿਚਾਰ ਚਰਚਾ ਨਹੀਂ ਏ ਪਰ ਮੈਨੂੰ ਲਗਦੈ ਜਦੋਂ ਕੋਈ ਵਾਰ-ਵਾਰ ਗਲਤ ਗੱਲਾਂ ਕਰ ਰਿਹਾ ਹੈ ਤਾਂ ਉਸ ਨੂੰ ਘੱਟੋ ਘੱਟ ਇਕ ਵਾਰ ਤਾਂ ਕਹਿਣਾ ਬਣਦਾ ਹੀ ਏ ਕਿ ਭਾਈ ਇਹ ਦਲੀਲਾਂ ਨਹੀਂ ਕੁਝ ਹੋਰ ਹੈ।

ਜੋ ਕਹਿਣ ਨੂੰ ਬਹਿਸ ਹੈ ਪਰ ਉਹ ਲਿਖਤ ਅਸਲ ਵਿਚ ਕਿਹੜਾ ਰੂਪ ਧਾਰਦੀ ਹੈ ਅਗਲੀਆਂ ਗੱਲਾਂ ਉਸ ਬਾਰੇ ਹਨ:

**(1) ਚਰਚਾ ਮੁੱਦਾ**

**1.1 ਚਿੰਤਨ**

ਜਿਸ ਗੱਲ ਤੋਂ ਗੱਲ ਸ਼ੁਰੂ ਹੋਈ ਉਹ ਇਕ ਮੁਲਾਕਾਤ ਹੈ। ਇਸ ਮੁਲਾਕਾਤ ਵਿਚ ਸਰਦਾਰ ਅਜਮੇਰ ਸਿੰਘ ਨੇ ਉਹਨਾਂ ਲੋਕਾਂ ਦੀ ਸਮਝ ਤੇ ਵਿਹਾਰ ਬਾਰੇ ਗੱਲ ਕੀਤੀ ਜਿਨ੍ਹਾਂ ਵਿਚ ਉਹ ਆਪ ਅਤੇ ਉਹਨਾਂ ਦੇ ਹੱਕ/ਵਿਰੋਧ ਵਾਲੇ ਵੀ ਆਉਂਦੇ ਹਨ। ਮਸਲਾ ਇਹ ਹੈ ਕਿ ਅਜਮੇਰ ਸਿੰਘ ਨੇ (ਬਹੁਤ ਪਛੜ ਕੇ) ਪਿਛਲੇ ਕੁਝ ਸਮੇਂ ਤੋਂ ਪੱਛਮੀ ਚਿੰਤਨ ਬਾਰੇ ਬੋਲਣਾ ਸ਼ੁਰੂ ਕੀਤਾ ਹੈ। ਅਜੇ ਵੀ ਉਹ ਉਸ ਦੀਆਂ ਦੋ ਪਰਤਾਂ (ਗਿਆਨ ਪ੍ਰਬੰਧ ਅਤੇ ਰਾਜ ਪ੍ਰਬੰਧ) ਦੀਆਂ ਘਾਟਾਂ ਜਾਂ ਬੁਰਾਈਆਂ ਦੀ ਗੱਲ ਹੀ ਕਰ ਰਹੇ ਹਨ। ਉਹੀ ਗੱਲਾਂ ਜੋ ਡਾ. ਗੁਰਭਗਤ ਸਿੰਘ ਅਤੇ ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਰਣਧੀਰ ਸਿੰਘ ਅਤੇ ਰਬਿੰਦਰ ਨਾਥ ਟੈਗੋਰ ਨੇ ਵੀ ਪਹਿਲਾਂ ਕਹਿ ਦਿੱਤੀਆਂ ਸਨ। ਜੇ ਗੱਲ ਸਿਧਾਂਤਕ ਵਿਰੋਧ ਤੱਕ ਸੀਮਤ ਹੁੰਦੀ ਤਾਂ ਸੱਚਮੁੱਚ ਵਿਚਾਰ ਵਰਗੀ ਹੋਣੀ ਸੀ ਕਿਉਂਕਿ ਇਸ ਕਿਸਮ ਦੀ ਚਰਚਾ ਵਿਚ ਇਤਰਾਜ ਸੁਕਰਾਤ ਪਲੈਟੋ ਦੇ ਵੇਲਿਆਂ ਤੋਂ ਹੁੰਦੇ ਆਏ ਹਨ।ਦੁਨੀਆ ਵਿਚ ਕਿਸੇ ਵੀ ਵੇਲੇ ਦੇ ਸਾਰੇ ਸਿਆਣੇ ਰਾਜ ਦੇ ਕਿਸੇ ਵੀ ਇਕ ਰੂਪ ਨਾਲ ਸਹਿਮਤ ਨਹੀਂ ਰਹੇ ਹਨ।

**1.2 ਮਾਰਕਸੀ ਸਮਝ ਦਾ ਮਾਮਲਾ**

ਸਰਦਾਰ ਕਰਮਜੀਤ ਸਿੰਘ ਨੇ ਲਿਖਿਆ ਹੈ ਕਿ ਅਜਮੇਰ ਸਿੰਘ ਨੂੰ ਗੁਰਬਾਣੀ ਅਤੇ ਇਤਿਹਾਸ (ਖਾਸ ਕਰਕੇ ਵਰਤਮਾਨ) ਦੀ ਸਮਝ ਨਹੀਂ ਹੈ। ਇਸੇ ਗੱਲ ਨੂੰ ਅਜਮੇਰ ਸਿੰਘ ਨੇ ਉਹਨਾਂ ਦੇ ਲਿਖਣ ਤੋਂ ਪਹਿਲਾਂ (ਟੁਟਵੇਂ ਰੂਪ ਵਿਚ) ਕਈ ਵਾਰ ਕਈ ਥਾਂ ਮੰਨਿਆ ਹੈ ਕਿ ਕਾਮਰੇਡੀ ਪਿਛੋਕੜ ਹੋਣ ਕਰਕੇ ਉਹਨਾਂ ਨੂੰ ਗੁਰਬਾਣੀ ਦੀ ਸਮਝ ਨਹੀਂ ਹੈ। ਜਿਸ ਬੰਗਲੌਰ ਵਾਲੇ ਵਿਖਿਆਨ ਦੀ ਚਰਚਾ ਹੋਈ ਹੈ ਉਸ ਦੇ ਸ਼ੁਰੂ ਵਿਚ ਇਹ ਜਿਕਰ ਹੈ ਕਿ 'ਮੇਰੀ ਕੋਈ ਘਾਟ ਹੈ ਅਜੇ ਮੈਂ ਅੰਮ੍ਰਿਤ ਨਹੀਂ ਛਕਿਆ'। ੪ ਜੂਨ ੨੦੧੬ ਨੂੰ ਕਿਸਾਨ ਭਵਨ, ਚੰਡੀਗੜ੍ਹ ਵਿਖੇ ਹੋਈ ਗੱਲਬਾਤ ਵਿਚ ਵੀ ਆਪਣੇ ਕਾਮਰੇਡੀ ਪਿਛੋਕੜ ਦਾ ਜਿਕਰ ਕੀਤਾ ਹੈ। ਇਕ ਤਰ੍ਹਾਂ ਨਾਲ ਦੋਵਾਂ ਸੱਜਣਾਂ ਨੇ ਤਸਦੀਕ ਕੀਤਾ ਹੈ ਕਿ ਕਾਮਰੇਡੀ ਸਮਝ ਨਾਲ ਸਿੱਖੀ ਨੂੰ ਨਹੀਂ ਸਮਝਿਆ ਜਾ ਸਕਦਾ।ਬੰਦਾ ਆਪਣੀ ਜੋ ਘਾਟ ਆਪ ਮੰਨੇ ਉਸ ਨੂੰ ਓਸੇ ਦਾ ਮਿਹਣਾ ਦੇਣਾ?

**1.3 ਬੰਦਾ ਚਰਚਾ**

ਸਰਦਾਰ ਕਰਮਜੀਤ ਸਿੰਘ ਨੇ ਸਿਧਾਂਤਕ ਚਰਚਾ ਵਜੋਂ ਅਜਮੇਰ ਸਿੰਘ ਦਾ ਕਿਰਦਾਰ ਇਸ ਤਰ੍ਹਾਂ ਚਿਤਰਿਆ ਹੈ:

- "ਇਸ ਸਿੱਖ ਵਿਦਵਾਨ ਨੇ ਖ਼ਾਲਿਸਤਾਨ ਲਈ ਹਜ਼ਾਰਾਂ ਵੀਰਾਂ ਤੇ ਭੈਣਾਂ ਦੇ ਡੁੱਲ੍ਹੇ ਖ਼ੂਨ ਨੂੰ ਅਣਦੇਖਿਆ ਅਤੇ ਅਣਗੌਲਿਆ ਕਰਕੇ ਇਹ ਸੰਦੇਸ਼ ਦਿੱਤਾ ਹੈ ਕਿ ਉਹ ਸਾਰਾ ਸੰਘਰਸ਼ ਹੀ ਗਲਤ ਸੀ"।
- "ਸੰਤ ਜਰਨੈਲ ਸਿੰਘ ਦੀ ਸਖਸ਼ੀਅਤ ਦੇ ਦਿਮਾਗੀ ਦੀਦਾਰ ਤਾਂ ਕੀਤੇ ਹਨ ਪਰ ਰੂਹਾਨੀ ਦੀਦਾਰ ਨਹੀਂ ਕਰ ਸਕੇ"।
- "ਖ਼ਾਲਿਸਤਾਨ ਉਹਨਾਂ ਦੀ ਆਪਣੀ ਇੱਛਾ ਜਾਂ ਮਰਜ਼ੀ ਦਾ ਹਿੱਸਾ ਹੀ ਨਹੀਂ ਹੈ"।
- ਸਿੱਖਾਂ ਦੇ ਗਲ਼ (ਦੂਜੀ/ਤੀਜੀ) ਗੁਲਾਮੀ ਪੱਕੀ ਕਰਨਾ ਚਾਹੁੰਦਾ ਹੈ।
- "ਦੋ ਮਿੰਟ ਵੀ ਨਹੀਂ ਬੈਠ ਸਕਦੇ ਅਜਮੇਰ ਸਿੰਘ ਖ਼ਾਲਿਸਤਾਨੀਆਂ ਨਾਲ"

ਖੋਜ ਵਿਧੀ ਦਾ ਸਿਧਾਂਤ ਵਰਤਦਿਆਂ ਉਹਨਾਂ ਨੇ ਪਹਿਲਾਂ ਮੁਸ਼ਕਲ ਲੱਭੀ, ਸਮੱਗਰੀ ਇਕੱਠੀ ਕੀਤੀ ਅਤੇ ਜੋ ਲੱਭਤਾਂ ਕੀਤੀਆਂ ਉਹਨਾਂ ਵਿਚੋਂ ਕੁਝ ਉਪਰ ਲਿਖੀਆਂ ਹਨ। ਲੱਭਤਾਂ ਦੇ ਅਧਾਰ ਤੇ ਜੋ ਸਿਧਾਂਤ ਸਾਹਮਣੇ ਲਿਆਂਦਾ ਉਸ ਬਾਰੇ ਸ. ਕਰਮਜੀਤ ਸਿੰਘ ਦੀ ਆਪਣੇ ਦੋਸਤਾਂ ਨਾਲ ਚਰਚਾ ਹੋਈ ਹੈ।

**(2) ਚਰਚਾ ਘੇਰਾ**

ਸਰਦਾਰ ਕਰਮਜੀਤ ਸਿੰਘ ਨੇ ਆਪਣੀ ਚਿਰੋਕਣੀ ਇੱਛਾ ਅਧੀਨ ਵੱਡਾ ਘੇਰਾ ਵਗਲਣ ਲਈ ਇਸ ਤਰ੍ਹਾਂ ਮਿਹਨਤ ਕੀਤੀ ਹੈ:

- ਕਾਮਰੇਡ ਭਾਈਆਂ ਦਾ ਲਾਹਾ ਲੈਣ ਸਿੱਖਾਂ ਪ੍ਰਤੀ ਕਿਸੇ ਤਰ੍ਹਾਂ ਦਾ ਝੁਕਾਅ ਰੱਖਣ ਵਾਲੇ ਮਰਹੂਮ ਕਾਮਰੇਡ ਸੱਜਣਾਂ (ਪ੍ਰੋ. ਕਿਸ਼ਨ ਸਿੰਘ ਤੇ ਸੰਤ ਸਿੰਘ ਸੇਖੋਂ) ਨੂੰ ਵੀ ਅਜਮੇਰ ਸਿੰਘ ਵਾਲੀ ਕਤਾਰ ਵਿਚ ਖੜ੍ਹਾ ਕੇ ਰੱਦਿਆ ਹੈ। ਦੂਜੇ ਪਾਸੇ ਘੇਰਾ ਵੱਡਾ ਕਰਦਿਆਂ ਉਹਨਾਂ ਨੇ ਕਾਲ ਦੀਆਂ ਹੱਦਾਂ ਪਾਰ ਕਰਕੇ ਸਰਦਾਰ ਭਗਤ ਸਿੰਘ ਨੂੰ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਪੜ੍ਹਨ ਲਾਇਆ। ਤੀਜਾ ਉਹਨਾਂ ਨੇ ਇਹ ਸਿੱਧ ਕੀਤਾ ਕਿ ਅਜਮੇਰ ਸਿੰਘ ਦਾ ਕਾਮਰੇਡਾਂ ਨੂੰ ਛੱਡਣ ਦਾ ਕਾਰਨ ਸਿਧਾਂਤਕ ਨਹੀਂ ਸੀ ਸਗੋਂ ਉਹ ਆਪਣੀ 'ਖਿਝੂ-ਖਿਝੂ ਮਾਨਸਿਕਤਾ' ਕਰਕੇ ਉਹਨਾਂ ਨੂੰ ਛੱਡ ਕੇ ਆਏ।
- ਮਾਨ ਸਾਹਿਬ ਦੇ ਸਮਰਥਕਾਂ ਨੂੰ ਨਾਲ ਲੈਣ ਲਈ ਬਫਰ ਸਟੇਟ ਬਾਰੇ ਵਿਕੀਪੀਡੀਆਂ ਦਾ ਪੰਨਾ ਪੜ੍ਹਿਆ, ਮਾਨ ਸਾਹਿਬ ਦੇ ਪਰਮਾਣੂ ਜੰਗ ਵਾਲੇ ਬਿਆਨ ਨੂੰ ਵੱਡੀ ਸਿਆਣਪ ਕਿਹਾ ਅਤੇ ਦੇਸ਼ ਕਾਲ ਤੋਂ ਉਪਰ ਉਠ ਕੇ ਪੰਜਾਬ ਨੂੰ ਕਸ਼ਮੀਰ ਵਾਲੀ ਜੀਓ ਪੋਲੋਟੀਕਲ ਥਾਂ ਵਿਚ ਪਾ ਦਿੱਤਾ।
- ਸਾਰੇ ਖਾਲਿਸਤਾਨੀਆਂ ਨੂੰ ਨਾਲ ਲੈਣ ਦਾ ਜਿਕਰ ਅੱਗੇ ੩.੨ (ਦੋ ਮਿੰਟ ਵੀ ਨਹੀਂ ਬੈਠ ਸਕਦੇ) ਵਾਲੇ ਹਿੱਸੇ ਵਿਚ ਹੈ।
- ਸ਼ੱਕ-ਸਿਧਾਂਤ ਅਧੀਨ ਅਜਮੇਰ ਸਿੰਘ ਦੀਆਂ ਗੱਲਾਂ ਖਾਲਿਸਤਾਨ ਦਾ ਲੁਕਵਾਂ ਵਿਰੋਧ ਕਰਨ ਅਤੇ ਸਿੱਖਾਂ ਨੂੰ ਭੁਲੇਖਾ ਦੇਣ ਦੀਆਂ ਚਾਲਾਂ ਹਨ।
- ਤੀਜੀ ਅੱਖ ਨਾਲ ਵੇਖਣ ਅਤੇ ਅਣਕਹੇ ਨੂੰ ਸੁਣਨ ਦੇ ਦਾਅਵੇ ਅਤੇ "ਪਹਿਲਾਂ ਹੀ ਪਤਾ ਸੀ", "ਪਤਾ ਹੀ ਸੀ", "ਅਗਾਊਂ ਪਤਾ ਸੀ" ਆਦਿ ਲਿਖ ਕੇ ਆਪਣੇ ਸਰਬਕਾਲੀ ਸਰਬ ਗਿਆਤਾ ਹੋਣ ਦਾ ਸਬੂਤ ਵੀ ਦਿੱਤਾ।

**(3) ਚਰਚਾ ਦੇ ਨਾਅਰੇ**

ਸ਼ਰਦਾਰ ਕਰਮਜੀਤ ਸਿੰਘ ਨੇ ਅਲੰਕਾਰਕ ਵਿਧੀ ਨਾਲ ਜਿਵੇਂ ਗੱਲਾਂ ਨਾਅਰੇ ਬਣਾਈਆਂ ਹਨ:

"ਇਹਨਾਂ ਅਫਸੋਸਨਾਕ ਟਿੱਪਣੀਆਂ ਨਾਲ ਸਾਰੀ ਦੁਨੀਆ ਵਿਚ ਹੈਰਾਨੀ, ਉਦਾਸੀ, ਮਾਯੂਸੀ, ਰੋਸ ਤੇ ਗੁੱਸੇ ਦਾ ਮਾਹੌਲ ਪੈਦਾ ਹੋ ਗਿਆ"।

'ਸਾਰੀ ਦੁਨੀਆ': ਇਸ ਟਿੱਪਣੀ ਵਿਚਲੀ 'ਸਾਰੀ ਦੁਨੀਆ' ਨੂੰ ਵੇਖੋ ਤਾਂ ਪਹਿਲਾਂ ਪੰਜਾਬੀਆਂ, ਫਿਰ ਸਿੱਖਾਂ, ਅੱਗੋਂ ਖਾਲਸਤਾਨੀਆਂ ਫਿਰ ਅਜਮੇਰ ਸਿੰਘ ਪੱਖੀਆਂ, ਅੰਤ ਉਹਨਾਂ ਚ ਕੁਝ ਬੁਰਾ ਮੰਨਣ ਵਾਲਿਆਂ ਤੱਕ ਸਿਮਟ ਜਾਂਦੀ ਹੈ।

'ਡਿਸਗਸਟਿੰਗ' ਸ਼ਬਦ ਵਾਲੇ ਪੂਰੇ ਬੋਲ ਨੂੰ ਇਕ ਵਾਰ ਵੀ ਸਹੀ ਨਹੀਂ ਲਿਖਿਆ ਜਿਸ ਵਾਕ ਵਿਚ ਇਹ ਸ਼ਬਦ ਆਇਆ ਸੀ।ਉਹਨਾਂ ਬੋਲਾਂ ਬਾਰੇ ਵੀ ਗੱਲ ਕਰਨੀ ਜਰੂਰੀ ਹੈ ਜੋ ਉਹਨਾਂ ਨੇ ਸਿਧਾਂਤਕ ਬਹਿਸ ਲਈ ਵਰਤੇ ਹਨ।

**3.1 ਡਿਸਗਸਟਿੰਗ**

ਸਰਦਾਰ ਕਰਮਜੀਤ ਸਿੰਘ ਨੇ ਸ਼ਬਦ ਦੀ ਬਹੁਤ ਵਰਤੋਂ ਚਰਚਾ ਕੀਤੀ ਹੈ। ਮਿਸਾਲ ਵਜੋਂ:

- "ਉਹਨਾਂ ਨੇ ਖ਼ਾਲਿਸਤਾਨੀਆਂ ਬਾਰੇ ਡਿਸਗਸਟਿੰਗ (Disgusting) ਸ਼ਬਦ ਵਰਤਿਆ, ਜਿਸ ਦਾ ਡਿਕਸ਼ਨਰੀ ਮਤਲਬ ਹੈ: ਅੱਕ ਜਾਣਾ ਜਾਂ ਘਿਰਣਾ ਕਰਨਾ। ਦੂਜੇ ਸ਼ਬਦਾਂ ਵਿਚ ਉਹ ਖ਼ਾਲਿਸਤਾਨੀਆਂ ਤੋਂ ਅੱਕ ਚੁੱਕੇ ਹਨ ਅਤੇ ਉਹਨਾਂ ਨੂੰ ਘਿਰਣਾ ਦੀ ਨਿਗ੍ਹਾ ਨਾਲ ਦੇਖਦੇ ਹਨ"।
- "ਖ਼ਾਲਿਸਤਾਨੀ ਉਹਨਾਂ ਲਈ 'ਡਿਸਗਸਟਿੰਗ' ਵਰਗ ਵਿਚ ਆ ਗਏ ਜਿਹਨਾਂ ਕੋਲ ਦੋ ਮਿੰਟ ਬੈਠਣ ਲਈ ਵੀ ਉਹਨਾਂ ਨੂੰ ਕਚਿਆਣ ਮਹਿਸੂਸ ਹੁੰਦੀ ਹੈ"।
- "ਉਨ੍ਹਾਂ ਨੂੰ ਖਾਲਿਸਤਾਨੀਆਂ ਤੋਂ ਕਚਿਆਣ (ਡਿਸਗਸਟਿੰਗ) ਆਉਂਦੀ ਹੈ"।(ਦੂਜਾ ਲੇਖ)
- "ਅਜਮੇਰ ਸਿੰਘ ਵਲੋਂ ਸਰਬ ਸਾਂਝੇ ਤੌਰ 'ਤੇ ਕੀਤੇ ਅਪਮਾਨ ਦਾ ਰੂਪ ਇਸ ਸਾਬਕਾ ਖਿਡਾਰੀ ਨੂੰ ਮਹਿਸੂਸ ਨਹੀਂ ਹੋ ਰਿਹਾ"।(ਦੂਜਾ ਲੇਖ)

ਉਹਨਾਂ ਨੇ ਡਿਕਸ਼ਨਰੀ ਵਿਚੋਂ ਇਸ ਸ਼ਬਦ ਦੇ ਦੋ ਮਤਲਬ ਲੱਭੇ ਤੇ ਦੋਵੇਂ ਹੀ ਇਕੋ ਵਾਕ ਵਿਚ ਵਰਤ ਲਏ ਭਾਵੇਂ ਸ਼ਬਦ ਇਕੋ ਵਾਰ ਵਰਤਿਆ ਗਿਆ ਸੀ। ਕਿਸੇ ਖਾਸ ਵਾਕ ਵਿਚੋਂ ਕਿਸੇ ਸ਼ਬਦ ਨੂੰ ਕੱਢਣ/ਪਾਉਣ ਨਾਲ ਅਤੇ ਪਰਸੰਗ ਬਦਲਣ ਨਾਲ ਅਰਥ ਓਹੀ ਰਹਿ ਜਾਂਦੇ ਹਨ? ਸਰਦਾਰ ਕਰਮਜੀਤ ਸਿੰਘ ਵਲੋਂ ਹੀ ਅਜਮੇਰ ਸਿੰਘ ਦੀ ਮੁਲਾਕਾਤ ਦਾ ਇੰਨ ਬਿੰਨ ਉਤਾਰਾ ਜੋ ਦਿੱਤਾ ਗਿਆ ਹੈ ਉਸ ਵਿਚੋਂ 'ਡਿਸਗਸਟਿੰਗ' ਵਾਲਾ ਵਾਕ ਦੁਬਾਰਾ ਪੜ੍ਹਨਾ ਚਾਹੀਦਾ ਹੈ ਉਸੇ ਪਰਸੰਗ ਸਮੇਤ:

**ਅਜਮੇਰ ਸਿੰਘ:** "ਇੱਕ ਇਹ ਸਟੇਜ ਵੀ ਆਉਂਦੀ ਹੁੰਦੀ ਬਈ ਜਦੋਂ ਤੁਹਾਨੂੰ ਪੁਰਾਣੀਆਂ ਗੱਲਾਂ ਅਗਜਾਸਟ ਹੋ ਚੁੱਕੀਆਂ ਹੁੰਦੀਆਂ, ਨਵੀਂ ਦਾ ਕੋਈ ਅਜੇ ਸਾਹਮਣੇ ਉੱਭਰ ਕੇ ਨੀ ਆਇਆ ਹੁੰਦਾ.. ਇਹੋ ਜਿਹੇ ਬੰਦੇ ਜਿੰਨ੍ਹਾਂ 'ਚ ਬਾਕਿਆ ਈ ਸਮਰੱਥਾ ਵੀ ਸੀ, ਅੰਦਰ ਜਜਬਾ ਵੀ ਸੀ ਤਜਰਬਾ ਵੀ ਸੀ, ਪਰ ਹੁਣ ਮੈਂ ਦੇਖ ਰਿਹਾ ਹਾਂ, ਹੁਣ ਉਹ ਕੁਝ ਵੀ ਨਵਾਂ ਨਹੀਂ ਕਰ ਰਹੇ, ਓਹੀ ਗੱਲਾਂ ਨੂੰ ਰਪੀਟ ਕਰ ਰਹੇ ਨੇ ਉਸੇ ਤਰਾਂ"

**ਯਾਦਵਿੰਦਰ:** ਖਾਲਿਸਤਾਨੀ ਧਿਰਾਂ ਵੀ ਓਹੀ ਗੱਲਾਂ ਨੂੰ ਰਪੀਟ ਕਰ ਰਹੀਆਂ ਨੇ?

**ਅਜਮੇਰ ਸਿੰਘ:** ਬਿਲਕੁਲ ਖਾਲਿਸਤਾਨੀ ਤਾਂ ਕਾਫੀ ਹੱਦ ਤੱਕ ਬਹੁਤ ਡਿਜ਼ਗਸਟਿੰਗ ਹੱਦ ਤੱਕ ਉਹਦਾ ਤਾਂ, ਲੈਫਟ ਤੇ ਖਾਲਿਸਤਾਨੀ ਇਹ ਇੱਕੋ ਸਿੱਕੇ ਦੇ ਦੋ ਪਾਸੇ ਆ"।

**ਪਾਠਕ ਦੀ ਮਰਜੀ ਹੈ ਕਿ:**

- ਉਸ ਨੇ ਡਿਸਗਸਟਿੰਗ ਸ਼ਬਦ ਨੂੰ ਵਾਕ ਵਿਚ ਕਿਥੇ ਰੱਖ ਕੇ ਪੜ੍ਹਨਾ ਹੈ
- ਉਸ ਨੇ ਜਵਾਬ ਨੂੰ ਸਵਾਲ ਨਾਲ ਜੋੜਕੇ ਵੇਖਣਾ ਹੈ ਕਿ ਨਹੀਂ ਕੁਝ ਨਵਾਂ ਨਾ ਕਰਨ ਦੀ ਥਾਂ 'ਓਹੀ ਗੱਲਾਂ' 'ਉਸੇ ਤਰ੍ਹਾਂ' ਦੁਹਰਾਓਣਾ ਡਿਸਗਸਟਿੰਗ ਹੈ ਜਾਂ 'ਖਾਲਿਸਤਾਨੀ ਡਿਸਗਸਟਿੰਗ' ਹਨ। ਖਾਲਿਸਤਾਨੀਆਂ ਬਾਰੇ ਸਰਦਾਰ ਕਰਮਜੀਤ ਸਿੰਘ ਦੇ ਤੀਜੇ ਲੇਖ ਵਾਲਾ ਕਥਨ ਵੀ ਬਰਾਬਰ ਰੱਖ ਕੇ ਵੇਖਣਾ ਬਣਦਾ ਹੈ:

## ਕਰਮਜੀਤ ਸਿੰਘ

"ਇਥੋਂ ਤੱਕ ਕਿ ਖਾਲਿਸਤਾਨ ਪ੍ਰਤੀ ਵਚਨਬੱਧ ਜਥੇਬੰਦੀਆਂ ਲਈ ਵੀ ਖਾਲਿਸਤਾਨ ਹੁਣ ਰੂਹ ਦੀ ਪਿਆਸ ਨਹੀਂ ਹੈ, ਬੱਸ ਇਕ ਰਸਮ ਹੈ ਜੋ ਨਿਭਾਈ ਜਾ ਰਹੀ ਹੈ" (ਤੀਜਾ ਲੇਖ)

## ਅਜਮੇਰ ਸਿੰਘ

ਬਿਲਕੁਲ ਖਾਲਿਸਤਾਨੀ ਤਾਂ ਕਾਫੀ ਹੱਦ ਤੱਕ ਬਹੁਤ ਡਿਸਗਸਟਿੰਗ ਹੱਦ ਤੱਕ ਉਹਦਾ ਤਾਂ, ਲੈਫਟ ਤੇ ਖਾਲਿਸਤਾਨੀ ਇਹ ਇੱਕੋ ਸਿੱਕੇ ਦੇ ਦੋ ਪਾਸੇ ਆ"।

ਸਰਦਾਰ ਕਰਮਜੀਤ ਸਿੰਘ ਨੇ ਨਾ ਸਿਰਫ ਅਜਮੇਰ ਸਿੰਘ ਦੀ ਗੱਲ ਨੂੰ ਸੋਧ ਕੇ ਉਸ ਵਿਚੋਂ ਦੁਨੀਆ ਅਤੇ ਪੰਜਾਬ ਦਾ ਪਰਸੰਗ ਖਤਮ ਕੀਤਾ ਸਗੋਂ ਵਾਕ ਵਿਚਲੇ ਅੰਗਰੇਜ਼ੀ ਸ਼ਬਦ ਦੀ ਥਾਂ ਵੀ ਬਦਲ ਦਿੱਤੀ।

ਮੂਲ ਫਰਕ ਇਹੋ ਹੈ ਕਿ ਅਜਮੇਰ ਸਿੰਘ ਨੇ 'ਰਸਮ ਨਿਭਾਈ' ਲਈ 'ਰੂਹ ਦੀ ਪਿਆਸ ਨਹੀਂ ਰਿਹਾ' ਵਰਗੇ ਵਿਸ਼ੇਸ਼ਣ ਵਰਤਣ ਦੀ ਥਾਂ ਉਹਨਾਂ ਨੇ ਡਿਸਗਸਟਿੰਗ ਕਹਿ ਦਿੱਤਾ। ਸਰਦਾਰ ਕਰਮਜੀਤ ਸਿੰਘ ਨੇ ਮਿਹਨਤ ਕਰਕੇ ਡਿਸਗਸਟਿੰਗ ਸ਼ਬਦ ਨੂੰ ਰਸਮ ਨਿਭਾਈ ਦੁਹਰਾਓ ਨਾਲੋਂ ਤੋੜ ਕੇ 'ਖਾਲਿਸਤਾਨੀਆਂ' ਦਾ ਪੂਰਕ ਵਿਸ਼ੇਸ਼ਣ ਬਣਾ ਦਿੱਤਾ।

**3.2 ਨਹੀਂ ਬੈਠ ਸਕਦਾ**

ਸਰਦਾਰ ਕਰਮਜੀਤ ਸਿੰਘ ਦੇ ਲੇਖਾਂ ਵਿਚ ਸਭ ਤੋਂ ਵਧੇਰੇ ਵਾਰ ਇਹੋ ਜ਼ਿਕਰ ਹੈ ਕਿ:

- "ਉਹਨਾਂ ਨੇ ਸਭ ਹੱਦਾਂ ਟੱਪ ਕੇ ਇੱਥੋਂ ਤਕ ਕਹਿ ਦਿੱਤਾ ਕਿ, "ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਦੇ ਨਾਲ ਜੁੜੇ ਹੋਏ ਬੰਦੇ, ਉਹਨਾਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾਂ।"
- "ਸ. ਅਜਮੇਰ ਸਿੰਘ ਨੇ ਖ਼ਾਲਿਸਤਾਨੀਆਂ ਪ੍ਰਤੀ ਦੋ ਮਿੰਟ ਨਾ ਬੈਠਣ ਵਾਲੇ ਗੁੱਸੇ ਦਾ ਤੋਹਫਾ ਸਾਰੇ ਖ਼ਾਲਿਸਤਾਨੀਆਂ ਨੂੰ ਬਰਾਬਰ-ਬਰਾਬਰ ਵੰਡਿਆ ਹੈ ਨਾ ਕਿ ਇਕੱਲਾ ਮਾਨ ਦਲ ਦੇ ਖ਼ਾਲਿਸਤਾਨੀਆਂ ਨੂੰ"।
- "ਆਖਿਰਕਾਰ ਇਸ ਵਿਦਵਾਨ ਨੂੰ ਖ਼ਾਲਿਸਤਾਨੀ ਵੀਰਾਂ ਨਾਲ ਦੋ ਮਿੰਟ ਵੀ ਬੈਠਣ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ"?
- "ਫੇਰ ਵੀ ਸ. ਅਜਮੇਰ ਸਿੰਘ ਨੂੰ ਜੇ ਦੋ ਮਿੰਟ ਵੀ ਉਹਨਾਂ ਨਾਲ ਬੈਠਣਾ ਠੀਕ ਨਹੀਂ ਲਗਦਾ"।
- "ਮੈਂ ਖ਼ਾਲਿਸਤਾਨੀਆਂ ਨਾਲ ਸ਼ਾਇਦ ਦੋ ਮਿੰਟ ਵੀ ਨਾ ਬੈਠ ਸਕਾਂ" ਦੀ ਟਿੱਪਣੀ ਉਹਨਾਂ ਦੀ ਵਿਦਵਤਾ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਦਿਸ਼ਾ ਵੱਲ ਸਾਨੂੰ ਲੈ ਗਈ ਹੈ"।
- "ਅਜਮੇਰ ਸਿੰਘ ਨੇ ਖ਼ਾਲਿਸਤਾਨ ਹਿਮਾਇਤੀਆਂ ਵਿਰੁੱਧ ਨਫਰਤ ਦਾ ਰਿਉੜੀ-ਪ੍ਰਸ਼ਾਦ ਬਿਨਾਂ ਕਿਸੇ ਵਿਤਕਰੇ ਤੋਂ ਸਾਰੇ ਖ਼ਾਲਿਸਤਾਨੀਆਂ ਨੂੰ ਬਰਾਬਰ ਵੰਡਿਆ ਹੈ"।(ਦੂਜਾ ਲੇਖ)
- "ਅਜਮੇਰ ਸਿੰਘ ਦੀ ਇਸ ਟਿੱਪਣੀ ਉਤੇ ਰਤਾ ਮਾਸਾ ਵੀ ਕਿੰਤੂ ਨਹੀਂ ਕਰ ਰਹੇ ਕਿ ਉਹ ਖ਼ਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ"।(ਦੂਜਾ ਲੇਖ)

ਇਹਨਾਂ ਨੁਕਤਿਆਂ ਨੂੰ ਪਹਿਲਾਂ ਸਰਦਾਰ ਕਰਮਜੀਤ ਸਿੰਘ ਵਲੋਂ ਹੀ ਮਿਹਨਤ ਨਾਲ ਹੂਬਹੂ ਲਿਖੀ ਗਈ ਅਜਮੇਰ ਸਿੰਘ ਦੀ ਮੁਲਾਕਾਤ ਦੇ ਉਸ ਹਿੱਸੇ ਨਾਲ ਮੇਲ ਕੇ ਵੇਖਣੀ ਬਣਦੀ ਹੈ, ਜਿਥੇ ਇਹ ਗੱਲ ਦਰਜ ਹੈ:

"ਉਹ ਸਾਰਾ ਰਿਸਪੋਂਸ ਫਰੈਸ਼ ਨਵੇਂ ਐਲੀਮੈਂਟ ਵੱਲੋਂ ਹੈ, ਪੁਰਾਣਿਆਂ ਤੋਂ ਮੈਨੂੰ ਕੋਈ ਉਮੀਦ ਨੀ, ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਦੇ ਨਾਲ ਜੁੜੇ ਹੋਏ ਬੰਦੇ ਉਹਨਾਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾਂ"।

ਪਾਠਕ ਲਈ ਇਹ ਸਵਾਲ ਹੈ ਕਿ ਉਹ ਇਸ ਵਾਕ ਨੂੰ ਕਿਥੋਂ ਪੜ੍ਹੇ ਕਰਮਜੀਤ ਸਿੰਘ ਦੇ ਲੇਖਾਂ ਵਿਚੋਂ ਜਾਂ ਉਹਨਾਂ ਵਲੋਂ ਹੀ ਕੀਤੇ ਅਜਮੇਰ ਸਿੰਘ ਦੀ ਗੱਲਬਾਤ ਦੇ ਹੂਬਹੂ ਉਤਾਰੇ ਵਿਚੋਂ, ਦੋਵੇਂ ਰੂਪ ਹਾਜਰ ਹਨ:

- "ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦਾ" ਪੜ੍ਹੇ ਜਾਂ
- "ਮੇਰੀ ਅੱਜ ਦੀ ਹਾਲਤ ਇਹ ਹੈ ਕਿ ਲਹਿਰ ਦੇ ਬੰਦਿਆਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾਂ" ਪੜ੍ਹੇ।

ਦੋਵਾਂ ਵਾਕਾਂ ਵਿਚਲੇ ਭਾਵ ਦੇ ਫਰਕ ਦਾ ਅੰਦਾਜਾ ਸਧਾਰਣ ਬੰਦਾ ਵੀ ਕਰ ਸਕਦਾ ਹੈ। ਇਸੇ ਨਾਅਰੇ ਬਾਰੇ ਕੁਝ ਗੱਲਾਂ ਹੋਰ:

- ਨਵੀਂ ਉਮੀਦ ਦੇ ਪੱਖ ਤੋਂ ਪੁਰਾਣਿਆਂ ਅਤੇ ਨਵਿਆਂ ਬਾਰੇ ਅੱਜ ਦੇ ਪਰਸੰਗ ਨੂੰ ਛੱਡਣਾ, ਦੋਸ਼ ਕਿਸਦਾ ਏ?
- ਆਪਣੀ ਹਾਲਤ (ਨਾ ਕਰ ਸਕਣ ਵਾਲੇ ਰੂਪ ਵਿਚ) ਬਿਆਨ ਕਰਨਾ ਆਪਣੀ ਘਾਟ/ਕਮਜੋਰੀ ਦੱਸਦਾ ਹੈ ਜਾਂ ਦੂਜਿਆਂ ਨੂੰ ਛੋਟੇ ਜਾਂ ਨੀਵੇਂ ਵਿਖਾਉਣਾ ਹੈ?

ਇਕੋ ਵਾਕ ਨੂੰ ਦੁਹਰਾਉਣ ਵੇਲੇ ਤਿੰਨ ਥਾਂਵਾਂ ਤੋਂ ਕਿਉਂ ਤੋੜ ਲਿਆ:

- 'ਸ਼ਾਇਦ' ਸ਼ਬਦ ਨੂੰ ਖਾ ਲਿਆ,
- 'ਨਾ ਬੈਠ ਸਕਾਂ' ਨੂੰ 'ਨਹੀਂ ਬੈਠ ਸਕਦਾ' ਵਿਚ ਬਦਲ ਲਿਆ,
- 'ਲਹਿਰ ਦੇ ਬੰਦਿਆਂ' ਦੀ ਥਾਂ 'ਖਾਲਿਸਤਾਨੀਆਂ' ਕਰ ਲਿਆ।

ਸਰਦਾਰ ਕਰਮਜੀਤ ਸਿੰਘ ਨੇ ਜੋ ਕਿਸੇ ਅੱਜ ਦੀ ਹਾਲਤ ਦਾ 'ਸ਼ਾਇਦ...ਨਾ ਸਕਾਂ' ਵਾਲਾ ਸ਼ੰਕਾ ਸੀ ਉਸ ਨੂੰ ਕਦੇ ਵੀ 'ਨਹੀਂ੩ ਸਕਦਾ' ਵਾਲਾ ਯਕੀਨੀ ਰੂਪ ਦੇ ਲਿਆ। ਸ਼ਾਬਦਿਕ ਹਿੰਸਾ ਹੋਰ ਕਿਸ ਚੀਜ ਨੂੰ ਕਹਿੰਦੇ ਹਨ?

ਉਹਨਾਂ ਨੇ ਵਾਕ ਵਿਚੋਂ 'ਲਹਿਰ' ਸ਼ਬਦ ਕੱਢ ਕੇ ਉਸਦੀ ਥਾਂ 'ਖਾਲਿਸਤਾਨ' ਸ਼ਬਦ ਆਪੇ ਕਿਉਂ ਲੈ ਆਂਦਾ? (ਚੌਥੇ ਘੇਰੇ ਵਾਲਾ ਨੁਕਤਾ) ਬਿਨਾਂ ਸ਼ੱਕ ਖਾੜਕੂ ਲਹਿਰ ਖਾਲਿਸਤਾਨ

ਲਈ ਸੀ ਪਰ ਜਦੋਂ ਕੋਈ ਬੰਦਾ 'ਲਹਿਰ' ਕਹਿ ਕੇ ਗੱਲ ਕਰਦਾ ਹੈ ਤਾਂ ਉਸ ਦਾ ਸ਼ਬਦ ਬਦਲਕੇ 'ਖਾਲਿਸਤਾਨੀ' ਕਰਨ ਵਿਚ ਭੇਦ ਹੈ ਕਿ ਲਹਿਰ ਦੇ ਬੰਦਿਆਂ ਦੀ ਗਿਣਤੀ ਹੁਣ ਇਤਿਹਾਸ ਦਾ ਹਿੱਸਾ ਹੋ ਗਈ ਹੈ ਉਹ ਵੱਧ ਨਹੀਂ ਸਕਦੀ (ਭਾਵੇਂ ਬੰਦੇ ਜੀਂਦੇ ਹਨ)। ਦੂਜੇ ਪਾਸੇ ਖਾਲਿਸਤਾਨ ਵਾਲਿਆਂ ਦੀ ਗਿਣਤੀ ਪਹਿਲਾਂ ਨਾਲੋਂ ਵਧੀ ਹੋਈ ਹੈ ਤੇ ਹੋਰ ਵਧੇਗੀ। ਤੀਜਾ ਖਾਲਿਸਤਾਨੀ ਹੋਣ ਦਾ ਘੇਰਾ ਹਥਿਆਰਬੰਦ ਤੋਂ ਬਿਨਾਂ ਚੋਣਾਂ ਅਤੇ ਤੀਜੇ ਰਾਹ ਵਾਲਾ ਵੀ ਹੋ ਸਕਦਾ ਹੈ। ਇਸ ਕਰਕੇ ਉਹਨਾਂ ਨੇ ਆਪਣੀ ਤਰਫਦਾਰੀ ਵਧਾਉਣ ਹਿੱਤ ਇਥੇ 'ਖਾਲਿਸਤਾਨੀ' ਸ਼ਬਦ ਲੈ ਆਂਦਾ ਅਜਮੇਰ ਸਿੰਘ ਨੂੰ ਸਾਰੇ ਖਾਲਿਸਤਾਨੀਆਂ ਦੇ ਵਿਰੋਧ ਵਿਚ ਖੜ੍ਹਾ ਕਰਨਾ ਹੀ ਸ਼ਾਇਦ 'ਉਚ ਪੱਧਰੀ ਬਹਿਸ' ਦੀ ਮੂਲ ਲੋੜ ਹੈ।

ਜਿਸ ਵਾਕ ਨੂੰ ਸਰਦਾਰ ਕਰਮਜੀਤ ਸਿੰਘ ਨੇ ਸਭ ਤੋਂ ਵੱਧ ਤੋੜਿਆ ਹੈ ਉਸੇ ਵਾਕ ਨੂੰ ਹੀ ਉਹਨਾਂ ਨੇ ਸਭ ਤੋਂ ਵੱਧ ਪਰਚਾਰਿਆ ਹੈ।

**4.1 ਚਰਚਾ ਲਈ ਥਾਂ**

ਲਿਖਤ ਦਾ ਨਾਂ "ਚਿੰਤਨ ਨੂੰ ਚਣੌਤੀ" ਰੱਖਣ ਚਣੌਤੀ ਤੋਂ ਬਾਅਦ ਚਰਚਾ ਲਈ ਕਿਹੜੀ ਥਾਂ ਹੁੰਦੀ ਹੈ? ਚਣੌਤੀ ਤੋਂ ਬਾਅਦ ਤਾਂ ਲਲਕਾਰੇ ਹੀ ਵੱਜਿਆ ਕਰਦੇ ਨੇ। ਇਹ ਅਜਮੇਰ ਸਿੰਘ ਬਾਰੇ ਦਿੱਤੇ ਫੈਸਲਿਆਂ ਤੇ ਵਰਤੇ ਗਏ ਬਿੰਬਾਂ ਦੇ ਰੂਪ ਵਿਚ ਸਿੱਧ ਕੀਤੀ ਹੈ।

ਕਹਿਣ ਨੂੰ ਤਾਂ ਉਹਨਾਂ ਨੇ "ਅਸੀਂ ਗੁਰਬਾਣੀ ਆਧਾਰਤ ਆਪਣੀ ਬੌਧਿਕਤਾ ਦੀ ਕਿਸ਼ਤੀ ਦਰਿਆ ਵਿਚ ਠੇਲ੍ਹ ਦਿੱਤੀ ਹੈ" ਪਰ ਉਹਨਾਂ ਦੀ ਲਿਖਤ ਠੀਕ ਅਗਲੇ ਵਾਕ ਨਾਲ ਹੀ ਬੰਦਾ ਚਰਚਾ ਵਿਚ ਰੁਝ ਕੇ ਫਿਲਮੀ ਗੀਤ ਦੇ ਝਲਕਾਰੇ ਨਾਲ ਮੁੱਕ ਜਾਂਦੀ ਹੈ।

ਬਹੁਤੇ ਸਵਾਲ ਉਠਾ ਕੇ ਉਹਨਾਂ ਨੇ ਆਪ ਹੀ ਉਤਰ ਲੱਭ ਵੀ ਦਿੱਤੇ ਹਨ ਪਰ ਸਰਦਾਰ ਕਰਮਜੀਤ ਸਿੰਘ ਅਤੇ ਉਹਨਾਂ ਦੇ ਸਾਥੀ ਬਾਕਾਇਦਾ ਤੌਰ ਤੇ ਫਿਰ ਕਹਿ ਰਹੇ ਹਨ ਕਿ ਅਜਮੇਰ (ਸਿੰਘ) ਆਪ ਉਤਰ ਦੇਵੇ, ਇਹਨਾਂ ਸਵਾਲਾਂ ਦਾ। ਕੀ ਆਪਣੇ ਵਲੋਂ ਫੈਸਲਾ ਅਤੇ ਉਸ ਦੀ ਵਿਆਖਿਆ ਦੇਣ ਤੋਂ ਬਾਅਦ ਉਤਰ ਮੰਗਣੇ ਚਾਹੀਦੇ ਹਨ? ਜੇ ਹੋਰਾਂ ਦੇ ਕਹਿਣ ਨੂੰ ਮੰਨਿਆ ਨਹੀਂ ਜਾਵੇਗਾ (ਕਿਉਂਕਿ ਉਤਰ ਅਜਮੇਰ (ਸਿੰਘ) ਹੀ ਤੋਂ ਮੰਗਿਆ ਜਾ ਰਿਹਾ ਹੈ) ਤਾਂ ਫਿਰ ਬਾਕੀਆਂ ਲਈ ਬਹਿਸ ਵਾਸਤੇ ਕੀ ਬਚਿਆ ਹੈ? ਸਿਰਫ ਦੂਜੀ ਜਾਂ ਤੀਜੀ ਗੁਲਾਮੀ ਵੱਲ ਲਿਜਾਣ ਵਾਲਾ ਕਹਿਣ ਦੀ ਥਾਂ? ਕੀ ਗਦਾਰ ਕਹਿਣ ਤੋਂ ਉਪਰ ਦੇ ਜੋ ਨਵੇਂ ਨਵੇਂ ਵਿਸ਼ੇਸ਼ਣ ਜਾਂ ਬਿੰਬ ਅਲੰਕਾਰ ਘੜਨੇ ਵੱਡਾ ਸਿਧਾਂਤਕ ਕੰਮ ਹੋਵੇਗਾ, ਜਿਸ ਨਾਲ ਹਲੇਮੀ ਰਾਜ ਦਾ ਉਹ ਮਾਡਲ ਉਸਰ ਜਾਏ ਜੋ ਅਜਮੇਰ ਸਿੰਘ ਦੱਸ ਨਹੀਂ ਸਕੇ?

ਜੇ ਸਰਦਾਰ ਕਰਮਜੀਤ ਸਿੰਘ ਆਪਣੀਆਂ ਲਿਖਤਾਂ ਅਤੇ ਬੋਲੇ ਹੋਏ ਭਾਸ਼ਣਾਂ ਨੂੰ ਅਤੇ ਨਾਲ ਹੀ ਆਪਣੇ ਅੱਜ ਵਾਲੇ ਦੋਸਤਾਂ ਦੀਆਂ ਲਿਖਤਾਂ ਤੇ ਬੋਲੀਆਂ ਗੱਲਾਂ ਦੇ ਖਜਾਨੇ ਨੂੰ ਫਰੋਲਣ ਤਾਂ ਉਹਨਾਂ ਨੂੰ ਬਹੁਤ ਕੁਝ ਅਜਿਹਾ ਲੱਭੇਗਾ ਜਿਸ ਲਈ ਉਹਨਾਂ ਨੇ ਅਜਮੇਰ ਸਿੰਘ ਨੂੰ ਦੋਸ਼ੀ ਸਿੱਧ ਕੀਤਾ ਹੈ।

**4.2 ਰੂਹਾਨੀਅਤ ਦੀ ਚਰਚਾ**

ਜਦੋਂ ਕੋਈ ਮਨੁੱਖ ਦੂਜੇ ਦੀ ਗਲਤੀ ਕੱਢਦਾ ਹੈ ਤਾਂ ਇਸ ਦੀ ਇਹੀ ਮਤਲਬ ਤਾਂ ਹੁੰਦਾ ਹੈ ਕਿ ਉਸ ਬੰਦੇ ਨੂੰ ਉਸ ਗੱਲ ਜਾਂ ਕੰਮ ਬਾਰੇ ਗਲਤੀ ਵਾਲੇ ਮਨੁੱਖ ਨਾਲੋਂ ਵੱਧ ਪਤਾ ਹੈ। ਉਹ ਅਜਮੇਰ ਸਿੰਘ ਨੂੰ ਦੋਸ਼ੀ ਮੰਨਦੇ ਹਨ ਕਿ:

"ਨਾ ਤਾਂ ਉਹ ਰੂਹਾਨੀਅਤ ਦਾ ਕੋਈ ਨਵਾਂ ਮਾਡਲ ਦੇ ਰਹੇ ਹਨ ਅਤੇ ਨਾ ਹੀ ਰੂਹਾਨੀਅਤ ਦੀਆਂ ਬਰੀਕ ਰਮਜ਼ਾਂ ਤੇ ਰਹੱਸਾਂ ਬਾਰੇ ਆਪਣਾ ਅਨੁਭਵ ਸੰਗਤਾਂ ਨਾਲ ਸਾਂਝਾ ਕਰ ਰਹੇ ਹਨ ਕ਼ੀ ਉਹ ਰੂਹਾਨੀਅਤ ਦੇ ਭੇਸ ਵਿਚ ਖ਼ਾਲਿਸਤਾਨ ਦਾ ਵਿਰੋਧ ਕਰਨਾ ਚਾਹੁੰਦੇ ਹਨ?"

ਸਰਦਾਰ ਕਰਮਜੀਤ ਸਿੰਘ ਵਲੋਂ ਆਖੇ ਗਏ ਗੁਰਬਾਣੀ ਦੇ 'ਭਾਵ ਅਰਥ ਵਿਚ ਡੂੰਘਾ ਉਤਰਣ' ਦੇ ਪੱਖ ਤੋਂ ਇਹ ਗੱਲ ਸਮਝ ਨਹੀਂ ਆਈ ਕਿ ਉਹ ਇਹ ਕਿਉਂ ਚਾਹੁੰਦੇ ਹਨ ਕਿ ਅਜਮੇਰ ਸਿੰਘ ਰੂਹਾਨੀਅਤ ਦਾ ਕੋਈ ਨਵਾਂ ਮਾਡਲ ਦੇਣ? ਕੀ ਸਿੱਖ ਵਜੋਂ ਉਹਨਾਂ ਦਾ ਗੁਰੂ ਤੋਂ ਯਕੀਨ ਉਠ ਗਿਆ ਹੈ ਜੋ ਕਿਸੇ ਗੈਰ ਤੋਂ ਰੂਹਾਨੀਅਤ ਦਾ ਮਾਡਲ ਮੰਗ ਰਹੇ ਹਨ? ਕੀ ਕੋਈ ਬੰਦਾ ਸਿੱਖ ਹੁੰਦਿਆਂ ਜੋ ਰੂਹਾਨੀਅਤ ਦੇ ਨਵੇਂ ਮਾਡਲ ਦੀ ਗੱਲ ਜਾਂ ਕਲਪਨਾ ਕਰੇਗਾ ਉਹ ਸਿੱਖੀ ਦੇ ਘੇਰੇ ਵਿਚ ਸਮਾ ਸਕਦਾ ਹੈ? ਮੇਰੀ ਜਾਚੇ ਸਿੱਖ ਕਿਸੇ ਵੀ ਰਾਜਸੀ ਢਾਂਚੇ ਨਾਲ ਚੱਲ ਕੇ ਸ਼ਾਇਦ ਸਿੱਖ ਰਹਿ ਸਕੇ ਪਰ ਗੁਰੂ ਤੋਂ ਬਿਨਾਂ ਕਿਸੇ ਹੋਰ ਰੂਹਾਨੀਅਤ (ਮਾਡਲ) ਨਾਲ ਉਹ ਸਿੱਖ ਨਹੀਂ ਰਹੇਗਾ ਹੋਰ ਜੋ ਮਰਜੀ ਹੋ/ਬਣ ਜਾਵੇ। ਕੀ ਸਰਦਾਰ ਕਰਮਜੀਤ ਸਿੰਘ ਸਚਮੁੱਚ ਕੋਈ ਹੋਰ ਰੂਹਾਨੀ ਰਾਹ ਤਲਾਸ਼ ਰਹੇ ਹਨ ਜਾਂ ਸਿਰਫ ਅਜਮੇਰ ਸਿੰਘ ਨੂੰ ਗਲਤ ਸਿੱਧ ਕਰਨ ਦੀ ਇੱਛਾ ਵਿਚ ਹੀ ਆਪਣੀ ਸਿੱਖ ਹੋਣ ਦੀ ਹੱਦ ਲੰਘਣ ਤੱਕ ਚਲੇ ਗਏ?

**4.3 ਗੁਰਬਾਣੀ ਬਾਰੇ**

ਉਹ ਅਜਮੇਰ ਸਿੰਘ ਬਾਰੇ ਲਿਖਦੇ ਹਨ ਕਿ

"ਸਾਡੀ ਸਮਝ ਅਨੁਸਾਰ ਗੁਰਬਾਣੀ ਤਿੰਨ ਹਕੀਕਤਾਂ ਨੂੰ ਥਿਰ ਮੰਨਦੀ ਹੈ, "ਥਿਰੁ ਨਾਰਾਇਣ, ਥਿਰੁ ਗੁਰੂ, ਥਿਰੁ ਸਚਾ ਬੀਚਾਰੁ"। ਇਸ ਦਾ ਮਤਲਬ ਹੁਣ ਸਾਫ ਹੈ ਕਿ ਸੱਚਾ ਵਿਚਾਰ ਵੀ ਥਿਰ ਹੁੰਦਾ ਹੈ ਜਦਕਿ ਸ. ਅਜਮੇਰ ਸਿੰਘ ਵਿਚਾਰ ਤੇ ਵਿਚਾਰਧਾਰਾ ਨੂੰ 'ਕਾਤਲਾਂ' ਦੇ ਵਰਗ ਵਿਚ ਰੱਖ ਰਹੇ ਹਨ"।

ਜੇ ਅਜਮੇਰ ਸਿੰਘ ਅਤੇ ਸਰਦਾਰ ਕਰਮਜੀਤ ਸਿੰਘ ਦੀ 'ਵਿਚਾਰਧਾਰਾ' ਅਤੇ 'ਨੇਸ਼ਨ ਸਟੇਟ' ਬਾਰੇ ਅੱਜ ਤੱਕ ਦੀ ਕੋਈ ਵੀ ਵਿਚਾਰ ਥਿਰਤਾ ਵਾਲੇ ਸਚੇ ਬੀਚਾਰ ਦੀ ਕੋਟੀ ਵਿਚ ਆਉਂਦੀ ਹੈ (ਜਿਵੇਂ ਕਿ ਸਰਦਾਰ ਕਰਮਜੀਤ ਸਿੰਘ ਆਪਣੀ ਗੱਲ ਸਿੱਧ ਕਰਦੇ ਹਨ) ਤਾਂ ਨਾ ਸਿਰਫ ਪੂਰਾ ਸਮਾਜ ਵਿਗਿਆਨ ਸਗੋਂ ਕੁਦਰਤੀ ਅਤੇ ਜੀਵ ਵਿਗਿਆਨ ਵੀ ਸਚੇ ਬੀਚਾਰ ਅਧੀਨ ਆ ਜਾਣਗੇ ਫਿਰ ਇਹ ਸਚੇ ਵੀਚਾਰ ਦੀ ਮਾਨਤਾ ਧੁਰ ਓਥੇ ਹੀ ਜਾਏਗੀ ਜਿਥੋਂ ਸਚਮੁਚ 'ਅਜਮੇਰ ਸਿੰਘ ਥਿੜਕ ਗਏ ਹਨ' ਤੇ ਕਾਮਰੇਡਾਂ ਦੇ ਵਿਰੋਧ ਦਾ ਸ਼ਿਕਾਰ ਹੋਏ ਹਨ।।

**4.4 ਮੈਂ ਦੀ ਗੱਲ**

"ਰਤਾ ਗੌਰ ਕਰੋ ਅਤੇ ਵੇਖੋ ਕਿ ਇਸ ਟਿੱਪਣੀ ਵਿਚ ਦੋ ਧਿਰਾਂ ਸਾਹਮਣੇ ਆਈਆਂ ਹਨ। ਇਕ 'ਮੈਂ' ਦੀ ਧਿਰ ਤੇ ਦੂਜੀ 'ਖ਼ਾਲਿਸਤਾਨੀ' ਧਿਰ। ਇਸ ਦਾ ਡੂੰਘਾ ਮਤਲਬ ਕੀ ਹੈ? ਮਤਲਬ ਸਾਫ ਇਹੋ ਹੈ ਕਿ 'ਮੈਂ' ਧਿਰ 'ਖ਼ਾਲਿਸਤਾਨੀਆਂ' ਦੇ ਮੁਕਾਬਲੇ ਇਕ ਬਰਾਬਰ ਦੀ ਧਿਰ ਬਣ ਚੁੱਕੀ ਹੈ"।

ਜਦੋਂ ਕੋਈ ਵੀ ਮਨੁੱਖ ਕੋਈ ਵੀ ਗੱਲ ਕਰਦਾ ਹੈ ਤਾਂ ਵਿਆਕਰਣਕ ਤੌਰ ਤੇ ਹੀ ਉਸ ਵਿਚ ਦੋ ਨਹੀਂ ਸਗੋਂ ਤਿੰਨ ਧਿਰਾਂ ਹੁੰਦੀਆਂ ਹਨ। ਜੇ ਕੋਈ ਪੰਜਾਬੀ ਵਿਚ ਗੱਲ ਕਰਦਾ ਹੈ ਤਾਂ ਆਪਣੇ ਆਪ ਨੂੰ ਕਿਸ ਸ਼ਬਦ ਨਾਲ ਜਣਾਵੇ? ਜੋ ਸ਼ਬਦ ਪੰਜਾਬੀ ਵਿਚ ਚਲਦਾ ਪਿਆ ਹੈ ਜਾਂ ਕਿਸੇ ਹੋਰ ਬੋਲੀ ਵਿਚੋਂ ਜਾਂ ਹਲਫੀਆ ਬਿਆਨ ਵਾਂਗ ਆਪਣਾ ਨਾਂ ਬੋਲੇ। ਜੇ ਆਪਣੀ ਹਾਲਤ ਦਸਦਿਆਂ ਵੀ 'ਮੈਂ' ਵੀ ਹਉਮੈ ਹੈ ਤਾਂ ਆਪਣੀ ਮੈਂ ਤੋਂ ਵੀ ਉਪਰ ਹੋ ਕੇ ਭਵਿੱਖਬਾਣੀ ਕਰਦਿਆਂ ਜਦੋਂ ਸਰਦਾਰ ਕਰਮਜੀਤ ਸਿੰਘ ਆਪੇ ਨੂੰ 'ਅਸੀਂ, ਸਾਨੂੰ' ਲਿਖਦੇ ਹਨ ਤਾਂ ਇਹ ਨੂੰ ਕੀ ਕਹਿਣਗੇ?

ਸਰਦਾਰ ਕਰਮਜੀਤ ਸਿੰਘ ਲਿਖਦੇ ਹਨ ਕਿ ਅਜਮੇਰ ਸਿੰਘ 'ਖਾਲਿਸਤਾਨ ਦਾ ਵਿਰੋਧ' ਕਰਦੇ ਹਨ ਕਿਉਂਕਿ 'ਉਹ ਨੇਸ਼ਨ ਸਟੇਟ ਵਿਰੁੱਧ ਬੋਲਦੇ ਹਨ'। ਦੂਜੇ ਪਾਸੇ '੧੯੫ ਨੇਸ਼ਨ ਸਟੇਟਾਂ' ਅਤੇ ਪਿਛਲੇ ਦੋ ਸੌ ਸਾਲ ਵਿਚ ਅਣਗਿਣਤ ਕਿਤਾਬਾਂ ਦੇ ਬਾਵਜੂਦ ਉਹ ਲਿਖਦੇ ਹਨ ਕਿ: "... ਬਹਿਸ ਕਿਸੇ ਵੀ ਸਿੱਟੇ ਤਕ ਨਹੀਂ ਪਹੁੰਚੀ ਸਾਨੂੰ ਨੇਸ਼ਨ ੩ ਉਤੇ ਡੂੰਘੀ ਵਿਚਾਰ ਕਰਨੀ ਪੈਣੀ ਹੈ।...ਆਪਣੀ ਰਾਇ ਬਣਾਉਣੀ ਪਵੇਗੀ" ਇਸ ਬਿਆਨ ਤੋਂ ਲਗਦਾ ਹੈ ਕਿ ਉਹਨਾਂ ਦੀ ਆਪਣੀ ਰਾਇ ਨਹੀਂ ਬਣੀ। ਫਿਰ ਵੀ ਅਗਾਉਂ ਹੀ ਕਿਸੇ ਦਾ ਵਿਰੋਧ ਸ਼ੁਰੂ ਕਰਨ ਦੀ ਤਕਨੀਕ ਵਧੀਆ ਹੈ। ਇਕ ਪਾਸੇ ਜਿਸ (ਹਲੇਮੀ ਰਾਜ) ਸੰਕਲਪ ਦਾ ਹਾਲੀ ਖਿਆਲੀ ਰੂਪ ਵੀ ਵਿਦਵਾਨਾਂ ਦੇ ਚੇਤੇ ਵਿਚ ਨਹੀਂ ਆਇਆ ਉਸ ਸੰਕਲਪ ਦਾ ਮਾਡਲ ਨਾ ਦੇਣ ਲਈ ਵੀ ਅਜਮੇਰ ਸਿੰਘ ਦੋਸ਼ੀ ਹੈ, ਦੂਜੇ ਪਾਸੇ ਜਿਹੜਾ ਕੰਮ ਕਰਕੇ ਦੁਨੀਆ ਨੇ ਢੇਰ ਲਾਏ ਪਏ ਹਨ ਉਹਦੇ ਲਈ ਸਰਦਾਰ ਕਰਮਜੀਤ ਸਿੰਘ ਨੂੰ ਹਾਲੇ ਵੀ ਮੋਹਲਤ ਚਾਹੀਦੀ ਹੈ। ਬਹੁਤ ਕਮਾਲ ਦਾ ਪੱਧਰ ਹੈ ਤੁਲਨਾ ਦਾ।

**(5) ਤੁਲਨਾ**

ਸਰਦਾਰ ਕਰਮਜੀਤ ਸਿੰਘ ਨੂੰ ਇਤਰਾਜ਼ ਹੈ ਕਿ ਕਣਕ ਦਾ ਜਵਾਬ ਛੋਲੇ ਆ ਰਿਹਾ ਹੈ ਪਰ ਉਹਨਾਂ ਨੇ ਜੋ ਅਜਮੇਰ ਸਿੰਘ, ਜਸਜੀਤ ਸਿੰਘ, ਜਸਪਾਲ ਸਿੰਘ ਸਿੱਧੂ ਅਤੇ ਜਸਪ੍ਰੀਤ ਸਿੰਘ ਲਈ ਲਿਖਿਆ ਹੈ ਸਮੇਤ 'ਸਾਨੂੰ ਪਤਾ ਹੀ ਸੀ' ਦੇ, ਉਹ ਕੀ ਏ?

- ਜੋ ਸਰਦਾਰ ਕਰਮਜੀਤ ਸਿੰਘ ਵਾਲੇ 'ਅਸੀਂ/ਸਾਨੂੰ' ਨੇ ਕਰਨਾ ਹੈ ਉਹ ਸੌਖਾ ਨਹੀਂ ਤੇ ਭਵਿੱਖਮੁਖੀ ਹੈ ਪਰ ਦੂਜੇ ਨੇ 'ਕਿਉਂ ਨਹੀਂ ਕੀਤਾ, ਕਰ ਵੀ ਨਹੀਂ ਸਕੇਗਾ, ਕਦੇ ਚਾਹਿਆ ਨਹੀਂ ਸੀ'। ਜਦੋਂ ਕਿਸੇ ਦੇ ਤ੍ਰੈਕਾਲ 'ਤੇ ਠੱਪਾ ਲਾ ਦਿੱਤਾ ਤਾਂ ਹੁਣ ਬਹਿਸ ਲਈ ਕਿਹੜਾ ਰਾਹ ਜਾਂ ਥਾਂ ਹੈ?
- ਜੇ ਅਜਮੇਰ ਸਿੰਘ ਕਹੇ ਕਿ 'ਵਿਚਾਰਧਾਰਾ ਠੋਸ ਨਹੀਂ ਸਗੋਂ ਕਾਲਪਨਿਕ ਹੈ' ਤਾਂ ਇਹ 'ਧੁੰਦੂਕਾਰਾ' ਹੈ ਤੇ ਜਦੋਂ ਉਹ ਆਪ ਕਹਿੰਦੇ ਹਨ ਕਿ ਵਿਚਾਰਧਾਰਾ 'ਇਹ ਖਿੜਿਆ ਬਾਗ ਹੋ ਵੀ ਸਕਦੀ ਹੈ ਤੇ ਨਹੀਂ ਵੀ' ਤਾਂ ਇਹ ਕੀ ਹੈ?
- ਆਪਣੇ ਬਾਰੇ: "ਪਰ ਫੇਰ ਹੱਲ ਕੀ ਹੈ? ਵਿਦਵਾਨਾਂ ਨੂੰ ਇਹ ਹੱਲ ਦੱਸਣਾ ਚਾਹੀਦਾ ਹੈ"। ਅਜਮੇਰ ਸਿੰਘ ਬਾਰੇ: "ਇਹ ਜਿੰਮੇਵਾਰੀ ਉਹਨਾਂ ਨੇ ਬੁੱਧੀਜੀਵੀਆਂ ਉੱਤੇ ਸੁੱਟ ਕੇ ਆਪਣੇ ਆਪ ਨੂੰ ਬਰੀ ਕਰ ਲਿਆ ਹੈ"।

ਜੇ ਸਰਦਾਰ ਕਰਮਜੀਤ ਸਿੰਘ ਵਿਦਵਾਨਾਂ ਤੇ ਗੱਲ ਸੁੱਟਣ ਤਾਂ ਇਹ ਖੋਜ ਹੈ ਜੇ ਅਜਮੇਰ ਸਿੰਘ ਏਦਾਂ ਕਰਨ ਤਾਂ ਉਹ ਗੁਨਾਹ ਹੈ।

**5.1 ਹੂਬਹੂ ਬਾਰੇ**

ਜਸਪਾਲ ਸਿੰਘ ਸਿੱਧੂ ਦੇ ਲੇਖ ਵਿਚਲੇ ਕਿਸੇ ਇਕ ਵੀ ਨੁਕਤੇ ਦੀ ਗੱਲ ਕਰਨ ਦੀ ਥਾਂ ਉਸ ਬਾਰੇ ਜਾਸੂਸੀ ਖੋਜ ਵਿਚ ਜਾ ਕੇ ਸਿਧਾਂਤ ਪੇਸ਼ ਕਰ ਦਿੱਤਾ ਕਿ "ਜਦੋਂ ਤੱਕ 'ਵਿਚਲੀ ਗੱਲ' ਬਾਹਰ ਨਾ ਆਏ ਉਦੋਂ ਤੱਕ ਬੰਦੇ ਭੇਤ ਹੀ ਬਣੇ ਰਹਿੰਦੇ ਹਨ"। ਉਹਨਾਂ ਦੀ ਲਿਖਤ ਵਿਚੋਂ ਵੀ ਜੋ ਭੇਤ ਜਾਹਰ ਹੁੰਦੇ ਹਨ ਉਹਨਾਂ ਬਾਰੇ ਵੀ ਥੋੜ੍ਹੀ ਗੱਲ ਕਰਨੀ ਚਾਹੀਦੀ ਹੈ।

ਇਹ ਠੀਕ ਹੈ ਕਿ ਕੋਈ ਵੀ ਮਨੁੱਖ ਕਿਸੇ ਵੀ ਵਿਸ਼ੇ ਬਾਰੇ ਜਾਂ ਅਨੇਕਾਂ ਵਿਸ਼ਿਆਂ ਬਾਰੇ ਗਿਆਤਾ ਹੋ ਸਕਦਾ ਹੈ ਪਰ ਹਰ ਵਿਦਵਾਨ ਤੋਂ ਦੋ ਗੱਲਾਂ ਦੀ ਉਮੀਦ ਬੜੀ ਸੁਭਾਵਿਕ ਹੈ, ਪਹਿਲਾ ਜਿਸ ਬੋਲੀ ਦਾ ਉਹ ਜਮਾਂਦਰੂ ਬੁਲਾਰਾ ਹੈ ਉਸਦੀ ਜਾਣਕਾਰੀ, ਦੂਜਾ ਜੋ ਉਸਦਾ ਕਿੱਤਾ ਹੈ ਉਸ ਦੀ ਮੂਲ ਜਾਣਕਾਰੀ।

ਅਜਮੇਰ ਸਿੰਘ ਦੀ ਯਾਦਵਿੰਦਰ ਕਰਫਿਊ ਨਾਲ ਮੁਲਾਕਾਤ ਦਾ ਜੋ ਇੰਨ ਬਿੰਨ ਉਤਾਰਾ ਸਰਦਾਰ ਕਰਮਜੀਤ ਸਿੰਘ ਵਲੋਂ ਛਾਪਿਆ ਗਿਆ ਹੈ ਉਸ ਤੇ ਵੀ ਇਕ ਨਜ਼ਰ ਮਾਰਨੀ ਚਾਹੀਦੀ ਹੈ। ਉਸ ਲਿਖਤ ਨੂੰ ਜੇ ਕੋਈ ਸਧਾਰਣ ਪੰਜਾਬੀ ਪੜ੍ਹਿਆ ਬੰਦਾ ਵੀ ਵੇਖੇ ਤਾਂ ਸ਼ਬਦ ਜੋੜਾਂ ਦੀਆਂ ਗਲਤੀਆਂ ਵਾਧੂ ਦਿਸਣਗੀਆਂ। ਸਰਦਾਰ ਕਰਮਜੀਤ ਸਿੰਘ ਨੇ ਪੰਜਾਬੀ ਟ੍ਰਿਬਿਊਨ ਦੀ ਸਹਿ-ਸੰਪਾਦਕੀ ਦਾ ਰੁਤਬਾ ਹੰਢਾਇਆ ਹੈ ਅਤੇ ਉਹਨਾਂ ਦੇ ਤਜਰਬੇ ਦੇ ਹਿਸਾਬ ਨਾਲ ਸੋਚਿਆ ਵੀ ਨਹੀਂ ਜਾ ਸਕਦਾ ਕਿ ਇਹ ਲਿਖਤ ਉਹਨਾਂ ਦੀ ਬਾਜ਼ ਅੱਖ ਹੇਠੋਂ ਗੁਜ਼ਰੀ ਹੈ। ਅਖਬਾਰ ਦੇ ਬਰੀਕ ਛਾਪੇ ਵਿਚੋਂ ਪੈਰ ਬਿੰਦੀਆਂ ਦੀ ਗਲਤੀ ਫੜਨ ਵਾਲੇ ਵਿਦਵਾਨ ਪੱਤਰਕਾਰ ਹੱਥੋਂ ਥੋਕ ਦੇ ਭਾਅ ਗਲਤੀਆਂ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

- ਕੁਝ ਖਾਸ ਧੁਨੀਆਂ ਨੂੰ ਵਾਰ-ਵਾਰ ਗਲਤ ਲਿਖਿਆ ਹੈ ਅਤੇ ਗਲਤੀਆਂ ਦੀਆਂ ਕੁਝ ਖਾਸ ਤਰਤੀਬਾਂ ਹਨ। ਸ਼ਬਦ ਜੋੜਾਂ ਦੀਆਂ ਉਹਨਾਂ ਗਲਤੀਆਂ ਦੀ ਗੱਲ ਇਥੇ ਨਹੀਂ ਕਰਨੀ ਜੋ ਵੱਖਰੇ ਅਰਥ ਪੈਦਾ ਨਾ ਕਰਦੀਆਂ ਹੋਣ ਪਰ ਜਿਥੇ ਗੱਲ ਉਕਾ ਹੀ ਬਦਲ ਜਾਵੇ ਉਹ ਨਮੂਨੇ ਵੇਖਣੇ ਬਣਦੇ ਹਨ (ਜਿਵੇਂ 'ਜਾਂ ਤਾਂ' ਨੂੰ 'ਜਾਂਦਾ', 'ਬਚਦੀ' ਨੂੰ 'ਵੱਜਦੀ')।
- ਛਾਪੇਖਾਨੇ ਨਾਲ ਸਬੰਧਤ ਲੋਕਾਂ ਨੂੰ ਵੀ ਇਹ ਗੱਲ ਪਤਾ ਹੁੰਦੀ ਹੈ ਕਿ ਘੱਟੋ ਘੱਟ ਇਕ ਲਿਖਤ ਵਿਚ ਇਕ ਸ਼ਬਦ ਦਾ ਸ਼ਬਦ ਜੋੜ ਤਾਂ ਇਕ ਹੋਣਾ ਚਾਹੀਦਾ ਹੈ (ਟੋਹੜਾ ਟੌਹੜਾ, ਪੋਲੀਟਿਕਸ ਪੌਲੀਟਿਕਸ, ਅਲਟਰਨੇਟਿਵ ਅਲਟਰਨੈਟਿਵ, ਐਡੀਟਿਟੀ ਆਇਡੈਂਟਿਟੀ ਆਇਡੈਂਟੀਟੀ, ਐਕਸਟਰੀਮ ਐਕਸਟੀਮ, ਐਕਸੀਪੀਰੀਅਸ ਐਕਸਪੀਰੀਅੰਸ ਐਕਸਪੀਰੀਐਂਸ, ਰਿਲਾਈਟੀ ਰਿਐਲੀਟੀ)।
- ਉਹਨਾਂ ਦੀ ਹੂਬਹੂ ਲਿਖਤ ਵਿਚ ਤੀਜਾ ਪੁਰਖ ਵਾਲੇ ਕਿਰਿਆ ਰੂਪ ਵਾਰ ਵਾਰ ਪਹਿਲੇ ਪੁਰਖ ਵਜੋਂ ਲਿਖੇ ਗਏ ਹਨ:
- 'ਹੋਊਗਾ' ਨੂੰ 'ਹੋਊਂਗਾ' 'ਕਰੂਗਾ, ਕਰੂਗੀ' ਨੂੰ 'ਕਰੂੰਗਾ, ਕਰੂੰਗੀ', 'ਜਾਊਗਾ' ਨੂੰ 'ਜਾਊਂਗਾ' ਇਹਨਾਂ ਗਲਤੀਆਂ ਨੂੰ ਵਾਰ ਵਾਰ ਦੁਹਰਾਇਆ ਗਿਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਸਿਰਫ ਮਸ਼ੀਨ ਦੇ ਬੀੜੇ ਨੱਪਣ ਦੀ ਗਲਤੀ ਨਹੀਂ ਹੈ।
- ਕੁਝ ਸ਼ਬਦ ਏਦਾਂ ਵੀ ਹਨ: ਐਥਮਿਕ, ਐਂਟਪਟ, ਕੰਡੀਨਸ਼ਨਾਂ, ਸਟਟਗਲ, ਐ ਕੁਝਲੀ,

'ਕੁਝ ਨਮੂਨੇ ਹਨ ਵਾਕਾਂ ਨੂੰ ਹੂ ਬਹੂ ਲਿਖਤੀ ਰੂਪ ਦੇ (ਨਾਲ ਵਾਕਾਂ ਦਾ ਓਹ ਰੂਪ ਲਿਖਿਆ ਹੈ ਜੋ ਮੈਂ ਸੁਣਿਆ ਹੈ)।

**ਜੋ ਕਰਮਜੀਤ ਸਿੰਘ ਨੇ ਲਿਖਿਆ**

1. ਬਿਲਕੁਲ ਖਾਲਿਸਤਾਨੀ ਤਾਂ ਕਾਫੀ ਹੱਦ ਤੱਕ ਬਹੁਤ ਡਿਜ਼ਗਸਟਿੰਗ ਹੱਦ ਤੱਕ ਉਹਦਾ ਤਾਂ, ਲੈਫਟ ਤੇ ਖਾਲਿਸਤਾਨੀ ਇਹ ਇੱਕੋ ਸਿੱਕੇ ਦੇ ਦੋ ਪਾਸੇ ਆ
2. ਯਾਦਵਿੰਦਰ: (ਗਾਲਾਂ ਬਹੁਤ ਕੱਢਦੇ)
3. ਆਇਡੋਲੋਜੀ ਜਿੱਥੇ ਬਹੁਤ ਕੁਝ ਸਿਖਾਉਂਦੀ ਐ ਉੱਥੇ ਸਬਜੈਕਟਿਵ ਲਿਮੀਟੇਸ਼ਨਸ ਨੇ
4. ਆਪਦੀ ਹਿਸਟਰੀ ਉਹੀ ਔਰੀਐਂਟਡ ਹੈ
5. ਕਈ ਐਕਸ਼ਨ ਇਨਵਿਨਸੀਬਲ ਹੁੰਦੇ ਨੇ
6. ਇਹ ਜਿਹੜੀ ਇਨਸਿਕਉਰਟੀ ਪੈਦਾ ਕਰਨੀ ਮਿਨਓਰਟੀ ਦੇ ਵਿੱਚ ਇਹ ਵੀ ਐਨਾ ਗਲਤ ਪਾਸੇ ਨੂੰ ਧੱਕ ਦਿੰਦੀ ਹੈ
7. ਟਕਰਾਂ ਖਾ ਕੇ
8. ਆਇਡੋਲੋਜੀ ਦੇ ਬੰਦੇ ਰੀਥਿੰਕ ਕਰਨ ਨੂੰ ਤਿਆਰ ਨਹੀਂ

## ਜੋ ਮੈਂ ਸੁਣਿਆ

1. ਬਿਲਕੁਲ ਈ ਖਾਲਿਸਤਾਨੀ ਤਾਂ ਬਹੁਤ ਡਿਸਗਸਟਿੰਗ ਹੱਦ ਤੱਕ ਐ ਨਾ ਉਹਦਾ ਤਾਂ ਬਿਲਕੁਲ ਈ, ਲੈਫਟ ਤੇ ਖਾਲਿਸਤਾਨੀ ਅੱਜ ਇਹ ਇੱਕੋ ਸਿੱਕੇ ਦੇ ਦੋ ਪਾਸੇ ਆ
2. ਯਾਦਵਿੰਦਰ: ਉਹ ਤਾਂ ਇਕ ਦੂਜੇ ਨੂੰ ਗਾਲਾਂ ਬਹੁਤ ਕੱਢਦੇ ਨੇ
3. ਆਇਡੋਲੋਜੀ ਜਿੱਥੇ ਬਹੁਤ ਉਬਜੈਕਟਿਵਲੀ ਸਿਖਾਉਂਦੀ ਐ ਉੱਥੇ ਸਬਜੈਕਟਿਵ ਲਿਮਿਟੇਸ਼ਨਜ਼ ਨੇ
4. ਪੰਜਾਬ ਦੀ ਹਿਸਟਰੀ ਐਕਸ਼ਨ ਓਰੀਐਂਟਡ ਐ
5. ਕਈ ਐਕਸ਼ਨ ਇਨਵਿਜ਼ੀਬਲ ਹੁੰਦੇ ਨੇ
6. ਇਹ ਜਿਹੜੀ ਇਨਸਿਕਉਰਟੀ ਪੈਦਾ ਕਰਨੀ ਮਿਨਓਰਿਟੀ ਦੇ ਵਿੱਚ ਉਹ ਵੀ ਉਹਨਾਂ ਨੂੰ ਗਲਤ ਪਾਸੇ ਨੂੰ ਧੱਕ ਦਿੰਦੀ ਹੈ
7. ਟਕਰਾ ਕੇ
8. ਆਇਡੋਲੋਜੀ ਦੇ ਬੰਦੇ ਰੀਥਿੰਕ ਕਰਦੇ ਈ ਨਹੀਂ

ਇਹਨਾਂ ਦੋਵਾਂ ਤਰ੍ਹਾਂ ਦੇ ਵਾਕਾਂ ਨਾਲ ਮੂਲ ਭਾਵ ਵਿਚ ਬਹੁਤਾ ਫਰਕ ਨਹੀਂ ਪੈਂਦਾ ਪਰ ਜਦੋਂ ਅਸੀਂ ਕਿਸੇ ਨਾਲ ਸਿਧਾਂਤਕ ਚਰਚਾ ਕਰਨ ਦੀ ਗੱਲ ਕਰਦੇ ਹਾਂ ਤਾਂ ਦੂਜੇ ਦੀ ਗੱਲ ਨੂੰ ਕਿੰਨੀ ਸੰਜੀਦਗੀ ਨਾਲ ਲੈਂਦੇ ਹਾਂ ਉਸ ਨਾਲ ਹੀ ਬਹੁਤ ਕੁਝ ਤੈਅ ਹੋ ਜਾਂਦਾ ਹੈ। ਇਹ ਕੋਈ ਜ਼ਰੂਰੀ ਨਹੀਂ ਸੀ ਕਿ ਉਸ ਮੁਲਾਕਾਤ ਨੂੰ ਸਾਰਾ ਅਤੇ ਹੂਬਹੂ ਲਿਖਿਆ ਜਾਂਦਾ ਪਰ ਜਦੋਂ ਇਹ ਦਾਅਵਾ ਕੀਤਾ ਕਿ ਅਸੀਂ ਕਿਸੇ ਪੱਖਪਾਤ ਦੇ ਦੋਸ਼ ਤੋਂ ਬਚਣਾ ਹੈ ਤਾਂ ਇਹ ਬਹੁਤ ਜ਼ਰੂਰੀ ਸੀ ਕਿ ਆਪੇ ਪੈਦੇ ਕੀਤੇ ਮਿਆਰ ਨਾਲ ਨਿਭਿਆ ਜਾਂਦਾ।

ਮੁਲਾਕਾਤ ਵਿਚਲੇ ਅੰਗਰੇਜ਼ੀ ਸ਼ਬਦਾਂ ਨੂੰ ਜਿਸ ਤਰੀਕੇ ਨਾਲ ਲਿਖਿਆ ਹੈ ਉਹ ਅੰਗਰੇਜੀ ਬਾਰੇ ਸਮਝ ਦੀ ਪੇਸ਼ਕਾਰੀ ਕਰਦਾ ਹੈ:

| ਜੋ ਕਰਮਜੀਤ ਸਿੰਘ ਨੇ ਲਿਖਿਆ | ਜੋ ਅਜਮੇਰ ਸਿੰਘ ਨੇ ਬੋਲਿਆ |
|---|---|
| ਸਿੰਬੋਲਿੰਮ | Symbolism |
| ਇਫਰਟ | afford |
| ਜਰਨੀਇੰਗ | churning |
| ਪ੍ਰਟੀਕੂਲਰ | peculiar |
| ਇਨਵਿਨਸੀਬਲ | invisible |
| ਇਟ ਵਿਲ ਟੇਕ ਟਾਇਮ | It may take time |
| ਆਇਡੋਲੋਜੀ ਇਟਸ ਆ | Ideology it's a |
| ਔਰਗੇਡਾਇਮੇਜੀਨੇਸ਼ਨ | organized Imagination |
| ਕੌਰਕੋਸ ਆਫ ਦੀ ਪੌਲੀਟਿਕਸ | Crux of the politics |
| ਬਿਦਾਊਟ ਵੀਂਗ ਵਾਇਲੈਂਸ | Without being violent |

ਕਿਰਿਆ ਪਿਛੇਤਰਾਂ ਜਾਂ ਕਾਲ ਬੋਧਕਾਂ ਨੂੰ ਥਾਂ ਥਾਂ ਛੱਡਿਆ ਹੈ, ਕਈ ਥਾਈਂ ਅੱਧਾ-੨ ਵਾਕ ਹੀ ਲਿਖਿਆ ਨਹੀਂ ਹੈ। ਲਗਭਗ ਹਰ ਦੂਜੇ ਤੀਜੇ ਵਾਕ ਵਿਚ ਕੋਈ ਨਾ ਕੋਈ ਸ਼ਬਦ ਲਿਖਣ ਤੋਂ ਛੱਡਿਆ ਗਿਆ ਹੈ ਅਤੇ

ਕੁਝ ਕੁਝ ਥਾਵਾਂ ਤੇ ਆਪਣੇ ਕੋਲੋਂ ਵੀ ਸ਼ਬਦ ਪਾਏ ਗਏ ਹਨ।

ਇਹ ਗੱਲਾਂ ਲਿਖਣ ਵਾਲੇ ਮਨੁੱਖ ਦੀ ਪੰਜਾਬੀ ਅੰਗਰੇਜ਼ੀ ਦੀ ਸਮਝ ਬਾਰੇ ਕੀ ਦੱਸਦੀਆਂ ਹਨ ਪਾਠਕ ਤੇ ਨਿਰਭਰ ਕਰਦਾ ਹੈ?

ਗੁਰਬਾਣੀ ਅੰਦਰ ਕੁਝ ਮਨੁੱਖਾਂ ਦੀ ਸੰਗਤ ਤੋਂ ਵਰਜਿਆ ਗਿਆ ਹੈ: ਨਿਗੁਰਾ, ਮਨਮੁਖ, ਸਾਕਤ ਤੇ ਮੂਰਖ ਸਰਦਾਰ ਕਰਮਜੀਤ ਸਿੰਘ ਵਲੋਂ ਗਿਣਾਏ ਔਗੁਣਾਂ ਦੇ ਹਿਸਾਬ ਨਾਲ ਅਜਮੇਰ ਸਿੰਘ ਇਹਨਾਂ ਮਨੁੱਖਾਂ ਦੇ ਘੱਟੋ-ਘੱਟ ਇਕ ਜਾਂ ਸਾਰੇ ਰੁਤਬਿਆਂ ਅਧੀਨ ਆ ਸਕਦੇ ਹਨ। ਉਸ ਹਿਸਾਬ ਨਾਲ ਐਡੇ ਵੱਡੇ ਅਤੇ ਐਨੇ ਜਿਆਦਾ ਔਗੁਣ (ਜੇ ਸੱਚੀਂ ਹੋਣ) ਬਾਰੇ ਸਰਬ ਸੰਪੰਨ ਫੈਸਲਾ ਹੋਣ ਦੇ ਬਾਵਜੂਦ ਦੋਸ਼ੀ ਨੂੰ ਸੱਦਾ ਦਿੱਤਾ ਜਾ ਰਿਹਾ ਹੈ? ਸ਼ਾਇਦ ਅਦਾਲਤੀ ਕਾਰਵਾਈ ਦੀ ਰਸਮ ਅਨੁਸਾਰ ਜੱਜ ਵਲੋਂ ਫੈਸਲਾ ਸੁਣਾਉਣ ਸਮੇਂ ਦੋਸ਼ੀ ਨੂੰ ਆਪਣੀ ਭਾਵਨਾ ਦਰਜ ਕਰਾਉਣ ਦਾ ਮੌਕਾ ਦਿੱਤਾ ਜਾ ਰਿਹਾ ਹੈ ਭਾਵੇਂ ਕਿ ਕਿਸੇ ਵੀ ਹਾਲ ਜੱਜ ਦਾ ਫੈਸਲਾ ਬਦਲਦਾ ਨਹੀਂ ਪਰ ਕਾਨੂੰਨੀ ਰਸਮ ਤਾਂ ਪੂਰੀ ਕਰਨੀ ਹੀ ਬਣਦੀ ਹੈ।

ਸਰਦਾਰ ਕਰਮਜੀਤ ਸਿੰਘ ਦੇ ਲਿਖਣ ਅਨੁਸਾਰ ਉਹਨਾਂ ਨੂੰ ਪਹਿਲਾਂ ਪਤਾ ਸੀ। ਜੇ ਪਹਿਲਾਂ ਨਹੀਂ ਤਾਂ ਘੱਟੋ ਘੱਟ ਪਤਾ ਲੱਗਣ ਮਗਰੋਂ ਹੀ ਅਜਮੇਰ ਸਿੰਘ ਦੀਆਂ ਗੱਲਾਂ/ਲਿਖਤਾਂ ਵਿਚੋਂ ਘਾਟਾਂ ਲੱਭਣ ਨਾਲੋਂ ਕੁਝ ਪੂਰਨੇ ਪਾਉਂਦੇ ਸ਼ਹੀ ਹੱਲ ਤਾਂ ਇਹੋ ਹੀ ਸੀ। ਇਹਨਾਂ ਭਵਿੱਖਮੁਖੀ ਕਾਵਿਕ ਵਾਕਾਂ ਨੇ ਬੇਇਜਤੀ ਬੇਇਜਤੀ ਖੇਡਣ ਤੋਂ ਬਿਨਾਂ ਪੰਥ ਦਾ ਕੀ ਸੁਆਰ ਦੇਣਾ ਹੈ ਕਿ "ਅਜਮੇਰ ਸਿੰਘ ਰੂਪੀ ਲੱਕੜ ਉੱਤੇ ਖਾਲਿਸਤਾਨ ਦੀ ਨਕਾਸ਼ੀ ਨਹੀਂ ਹੋ ਸਕੇਗੀ"? ਜੇ ਖਾੜਕੂ ਉਭਾਰ ਤੋਂ ਪਹਿਲਾਂ ਚੇਤੰਨ ਸਿੱਖ ਵਿਦਵਾਨ, ਸੰਤਾਂ ਨਾਲ ਨੇੜਤਾ ਰੱਖਣ ਵਾਲੇ ਖਾਸ ਸੱਜਣ ਅਤੇ ਮਾਣਯੋਗ ਸੰਪਰਦਾ ਦੇ ਵਾਰਸ (ਸਰਦਾਰ ਕਰਮਜੀਤ ਸਿੰਘ) ਲਹਿਰ ਦਾ ਦਰਦ ਦੀਆਂ ਸੂਖਮ ਗਹਿਰਾਈਆਂ ਫੜਨ ਵਾਲੇ ਇਤਿਹਾਸ ਨਹੀਂ ਸਾਂਭ ਸਕੇ, ਨਾ ਭਵਿੱਖ ਦਾ ਨਕਸ਼ਾ ਨਹੀਂ ਖਿੱਚ ਸਕੇ ਸਗੋਂ ਬਹਿਸ ਦੇ ਨਾਂ ਉਤੇ ਉਪਰੋਕਤ ਗੱਲਾਂ ਕਰ ਰਹੇ ਹਨ ਤਾਂ ਹੋਰਾਂ ਦਾ ਕੀ ਦੋਸ਼?

# ਰਾਸ਼ਟਰਵਾਦ ਦਾ ਜਨਮ, ਵਿਕਾਸ ਅਤੇ ਨਿਸ਼ਾਨੇ

**ਅਵਤਾਰ ਸਿੰਘ**
ਸੀਨੀਅਰ ਪੱਤਰਕਾਰ ਯੂ. ਕੇ.

**(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**



ਸਮਿੱਥ ਆਖਦਾ ਹੈ ਕਿ, ਵੰਨਸੁਵੰਨੇ ਸੁਆਦਾਂ ਦੇ ਮਾਲਕ ਲੋਕਾਂ ਦੇ ਝੁੰਡ ਨੂੰ ਇਕ ਜਥੇਬੰਦਕ ਨੇਸ਼ਨ ਵਿਚ ਤਬਦੀਲ ਕਰਨ ਲਈ, ਉਨ੍ਹਾਂ ਵਿਚ ਇਕਜੁਟਤਾ ਅਤੇ ਸਾਂਝੀ ਪਹਿਚਾਣ ਦੀ ਭਾਵਨਾ ਪੈਦਾ ਕਰਨ ਲਈ, ਉਨ੍ਹਾਂ ਨੂੰ ਇਕੱਠਾ ਕਰਕੇ ਸਮੁੱਚਤਾ ਵਿਚ ਪਰੋਣ ਲਈ, ਉਨ੍ਹਾਂ ਵਿਚ ਪ੍ਰਮਾਣਿਕਤਾ ਅਤੇ ਨਿੱਜੀ ਆਜ਼ਾਦੀ ਦੀ ਭਾਵਨਾ ਨੂੰ ਪੈਦਾ ਕਰਨ ਲਈ, ਉਨ੍ਹਾਂ ਨੂੰ ਆਪਣੀ ਹੋਣੀ ਤੇ ਆਪ ਮਾਲਕ ਬਣਨ ਦੇ ਯੋਗ ਬਣਾਉਣ ਲਈ ਇਕ ਪ੍ਰਤੀਕਾਤਮਕ ਢਾਂਚੇ (Symbolic Framework) ਵਿਚ ਢਾਲਣ ਦੀ ਲੋੜ ਹੁੰਦੀ ਹੈ। ਇਸ ਲਈ ਇਤਿਹਾਸ ਦੇ ਸੁਨਹਿਰੇ ਯੁੱਗ ਅਤੇ ਕੌਮ ਦੇ ਮਹਾਂ ਨਾਇਕਾਂ ਦਾ ਜੀਵਨ ਬਹੁਤ ਕੰਮ ਆਉਂਦਾ ਹੈ। ਕੌਮ ਦਾ ਬੀਰਰਸੀ ਅਤੀਤ ਜਜਬਿਆਂ ਦੀ ਅਜਿਹੀ ਅੱਗ ਬਾਲਦਾ ਹੈ ਜੋ ਪੀੜ੍ਹੀਆਂ ਤੱਕ ਬਲਦੀ ਰਹਿੰਦੀ ਹੈ।

ਸਮਿੱਥ ਅਨੁਸਾਰ ਇਹ ਸੌਖੀ ਖੇਡ ਨਹੀਂ ਹੈ ਕਿਉਂਕਿ ਜਿਸ ਸਟੇਟ ਅਧੀਨ ਕੋਈ ਕੌਮ ਰਹਿ ਰਹੀ ਹੈ ਉਸਦੀ ਸਟੇਟ ਮਸ਼ੀਨਰੀ ਵੀ ਆਪਣਾ ਰੰਗ ਦਿਖਾਉਂਦੀ ਹੈ। ਇਸਦੇ ਨਾਲ ਹੀ ਸਟੇਟ ਅਤੇ ਆਪਣੀ ਕੌਮ ਨਾਲ ਵਫ਼ਾਦਾਰੀ ਦਾ ਸੰਕਟ ਵੀ ਸਾਹਮਣੇ ਆਉਂਦਾ ਹੈ। ਇਕ ਘੱਟ ਗਿਣਤੀ ਜੋ ਕੌਮ ਬਣਨਾ ਚਾਹੁੰਦੀ ਹੈ ਲਈ ਇਹ ਸੰਕਟ ਕਾਫ਼ੀ ਵੱਡਾ ਹੁੰਦਾ ਹੈ।

ਪਰ ਸਮਿੱਥ ਅਨੁਸਾਰ ਸਟੇਟ ਇਸ ਮੁਕਾਬਲੇ ਵਿਚ ਘਾਟੇ ਵਾਲੀ ਸਥਿਤੀ ਵਿਚ ਹੁੰਦੀ ਹੈ। ਉਸਦੀ ਅਫਸਰਸ਼ਾਹੀ ਇਸ ਤਰ੍ਹਾਂ ਨਾਲ ਲੋਕਾਂ ਤੋਂ ਦੂਰ ਅਤੇ ਵਿਸ਼ਵਾਸ਼ਰਹਿਤ ਹੁੰਦੀ ਹੈ। ਸਟੇਟ ਦੀਆਂ ਕਥਿਤ ਕਦਰਾਂ ਕੀਮਤਾਂ, ਯਾਦਾਂ ਅਤੇ ਕੌਮੀ ਨਿਸ਼ਾਨ ਵੀ ਭਾਰੂ ਬਹੁਗਿਣਤੀ ਦੇ ਹੀ ਹੁੰਦੇ ਹਨ। ਜੇ ਸਟੇਟ ਕੋਲ ਆਪਣੀਆਂ ਸੁਨਹਿਰੀ ਅਤੇ ਜਾਂਬਾਂਜ ਰਵਾਇਤਾਂ ਨਾ ਹੋਣ ਤਾਂ ਉਸ ਸਟੇਟ ਦੀ ਭਾਰੂ ਬਹੁਗਿਣਤੀ ਆਪਣੀਆਂ ਰਵਾਇਤਾਂ ਨੂੰ ਹੀ ਸਟੇਟ ਵਿਚ ਵਸਣ ਵਾਲੀਆਂ ਕੌਮਾਂ ਤੇ ਥੋਪ ਦੇਂਦੀ ਹੈ। ਇਸੇ ਕਰਕੇ ਹੀ ਜਬਰ ਦਾ ਸ਼ਿਕਾਰ ਘੱਟ ਗਿਣਤੀਆਂ ਦੇ ਵਿਦਰੋਹ ਸ਼ੁਰੂ ਹੋ ਜਾਂਦੇ ਹਨ, ਖਾਸ ਕਰਕੇ ਜਦੋਂ ਘੱਟ ਗਿਣਤੀਆਂ ਦਾ ਆਪਣਾ ਵਿਲੱਖਣ ਅਤੇ ਜਾਂਬਾਜ ਇਤਿਹਾਸ ਹੋਵੇ। ਇਸੇ ਕਰਕੇ ਇਥੋਪੀਆ ਦੀ ਟਿਗਰੀ, ਜਿੰਬਾਬਰੇ ਦੀ ਡਿਬੈਲੇ, ਇਰਾਕ ਦੇ ਕੁਰਦ, ਪੰਜਾਬ ਦੇ ਸਿੱਖ ਅਤੇ ਸ੍ਰੀ ਲੰਕਾ ਦੇ ਤਮਿਲਾਂ ਨੇ ਸਟੇਟ ਵੱਲੋਂ ਆਪਣੀਆਂ ਕਦਰਾਂ ਕੀਮਤਾਂ ਉਨ੍ਹਾਂ ਉਪਰ ਤੋਂ ਜਬਰੀ ਥੋਪਣ ਦੇ ਖਿਲਾਫ਼ ਸੰਘਰਸ਼ ਕੀਤਾ। ਫਰਾਂਸ ਅਤੇ ਸਪੇਨ ਵਰਗੇ ਸਥਾਪਤ ਮੁਲਕਾਂ ਵਿਚ ਵੀ ਬਰੈਟਨਜ਼ ਅਤੇ ਬਾਸਕਜ਼ ਨੇ ਸਰਕਾਰੀ ਨੈਸ਼ਨਲਇਜ਼ਮ ਥੋਪਣ ਦੇ ਖਿਲਾਫ਼ ਅਵਾਜ਼ ਉਠਾਈ।

ਸਮਿੱਥ ਆਖਦਾ ਹੈ ਕਿ ਕੌਮੀ ਆਦਰਸ਼ ਦਾ ਕੇਂਦਰ ਹੀ ਇਹ ਹੈ ਕਿ, ਉਹ ਜਿਹੜੇ ਸਾਂਝੇ ਇਤਿਹਾਸ ਅਤੇ ਸਭਿਆਚਾਰ ਨਾਲ ਜੁੜੇ ਹੋਏ ਹਨ ਉਹ ਆਜ਼ਾਦ ਹੋਣ। ਉਹ ਆਪਣੇ ਹੋਮਲੈਂਡ ਵਿਚ ਇਕੱਠੇ ਅਤੇ ਵਿਲੱਖਣ ਹੋਣ। ਉਹ ਕਹਿੰਦਾ ਹੈ ਕਿ ਕੌਮੀ ਆਦਰਸ਼ () ਦਾ ਭਾਵ ਇਕ ਖਾਸ ਕਿਸਮ ਦਾ ਸਭਿਆਚਾਰ ਅਤੇ ਸੰਸਾਰ ਪ੍ਰਤੀ ਇਕ ਖਾਸ ਨਜ਼ਰੀਆ ਹੁੰਦਾ ਹੈ। ਇਸ ਨਜ਼ਰੀਏ ਅਨੁਸਾਰ ਮਨੁੱਖਤਾ ਕੁਦਰਤੀ ਅਤੇ ਅਸਲੀ ਤੌਰ ਤੇ ਵੱਖ ਵੱਖ ਇਤਿਹਾਸਾਂ, ਸਭਿਆਚਾਰਾਂ ਅਤੇ ਰਵਾਇਤਾਂ ਵਾਲੇ ਭਾਈਚਾਰਿਆਂ ਦਰਮਿਆਨ ਵੰਡੀ ਹੋਈ ਹੈ ਜਿਨ੍ਹਾਂ ਨੂੰ ਕੌਮਾਂ ਆਖਿਆ ਜਾਂਦਾ ਹੈ। ਹਰ ਕੌਮ ਆਪਣੇ ਖਾਸੇ ਵਿਚ ਵਿੱਲਖਣ ਹੈ। ਕੌਮਾਂ ਦੇ ਪਰਿਵਾਰ ਦੀ ਚੜ੍ਹਦੀਕਲਾ ਲਈ ਹਰ ਕੌਮ ਦਾ ਆਪਣਾ ਵਿੱਲਖਣ ਯੋਗਦਾਨ ਹੈ। ਹਰ ਕੌਮ ਆਪਣੇ ਲੋਕਾਂ ਦੀ ਪਹਿਚਾਣ ਆਪਣੇ ਵਿੱਲਖਣ ਗੁਣਾਂ ਤਹਿਤ ਪਰਿਭਾਸ਼ਤ ਕਰਦੀ ਹੈ। ਇਸ ਵਿੱਲਖਣਤਾ ਦਾ ਕੇਂਦਰੀ ਧੁਰਾ ਕੌਮ ਦਾ ਇਹਿਤਾਸ ਹੁੰਦਾ ਹੈ। ਭਵਿੱਖ ਦੀਆਂ ਪੀੜ੍ਹੀਆਂ ਲਈ ਕੌਮ ਦੇ ਇਤਿਹਾਸ ਦੇ ਵਿੱਲਖਣ ਗੁਣ ਜੋ ਕੌਮ ਦੇ ਲੋਕਾਂ ਨੂੰ ਆਪਸ ਵਿਚ ਜੋੜਦੇ ਹਨ, ਇਹ ਹੀ ਕੌਮ ਦੀ ਵਿਲੱਖਣਤਾ ਦਾ ਕੇਂਦਰੀ ਧੁਰਾ ਹੁੰਦੇ ਹਨ। ਇਹ ਗੁਣ ਇਕ ਕੜੀ ਵਾਂਗ ਹੁੰਦੇ ਹਨ ਜੋ ਕੌਮ ਦੇ ਭਵਿੱਖ ਨੂੰ ਘੜਦੇ ਹਨ। ਇਸ ਲਈ ਕੌਮੀ ਆਦਰਸ਼ ਜਿੱਥੇ ਸੰਸਾਰ ਪ੍ਰਤੀ ਇਕ ਨਿਆਰਾ ਨਜ਼ਰੀਆ ਪੇਸ਼ ਕਰਦਾ ਹੈ ਉੱਥੇ ਆਪਣੇ ਵਿਲੱਖਣ ਇਤਿਹਾਸ ਦੇ ਸਹਾਰੇ ਕੌਮ ਦਾ ਭਵਿੱਖ ਘੜਦਾ ਹੈ।

ਪਰ, ਸਮਿੱਥ ਅਨੁਸਾਰ ਕੌਮੀ ਆਦਰਸ਼ ਮਹਿਜ਼ ਸੰਸਾਰ ਪ੍ਰਤੀ ਵਿਲੱਖਣ ਨਜ਼ਰੀਏ ਦਾ ਹੀ ਨਾਅ ਨਹੀਂ ਹੈ। ਇਹ ਇਕ ਖਾਸ ਰਾਜਸੀ ਪ੍ਰੋਗਰਾਮ ਲੈ ਕੇ ਵੀ ਚਲਦਾ ਹੈ। ਕੌਮੀ ਆਦਰਸ਼ ਕੌਮ ਨੂੰ ਨੈਸ਼ਨਲਇਜ਼ਮ ਵੱਲ ਲੈ ਕੇ ਜਾਂਦਾ ਹੈ। ਨੈਸ਼ਨਲਇਜ਼ਮ ਦਾ ਕੇਂਦਰੀ ਭਾਵ ਉਸ ਰਾਜਸੀ ਐਕਸ਼ਨ ਤੋਂ ਹੈ ਜਿਸ ਨਾਲ ਕੌਮ ਨੇ ਆਪਣੇ ਕੌਮੀ ਆਦਰਸ਼ ਨੂੰ ਸਮੇਂ ਦੇ ਝੱਖੜਾਂ ਤੋਂ ਬਚਾ ਕੇ ਰੱਖਣਾ ਹੈ। ਜਿਸਨੇ ਕੌਮ ਵਿਚ ਲਗਾਤਾਰ ਇਕਜੁੱਟਤਾ ਦੀ ਭਾਵਨਾ ਪੈਦਾ ਕਰਕੇ ਰੱਖਣੀ ਹੈ। ਇਸ ਇਕਜੁੱਟਤਾ ਲਈ ਨੈਸ਼ਨਲਇਸਟ ਨੂੰ ਆਪਣੀ ਕੌਮੀ ਧਰਤੀ, ਹੋਮਲੈਂਡ ਦੀ ਲੋੜ ਪੈਂਦੀ ਹੈ। ਨੈਸ਼ਨਲਇਸਟ ਦੀ ਰੀਝ ਕਿਸੇ ਵੀ ਧਾਰਤੀ ਦਾ ਮਾਲਕ ਬਣਨ ਨਾਲ ਤ੍ਰਿਪਤ ਨਹੀਂ ਹੁੰਦੀ ਬਲਕਿ ਉਹ, ਉਹ ਧਰਤੀ ਹਾਸਲ ਕਰਨਾ ਚਾਹੁੰਦਾ ਹੈ ਜੋ ਉਸਦੇ ਸੁਪਨਿਆਂ ਦੀ ਧਰਤੀ ਹੈ, ਜਿੱਥੇ ਉਸਦੇ ਵੱਡੇ ਵਡੇਰਿਆਂ ਨੂੰ ਮੱਲਾਂ ਮਾਰੀਆਂ ਹਨ, ਜੋ ਉਸਦੀ ਆਤਮਾਂ ਦੀ ਆਵਾਜ਼ ਹੈ ਜੋ ਉਸਦੇ ਸਾਹਿਤ ਵਿਚ ਗੁਮਕਦੀ ਹੈ। ਕੌਮੀ ਇਕਜੁਟਤਾ ਜਿਸਦੀ ਨੈਸ਼ਨਲਇਸਟ ਇੱਛਾ ਰੱਖਦਾ ਹੈ ਉਹ ਆਪਣੀ ਧਰਤੀ ਨਾਲ ਹੀ ਸੰਭਵ ਹੋ ਸਕਦੀ ਹੈ। ਆਪਣੀ ਧਰਤੀ ਤੋਂ ਬਿਨਾ ਤੁਸੀਂ ਇਕਜੁਟਤਾ ਅਤੇ ਭਰਾਤਰੀਭਾਵ ਪੈਦਾ ਨਹੀਂ ਕਰ ਸਕਦੇ। ਆਪਣੇ ਲੋਕਾਂ ਨੂੰ ਉਸ ਥਾਂ, ਧਰਤੀ ਦੇ ਉਸ ਟੁਕੜੇ ਜਿਸ ਨੂੰ ਉਹ ਆਪਣਾ ਸਮਝਦੇ ਹਨ, ਉਹ ਹੋਮਲੈਂਡ ਜੋ ਉਨ੍ਹਾਂ ਦਾ ਇਤਿਹਾਸਕ ਹੱਕ ਹੈ ਨਾਲ ਜੋੜੇ ਤੋਂ ਬਿਨਾਂ ਉਨ੍ਹਾਂ ਵਿਚ ਭਰਾਤਰੀਭਾਵ ਅਤੇ ਸਾਕੇਦਾਰੀ ਪੈਦਾ ਨਹੀਂ ਕਰ ਸਕਦੇ। ਆਪਣੀ ਮਾਨਤਾ ਪ੍ਰਾਪਤ ਧਰਤੀ (Recognised Land) ਦਾ ਹੱਕ ਲੈਣ ਤੋਂ ਬਿਨਾ ਕੌਮ ਦੇ ਲੋਕ ਭਵਿੱਖ ਵਿਚ ਆਪਣੀ ਵਿਸ਼ੇਸ਼ ਪਹਿਚਾਣ ਨੂੰ ਮਹਿਸੂਸ ਨਹੀਂ ਕਰ ਸਕਣਗੇ।

ਇਸ ਪਹਿਚਾਣ ਨੂੰ ਮਹਿਸੂਸ ਕਰਨ ਅਤੇ ਇਸਤੇ ਮਾਣ ਕਰਨ ਲਈ ਸਮਿੱਥ ਆਖਦਾ ਹੈ ਕਿ, ਹੋਮਲੈਂਡ ਦਾ ਆਜ਼ਾਦ ਹੋਣਾ ਜ਼ਰੂਰੀ ਹੈ। ਇਸ ਤੇ ਕਿਸੇ ਹੋਰ ਸਭਿਆਚਾਰ ਵਾਲਿਆਂ ਦਾ ਰਾਜ ਨਹੀਂ ਹੋਣਾ ਚਾਹੀਦਾ। ਇਸੇ ਕਰਕੇ ਰਾਸ਼ਟਰਵਾਦੀ ਰਾਜਨੀਤਿਕ ਸੰਘਰਸ਼ ਵਿਚ ਸ਼ਾਮਲ ਹੁੰਦਾ ਹੈ ਤਾਂ ਕਿ ਉਸਦੇ ਹੋਮਲੈਂਡ ਦੀ ਪ੍ਰਭੂਸੱਤਾ ਹਾਸਲ ਕੀਤੀ ਜਾ ਸਕੇ।

ਕਿਸੇ ਦੂਜੀ ਵਿਚਾਰਧਾਰਾ ਅਤੇ ਵੱਖਰੀ ਇਤਿਹਾਸਕ ਪਰੰਪਰਾ ਵਾਲੇ ਹਾਕਮ ਦੇ ਅਧੀਨ ਰਹਿਣਾ ਕਿੰਨਾ ਔਖਾ ਹੈ ਇਸ ਦੀ ਉਦਾਹਰਨ 19ਵੀਂ ਸਦੀ ਦੇ ਜਨਮਨ ਰਾਜ ਤੋਂ ਮਿਲਦੀ ਹੈ। 19ਵੀਂ ਸਦੀ ਵਿਚ ਜਰਮਨ ਕੌਮ ਨੇ ਆਪਣਾ ਰਾਜ ਮੌਜੂਦਾ ਜਰਮਨੀ ਅਤੇ ਆਸਟਰੀਆ ਤੋਂ ਵਧਾ ਕੇ ਫਿਨਲੈਂਡ ਦੀ ਖਾੜੀ, ਬਾਲਟਿਕ, ਐਡਰਿਆਟਿਕ ਅਤੇ ਬੋਹੀਮੀਆ ਦੇ ਪਹਾੜਾਂ ਤੋਂ ਲੈ ਕੇ ਰੂਸ ਦੀਆਂ ਵਾਦੀਆਂ ਤੱਕ ਵਧਾ ਲਿਆ ਸੀ। ਸਟੇਟ ਵੱਲੋਂ ਪਰਚਾਰੇ ਜਾਂਦੇ ਨੈਸ਼ਨਲਇਜ਼ਮ ਦੇ ਸਿਧਾਂਤ ਅਨੁਸਾਰ ਜਰਮਨ ਕੌਮ ਇਸ ਖਿੱਤੇ ਵਿਚ ਆਪਣੀ ਕੌਮੀ ਚੌਧਰ ਬਰਕਰਾਰ ਕਰ ਸਕਦੀ ਸੀ ਅਤੇ ਸਮੁੱਚੇ ਖਿੱਤੇ ਨੂੰ ਜਰਮਨ ਨੇਸ਼ਨ ਦਾ ਹਿੱਸਾ ਐਲਾਨ ਕਰ ਸਕਦੀ ਸੀ। ਪਰ ਅਜਿਹੀ ਲਾਲਸਾ ਵੱਡੀਆਂ ਸਮੱਸਿਆਵਾਂ ਤੋਂ ਬਿਨਾ ਨਹੀਂ ਸੀ ਪੂਰੀ ਜਾ ਸਕਦੀ। ਜਨਮਨ ਕੌਮ ਦੀ ਇਸ ਲਾਲਸਾ ਨੂੰ 1848 ਦੇ ਇਨਕਲਾਬ ਨੇ ਬੰਨ੍ਹ ਲਗਾ ਦਿੱਤਾ। 1848 ਦਾ ਇਨਕਲਾਬ ਇੱਕੋ ਸਮੇਂ ਬਰਲਿਨ, ਵਿਆਨਾ ਅਤੇ ਹੋਰ ਛੋਟੀਆਂ ਜਰਮਨ ਸਟੇਟਾਂ ਵਿਚ ਵਾਪਰਿਆ। ਬੇਸ਼ੱਕ ਇਹ ਥੋੜ੍ਹੀ ਦੇਰ ਲਈ ਹੀ ਸਫ਼ਲ ਹੋ ਸਕਿਆ ਪਰ ਇਸਨੇ ਉਸ ਖਿੱਤੇ ਨੂੰ ਜਰਮਨ ਨੇਸ਼ਨ ਬਣਾਉਣ ਦੇ ਯਤਨਾਂ ਦੇ ਰਾਹ ਵਿਚ ਰੋੜੇ ਅਟਕਾ ਦਿੱਤੇ। ਇਨਕਲਾਬ ਦੀ ਸਫਲਤਾ ਦੇ ਨਾਲ ਹੀ ਘੱਟ ਗਿਣਤੀ ਕੌਮਾਂ ਨੂੰ ਜਰਮਨ ਸੰਵਿਧਾਨ ਵਿਚ ਸੁਧਾਰ ਕਰਕੇ ਘੱਟ ਗਿਣਤੀਆਂ ਦੀ ਵੱਧ ਵਸੋਂ ਵਾਲੇ ਇਲਾਕਿਆਂ ਨੂੰ ਵੱਧ ਰਾਜਸੀ ਅਧਿਕਾਰ ਦੇਣ ਦੀ ਮੰਗ ਚੁੱਕ ਲਈ। ਥੋੜ੍ਹੀ ਦੇਰ ਬਾਅਦ ਹੀ ਜਰਮਨ ਪਾਰਲੀਮੈਂਟ ਵਿਚ ਇਕ ਤਿੱਖਾ ਮਾਮਲਾ ਸਾਹਮਣੇ ਆਇਆ। ਉਸ ਵੇਲੇ ਪੋਲੈਂਡ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਸੀ, ਇਹ ਰੂਸ, ਆਸਟਰੀਆ ਅਤੇ ਪਰੂਸ਼ੀਆ ਵਿਚ ਵੰਡ ਹੋ ਗਿਆ। ਪਰੂਸ਼ੀਆ ਦੇ ਪੋਲਿਸ਼ਾਂ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਆਪਣੀ ਵੱਧ ਆਬਾਦੀ ਵਾਲੇ ਇਲਾਕਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਉਠਾ ਦਿੱਤੀ। ਮਾਮਲਾ ਫਰੈਂਕਫਰਟ ਦੀ ਸੰਸਦ ਵਿਚ ਬਹਿਸ ਲਈ ਆ ਗਿਆ, ਕਿਉਂਕਿ 1848 ਦੇ ਇਨਕਲਾਬ ਨੇ ਪੋਲਿਸ਼ਾਂ ਨੂੰ ਇਕ ਕੌਮ ਦਾ ਦਰਜਾ ਦੇ ਦਿੱਤਾ ਸੀ।

ਜਰਮਨ ਸੰਸਦ ਵਿਚ ਇਸਦਾ ਡਟਵਾਂ ਵਿਰੋਧ ਹੋਇਆ। ਬਰਲਿਨ ਦੇ ਇਕ ਮੈਂਬਰ ਜਾਰਡਨ ਨੇ ਉਸ ਬਹਿਸ ਵਿਚ ਹਿੱਸਾ ਲੈਂਦਿਆਂ ਆਖਿਆ, 'ਕੀ ਪਰੂਸ਼ੀਆ ਵਿਚ ਰਹਿ ਰਹੇ ਪੰਜ ਲੱਖ ਜਰਮਨ, ਜਰਮਨੀ ਦੇ ਕਾਨੂੰਨ ਤਹਿਤ ਰਹਿਕੇ ਆਪਣੀ ਮਾਤਰ ਭੂਮੀ ਨਾਲ ਇੱਕਮੁੱਠਤਾ ਰੱਖਣਗੇ ਜਾਂ ਆਪਣੇ ਤੋਂ ਘਟੀਆ ਕੌਮ ਦੀ ਸਰਦਾਰੀ ਹੇਠ ਦੂਜੇ ਦਰਜੇ ਦੇ ਸ਼ਹਿਰੀ ਬਣਕੇ ਜੀਵਨ ਬਸਰ ਕਰਨਗੇ? ਜਾਰਡਨ ਨੇ ਆਖਿਆ ਕਿ ਪੋਲਿਸ਼ ਮੰਗ ਨੂੰ ਨਹੀਂ ਮੰਨਿਆ ਜਾਣਾ ਚਾਹੀਦਾ ਕਿਉਂਕਿ ਸਾਨੂੰ ਆਪਣੇ ਲੋਕਾਂ ਵਿਚ ਇਕ ਮਜਬੂਤ ਕੌਮੀ ਗੌਰਵ ਪੈਦਾ ਕਰਨਾ ਚਾਹੀਦਾ ਹੈ ਜਿਸਦੇ ਬਿਨਾ ਕੋਈ ਵੀ ਕੌਮ ਵਿਕਸਿਤ ਨਹੀਂ ਹੋ ਸਕਦੀ। ਮਹਿਜ਼ ਸਟੇਟ ਦੀ ਮੌਜੂਦਗੀ ਹੀ ਲੋਕਾਂ ਨੂੰ ਆਜ਼ਾਦੀ ਦਾ ਨਿੱਘ ਨਹੀਂ ਦੇ ਸਕਦੀ ਬਲਕਿ ਸਟੇਟ ਨੂੰ ਹੋਰਾਂ ਤੇ ਆਪਣੀ ਸ਼ਕਤੀ ਦਾ ਦਾਅਵਾ ਦ੍ਰਿੜਤਾ ਨਾਲ ਜਤਾਉਣ ਕਰਕੇ ਹੀ ਆਜ਼ਾਦੀ ਬਰਕਰਾਰ ਰਹਿ ਸਕਦੀ ਹੈ।

ਕਿਦਾਊਰੀ ਆਖਦਾ ਹੈ ਕਿ ਨੈਸ਼ਨਲਇਜ਼ਮ ਬਹੁ




ਕੌਮੀ ਸਟੇਟਾਂ ਵਿਚ ਸਥਿਰਤਾ ਅਤੇ ਮਜਬੂਤੀ ਲਿਆਉਣ ਦਾ ਨਾਅ ਨਹੀਂ ਹੈ, ਬਲਕਿ ਇਹ ਤਾਂ ਵੱਖ ਵੱਖ ਕੌਮਾਂ ਨੂੰ ਉਨ੍ਹਾਂ ਦੇ ਬਣਦੇ ਸਿਆਸੀ ਹੱਕ ਦਿਵਾਉਣ ਦੀ ਸਰਗਰਮੀ ਹੈ। ਇਹ ਉਸ ਸਾਰੀ ਸਥਿਰਤਾ ਨੂੰ ਤੋੜ ਦੇਂਦਾ ਹੈ ਜੋ ਘੱਟ ਗਿਣਤੀ ਕੌਮਾਂ ਦੇ ਲੀਡਰਾਂ ਨੇ ਕਿਸੇ ਵੇਲੇ ਭਾਰੂ ਗਿਣਤੀ ਨਾਲ ਸਮਝੌਤੇ ਰਾਹੀਂ ਕੀਤੀ ਹੁੰਦੀ ਹੈ। ਘੱਟ ਗਿਣਤੀਆਂ ਨੂੰ ਹਰ ਵੇਲੇ ਆਪਣੇ ਕੌਮੀ ਕਾਜ਼ ਦੀ ਪ੍ਰਾਪਤੀ ਲਈ ਪੁਰਾਣੇ ਜ਼ਖਮ ਹਰੇ ਕਰਨੇ ਚਾਹੀਦੇ ਹਨ ਅਤੇ ਪੁਰਾਣੇ ਸਮਝੌਤੇ ਤੋੜ ਦੇਣੇ ਚਾਹੀਦੇ ਹਨ।

ਕਿਦਾਊਰੀ ਇਹ ਵੀ ਆਖਦਾ ਹੈ ਕਿ ਬਹੁ ਕੌਮੀ ਸਟੇਟਾਂ ਕਈ ਵਾਰ ਰਾਸ਼ਟਰਵਾਦੀਆਂ ਨੂੰ ਬੇਹਥਿਆਰੇ ਕਰਨ ਲਈ ਉਨ੍ਹਾਂ ਦੇ ਸਭਿਆਚਾਰਕ ਤੇ ਧਾਰਮਿਕ ਮਾਮਲੇ ਕੌਮਾਂ ਨੂੰ ਦੇ ਦਿੰਦਿਆਂ ਹਨ, ਕਿ ਇਹ ਮਾਮਲੇ ਕੌਮਾਂ ਦੀਆਂ ਸੰਸਥਾਵਾਂ ਚਲਾ ਲੈਣ ਜਦੋਂ ਕਿ ਆਰਥਿਕ ਅਤੇ ਰਾਜਸੀ ਮਾਮਲੇ ਵੱਡੀ ਸਟੇਟ ਚਲਾਏਗੀ। ਉਹ ਆਖਦਾ ਹੈ ਕਿ ਰਾਸ਼ਟਰਵਾਦੀਆਂ ਨੂੰ ਸ਼ਾਂਤ ਕਰਨ ਦੇ ਅਜਿਹੇ ਯਤਨ ਬਹੁਤੇ ਸਫਲ ਨਹੀਂ ਹੁੰਦੇ ਕਿਉਂਕਿ ਰਾਸ਼ਟਰਵਾਦੀ ਸਮਝਦੇ ਹਨ ਕਿ ਬੇਸ਼ੱਕ ਸਭਿਆਚਾਰਕ ਅਤੇ ਰਾਜਸੀ ਮਾਮਲੇ ਇਕ ਦੂਜੇ ਤੋਂ ਵੱਖ ਨਹੀਂ ਹਨ ਪਰ ਕੋਈ ਵੀ ਸਭਿਆਚਾਰ ਆਪਣੀ ਪ੍ਰਭੂਸੱਤਾ ਸੰਪੰਨ ਸਟੇਟ ਤੋਂ ਬਿਨਾ ਜੀਅ ਨਹੀਂ ਸਕਦਾ। ਇਸ ਲਈ ਉਨ੍ਹਾਂ ਦਾ ਨਿਸ਼ਾਨਾ ਆਪਣੇ ਗੌਰਵ ਨੂੰ ਬਚਾਈ ਰੱਖਣ ਦਾ ਹੁੰਦਾ ਹੈ। ਬੇਗਾਨੇ ਮੁਲਕ ਦੀ ਸਿਟੀਜਨਸ਼ਿਪ ਲੈਣ ਦੇ ਦਰਦ ਨੂੰ ਯਹੂਦੀਆਂ ਤੋਂ ਵੱਧ ਸ਼ਾਇਦ ਕਿਸੇ ਨੇ ਨਹੀਂ ਮਹਿਸੂਸਿਆ। ਪ੍ਰਚੱਲਿਤ ਕਿਸਮ ਦੇ ਰਾਸ਼ਟਰਵਾਦ (Civic Nationalism) ਅਧੀਨ ਬਹੁ ਗਿਣਤੀ ਕੌਮ ਨਾਲ ਏਕੀਕਰਨ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਯਹੂਦੀਆਂ ਵਰਗੀ ਘੱਟ ਗਿਣਤੀ ਜੋ ਫਰੈਚ ਸਿਟੀਜਨਸ਼ਿਪ ਲੈਣ ਲਈ ਪਲਾਇਨ ਕਰਕੇ ਆਈ ਜਾਂ ਜਿਸਨੂੰ ਫਰੈਂਚ ਸਮਾਜ ਨਾਲ ਇਕ ਮਿੱਕ ਹੋਣ ਲਈ ਉਤਸ਼ਾਹਿਤ ਕੀਤਾ ਗਿਆ ਨੂੰ ਬਹੁਤ ਵੱਡੀ ਕੀਮਤ ਉਤਾਰਨੀ ਪਈ। ਉਨ੍ਹਾਂ ਨੂੰ ਆਪਣੇ ਕੌਮੀ ਨਿਆਰੇਪਣ, ਸਾਂਝੇ ਸਭਿਆਚਾਰ ਅਤੇ ਹੱਕਾਂ ਦੀ ਬਲੀ ਦੇਣੀ ਪਈ। 1790 ਵਿਚ ਫਰੈਂਚ ਸਰਕਾਰ ਨੇ ਇਕ ਕਾਨੂੰਨ ਪਾਸ ਕੀਤਾ ਜਿਸ ਵਿਚ ਐਲਾਨ ਕੀਤਾ ਗਿਆ ਕਿ ਯਹੂਦੀਆਂ ਨੂੰ ਵਿਅਕਤੀਗਤ ਤੌਰ ਤੇ ਦੇਣ ਲਈ ਸਾਡੇ ਕੋਲ ਬਹੁਤ ਕੁਝ ਹੈ ਪਰ ਯਹੂਦੀਆਂ ਨੂੰ ਇਕ ਕੌਮ ਦੇ ਤੌਰ ਤੇ ਦੇਣ ਲਈ ਸਾਡੇ ਕੋਲ ਕੁਝ ਨਹੀਂ ਹੈ।

ਇਸੇ ਲਈ ਲੀਉਪੋਲਡ ਕੋਹਰ ਦਾ ਕਹਿਣਾ ਹੈ ਕਿ ਸੰਸਾਰ ਦੀਆ ਸਾਰੀਆਂ ਸਮੱਸਿਆਵਾਂ ਵੱਡੇ ਅਕਾਰ ਦੀ ਹਿਰਸ ਅਤੇ ਲਾਲਸਾ ਕਾਰਨ ਪੈਦਾ ਹੋਈਆਂ ਹਨ। ਦੁਨੀਆਂ ਭਰ ਦੇ ਭੱਦਰਪੁਰਸ਼ ਸਿਆਸਤਦਾਨ ਜਦੋਂ ਹਮਲਾਵਰ ਬਿਰਤੀ, ਜਾਬਰਪੁਣਾਂ, ਇਕੱਠਵਾਦ ਅਤੇ ਸਮੂਹਕ ਬੇਵਕੂਫੀ ਦਾ ਸ਼ਿਕਾਰ ਹੋਕੇ ਆਪਣੀ ਸਟੇਟ ਨੂੰ ਵੱਡਾ ਕਰਨ ਦੇ ਯਤਨ ਕਰਦੇ ਹਨ ਤਾਂ ਸੰਸਾਰ ਸਮੱਸਿਆਵਾਂ ਨਾਲ ਘਿਰ ਜਾਂਦਾ ਹੈ। ਉਹ ਵੱਡੇ ਮੁਲਕਾਂ ਨੂੰ ਛੋਟੇ ਕੌਮੀ ਮੁਲਕਾਂ ਵਿਚ ਤੋੜ ਦੇਣ ਦੀ ਵਕਾਲਤ ਕਰਦਾ ਹੈ।

ਬੈਜਾਮਿਨ ਐਕਜ਼ਿਨ ਵੀ ਆਖਦਾ ਹੈ ਕਿ ਮਜਬੂਤ ਵਾੜ ਹੀ ਚੰਗੇ ਗੁਆਂਢੀ ਪੈਦਾ ਕਰਦੀ ਹੈ। ਸਮਿੱਥ ਦਾ ਕਹਿਣਾ ਹੈ ਕਿ ਆਜ਼ਾਦੀ ਮਹਿਜ਼ ਰਾਜਸੀ ਜਾਂ ਆਰਥਿਕ ਕਾਰਨਾ ਕਰਕੇ ਹੀ ਨਹੀਂ ਚਾਹੀਦੀ ਹੁੰਦੀ ਬਲਕਿ ਕਿਸੇ ਕੌਮ ਦੀ ਪ੍ਰਤਿਭਾ ਦਾ ਫੁੱਲ ਅਜ਼ਾਦ ਮੁਲਕ ਤੋਂ ਬਿਨਾ ਖਿੜ ਹੀ ਨਹੀਂ ਸਕਦਾ।

ਸਿੱਖ ਰਾਸ਼ਟਰਵਾਦ ਨੂੰ ਸਮਝਦਿਆਂ

ਐਨਥਨੀ ਸਮਿੱਥ ਆਖਦੇ ਹਨ ਕਿ ਕੌਮਾਂ ਦੀ ਉਤਪਤੀ ਉਨ੍ਹਾਂ ਦੇ ਘੱਟ ਗਿਣਤੀ ਅਧਾਰ (Ethnic Origins) ਤੋਂ ਹੀ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੌਮਾਂ ਦੀ ਉਤਪਤੀ ਦਾ ਅਧਾਰ ਉਹ ਸਾਂਝਾ ਤਜ਼ਰਬਾ ਹੈ ਜੋ ਕਿਸੇ ਸਮੂਹ ਦੇ ਮੈਂਬਰਾਂ ਨੇ ਇਤਹਾਸ ਵਿਚ ਮਾਣਿਆ ਜਾਂ ਹੰਢਾਇਆ ਹੈ। ਪੀੜ੍ਹੀਆਂ ਤੋਂ ਉਸ ਸਾਂਝੇ ਇਤਿਹਾਸਕ ਤਜ਼ਰਬੇ (Historical Experience) ਨੇ ਜੋ ਨਿਸ਼ਾਨ ਛੱਡੇ ਹਨ ਉਨ੍ਹਾਂ ਦੀ ਛਾਪ ਅੱਜ ਦੀਆਂ ਆਧੁਨਿਕ ਕੌਮਾਂ ਅਤੇ ਕੌਮੀ ਰਾਜਾਂ ਤੇ ਸਪਸ਼ਟ ਦੇਖੀ ਜਾ ਸਕਦੀ ਹੈ। ਉਸ ਇਤਿਹਾਸਕ ਤਜ਼ਰਬੇ ਵਿਚ ਕੌਮ ਦੀਆਂ ਇਤਿਹਾਸਕ ਮਿੱਥਾਂ, ਕੌਮੀ ਯਾਦਾਂ, ਕੌਮੀ ਨਿਸ਼ਾਨ ਅਤੇ ਕੌਮੀ ਕਦਰਾਂ ਕੀਮਤਾਂ ਸਭ ਤੋਂ ਵੱਡਾ ਯੋਗਦਾਨ ਪਾਉਂਦੀਆਂ ਹਨ। ਇਸ ਲਈ ਪੂਰਵ ਆਧੁਨਿਕ ਕੌਮੀ ਜਜਬੇ ਅਤੇ ਪੈਟਰਨ ਦੀ ਖੋਜ ਕਰਦਿਆਂ ਸਾਨੂੰ ਸਾਂਝੀਆਂ ਯਾਦਾਂ ਅਤੇ ਸਾਂਝੇ ਤਜ਼ਰਬੇ ਦੇ ਉਸ ਭੰਡਾਰ ਨੂੰ ਗਹੁ ਨਾਲ ਵਾਚਣਾਂ ਚਾਹੀਦਾ ਹੈ ਜਿਸਨੇ ਮਨੁੱਖੀ ਸਮੂਹਾਂ ਨੂੰ ਇਕ ਤੰਦ ਵਿਚ ਪਰੋ ਕੇ ਰੱਖਣ ਦਾ ਕਾਰਜ ਕੀਤਾ ਹੈ। ਸਮਿੱਥ ਅਨੁਸਾਰ ਉਹ ਸਾਂਝਾ ਤਜ਼ਰਬਾ ਹੀ ਅੱਜ ਦੇ ਆਧੁਨਿਕ ਰਾਸ਼ਟਰਾਂ ਦਾ ਅਸਲ ਅਧਾਰ ਹੈ ਕਿਉਂਕਿ ਘੱਟ ਗਿਣਤੀ ਸਮੂਹ (Ethinicity) ਦਾ ਉਹ ਤਜ਼ਰਬਾ ਨਵੇਂ ਰੂਪ ਵਿਚ ਤਬਦੀਲ ਹੋ ਗਿਆ ਹੈ ਪਰ ਉਹ ਮਲੀਆਮੇਟ ਨਹੀਂ ਹੋਇਆ ਜਿਵੇਂ ਕਿ ਕੁਝ ਆਧੁਨਿਕ ਵਿਚਾਰਵਾਨਾਂ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਸੰਦਰਭ ਵਿਚ ਐਨਥਨੀ ਸਮਿੱਥ ਆਖਦੇ ਹਨ ਕਿ ਕਿਸੇ ਸਮੂਹ ਦੀ ਕੌਮੀ ਵਿਆਖਿਆ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ। ਇਕ ਸਾਂਝਾ ਨਾਅ ਅਤੇ ਨਿਸ਼ਾਨ

ਸਾਂਝੀ ਬੰਸ ਦੀ ਮਿੱਥ

ਸਾਂਝੀਆਂ ਇਤਿਹਾਸਕ ਯਾਦਾਂ ਅਤੇ ਰਵਾਇਤਾਂ

ਸਾਂਝੇ ਸਭਿਆਚਾਰ ਦੇ ਇਕ ਜਾਂ ਇਕ ਤੋਂ ਵੱਧ ਤੱਤ

ਇਤਿਹਾਸਕ ਧਰਤੀ ਜਾਂ ਹੋਮਲੈਂਡ ਨਾਲ ਸਾਂਝ

ਕੌਮੀ ਈਲੀਟ ਵਿਚ ਸਾਂਝੇਦਾਰੀ ਦੀ ਭਾਵਨਾ

ਸਮਿੱਥ ਆਖਦਾ ਹੈ ਕਿ ਕਿਸੇਹ ਮਰਦ ਅਗੰਮੜੇ (Glorious Ancestor) ਦੀ ਔਲਾਦ ਹੋਣ ਦੀ ਇਤਿਹਾਸਕ ਮਿੱਥ ਕੌਮ ਨੂੰ ਇਕਜੁਟਤਾ ਵਿਚ ਅਜਿਹਾ ਬੰਨ੍ਹਦੀ ਹੈ ਕਿ ਇਤਿਹਾਸ ਦੇ ਲੱਖਾਂ ਝੱਖੜ ਵੀ ਉਸਦੇ ਕੌਮੀ ਜਜਬੇ ਨੂੰ ਤੋੜ ਨਹੀਂ ਸਕਦੇ। ਕੌਮ ਦੇ ਇਹ ਤੱਤ ਮਹਿਜ਼ ਉਸ ਕੌਮ ਨੂੰ ਹੀ ਆਪਸ ਵਿਚ ਨਹੀਂ ਜੋੜਦੇ ਬਲਿਕ ਆਪਣੇ ਗਵਾਂਢੀਆਂ ਤੋਂ ਵਖਰਿਆਉਂਦੇ ਵੀ ਹਨ, ਅਤੇ ਸਮਿੱਥ ਦਾ ਮੰਨਣਾ ਹੈ ਕਿ ਹਰ ਕੌਮ ਨੂੰ ਕਦਮ ਕਦਮ ਤੇ ਆਪਣੇ ਇਸ ਵੱਖਰੇਪਣ ਦਾ ਅਹਿਸਾਸ ਅਤੇ ਮੁਜਾਹਰਾ ਕਰਨਾ ਚਾਹੀਦਾ ਹੈ (Myths and Memories of The Nation-Anthony D Smith)

ਇਸੇ ਤਰ੍ਹਾਂ ਫਰੈਡਰਿਕ ਬਾਰਥ ਦਾ ਵੀ ਮੰਨਣਾ ਹੈ ਕਿ ਕੌਮੀ ਸਮੂਹ ਆਪਣੀ ਵਿਆਖਿਆ ਮਹਿਜ਼ ਆਪਣੇ ਵਿਲੱਖਣ ਤੱਤਾਂ ਕਰਕੇ ਹੀ ਨਹੀਂ ਕਰਦੇ ਬਲਕਿ ਆਪਣੇ ਗਵਾਂਢੀਆਂ ਨਾਲੋਂ ਵੱਖਰੇ ਤੱਤ ਵੀ ਉਨ੍ਹਾਂ ਦੀ ਵਿਆਖਿਆ ਦਾ ਕੇਂਦਰੀ ਧੁਰਾ ਬਣਦੇ ਹਨ। ਬਾਰਥ ਆਖਦਾ ਹੈ ਕਿ ਪੁਰਾਤਨ ਮਨੁੱਖ ਉਸ ਵੇਲੇ ਪ੍ਰੇਸ਼ਾਨ ਹੋ ਜਾਂਦਾ ਸੀ ਜਿਸ ਵੇਲੇ ਕਿਸੇ ਹੋਰ ਕਬੀਲੇ ਦਾ ਵਿਅਕਤੀ ਉਸਦੇ ਹਾਵਾਂ ਭਾਵਾਂ ਅਤੇ ਸੰਕੇਤਕ ਭਾਸ਼ਾ ਨੂੰ ਸਮਝਣ ਤੋਂ ਅਸਮਰਥ ਹੁੰਦਾ ਸੀ। ਉਹ ਆਖਦਾ ਹੈ ਕਿ ਇਸ ਨੂੰ ਮਨੁੱਖੀ ਅਪੂਰਨਤਾ ਦੇ ਸੰਕੇਤ ਵੱਜੋਂ ਚਿਤਵਿਆ ਜਾਂਦਾ ਸੀ ਜੋ ਕਿ ਅਸਲ ਮਨੁੱਖ ਨੂੰ ਸਮਝਣ ਤੋਂ ਅਸਮਰਥ ਹੁੰਦਾ ਸੀ (Ethnic Groups Fredrik Barht)

ਇਸ ਸੰਦਰਭ ਵਿਚ ਗੁਰਬਾਣੀ ਵਿਚ ਗੁਰਮੁਖ ਅਤੇ ਮਨਮੁਖ ਦਾ ਸੰਕਲਪ ਸਿੱਖ ਕੌਮ ਦੇ ਵਿਚਾਰਧਾਰਕ ਅਤੇ ਉਤਮ ਤੱਤ ਦੀ ਮਿਸਾਲ ਹੈ ਜੋ ਉਸ ਨੂੰ ਦੂਜਿਆਂ ਨਾਲੋਂ ਵਖਰਿਆਉਂਦਾ ਹੈ।

ਫਰਾਂਸੀਸੀ ਭਾਸ਼ਾ ਵਿਅਗਿਆਨੀ ਐਮਲੀ ਬੈਨਵੈਨਿਸਟੇ ਵੀ ਕੌਮਾਂ ਨੂੰ ਉਨ੍ਹਾਂ ਦੇ ਨਿਰੋਲ ਵੱਖਰੇ ਤੱਤਾਂ ਦੇ ਅਧਾਰ ਤੇ ਵਖਿਆਉਣ ਦੇ ਇਤਿਹਾਸਕ ਤਜਰਬੇ ਦੀ ਹਮਾਇਤ ਕਰਦੇ ਹਨ। ਉਹ ਆਖਦੇ ਹਨ, ਪੁਰਾਤਨ ਸਮੇਂ ਵਿਚ ਘੱਟ ਗਿਣਤੀ ਸਮੂਹ ਦਾ ਹਰ ਨਾਅ ਦੂਜੇ ਨਾਲੋਂ ਵੱਖਰਾ ਅਤੇ ਵਿਰੋਧੀ ਹੁੰਦਾ ਸੀ। ਹਰ ਨਾਅ ਵਿਚ ਉਹ ਉਤਮ ਅਹਿਸਾਸ ਛੁਪਿਆ ਹੁੰਦਾ ਸੀ ਜੋ ਉਤਮ ਭਾਸ਼ਾ ਨੇ ਕੌਮ ਦੇ ਲੋਕਾਂ ਵਿਚ ਭਰਿਆ ਹੁੰਦਾ ਸੀ।

ਧਰਮ ਵੀ ਕਿਸੇ ਕੌਮ ਦੇ ਕੌਮੀ ਜਜਬੇ ਨੂੰ ਮਜਬੂਤ ਅਤੇ ਪਵਿੱਤਰ ਰੱਖਣ ਦਾ ਮਹੱਤਵਪੂਰਨ ਤੱਤ ਹੈ। ਹਰਟਜ਼ ਨੇ ਸੰਸਾਰ ਭਰ ਦੀਆਂ ਕੌਮੀਅਤਾਂ ਦੀ ਉਤਪਤੀ ਅਤੇ ਵਿਕਾਸ ਦੇ ਸਬੰਧ ਵਿਚ ਧਰਮ ਦੀ ਮਹੱਤਤਾ ਅਤੇ ਉਤਮਤਾ ਨੂੰ ਪਹਿਚਾਣਿਆ ਹੈ। ਫਰੈਡਰਿਕ ਦੀ ਭਾਵਨਾ ਪੈਦਾ ਕਰਨ ਵਿਚ ਧਰਮ ਅੱਜ ਵੀ ਬਹੁਤ ਤਾਕਤਵਰ ਤੱਤ ਹੈ। ਉਹ ਆਖਦੇ ਹਨ ਕਿ ਕੌਮੀ ਏਕਤਾ ਅਤੇ ਇਕਜੁਟਤਾ ਅਸਲ ਵਿਚ ਧਾਰਮਿਕ ਜੜ੍ਹਾਂ ਵਿਚੋਂ ਹੀ ਪੈਦਾ ਹੋਈ ਹੈ ਅਤੇ ਹਰ ਕੌਮੀ ਸਭਿਅਤਾ ਨੂੰ ਧਰਮ ਨੇ ਹੀ ਨਿਖਾਰਿਆ ਹੈ। ਉਹ ਇਹ ਵੀ ਆਖਦੇ ਹਨ ਕਿ ਹਰ ਕੌਮ ਦੀ ਪਵਿੱਤਰ ਭਾਵਨਾ ਨੂੰ ਉਸਦੀ ਸਭਿਅਤਾ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ ਅਤੇ ਹਰ ਸਭਿਅਤਾ ਧਰਮ ਦੀਆਂ ਪਾਵਨ ਭਾਵਨਾਵਾਂ ਤੋਂ ਬਿਨਾ ਸਮਝਿਆ ਨਹੀਂ ਜਾ ਸਕਦਾ।

ਫਰੈਡਰਿਕ ਹਰਟਜ਼ ਦਾ ਕਹਿਣਾ ਹੈ ਕਿ ਕੌਮੀ ਉਸਾਰੀ ਵਿਚ ਧਰਮ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਹੁਤ ਸਾਰੇ ਸੰਘਰਸ਼ ਜਿਨ੍ਹਾਂ ਨੂੰ ਧਾਰਮਿਕ ਸੰਘਰਸ਼ਾਂ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ ਅਸਲ ਵਿਚ ਸੱਜਰੇਪਣ ਨਾਲ ਭਰਪੂਰ ਕੌਮੀ ਪਹਿਚਾਣ ਨੂੰ ਕਾਇਮ ਰੱਖਣ ਦਾ ਚੇਤਨ ਪ੍ਰਗਟਾਵਾ ਸਨ। ਉਹ ਆਖਦੇ ਹਨ ਕਿ ਧਰਮ ਨੇ ਹੀ ਉਸਦੇ ਪੈਰੋਕਾਰਾਂ ਵਿਚ ਆਪਣੇ ਕੌਮੀ ਕਾਰਜ ਦੀ ਪਵਿੱਤਰਤਾ ਲਈ ਸ਼ਹੀਦ ਹੋ ਜਾਣ ਦਾ ਜਜਬਾ ਭਰਿਆ ਹੈ। ਇਹ ਜਜਬਾ ਕਿਸੇ ਉੱਚੀ ਅਤੇ ਪਵਿੱਤਰ ਸ਼ਕਤੀ (ਅਕਾਲ ਪੁਰਖ) ਦੀ ਬਖਸ਼ਿਸ਼ ਅਧੀਨ ਹੀ ਪੈਦਾ ਹੁੰਦਾ ਹੈ ਜੋ ਕਿਸੇ ਸਰਕਾਰ ਦਾ ਮੁਥਾਜ ਨਹੀਂ ਹੁੰਦਾ।

ਹਰਟਜ਼ ਇਹ ਵੀ ਆਖਦਾ ਹੈ ਕਿ ਜਦੋਂ ਕੌਮਾਂ ਸਿਆਸੀ ਤੌਰ ਤੇ ਗੁਲਾਮ ਹੋ ਜਾਂਦੀਆਂ ਹਨ ਉਸ ਵੇਲੇ ਫਿਰ ਉਹ ਧਰਮ ਦੀ ਪਨਾਹ ਵਿਚ ਹੀ ਆਉਂਦੀਆਂ ਹਨ, ਮੁੜ ਤੋਂ ਆਜ਼ਾਦੀ ਹਾਸਲ ਕਰਨ ਲਈ। ਇਸ ਹਾਲਤ ਵਿਚ ਧਰਮ ਦੀ ਪਵਿੱਤਰਤਾ ਹੀ ਉਨ੍ਹਾਂ ਦੇ ਖੁਸੇ ਹੋਏ ਕੌਮੀ ਮਾਣ

**ਬਾਕੀ ਸਫ਼ਾ 32 'ਤੇ**

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES

CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

**Serving the Bay Area Since 1996**

39156-State Street, Fremont CA-94538

Email: info@travelforlessinc.com

www.letsflyhome.com

**(510) 791-3300**

**(408) 791-2600**





**Raja™ SWEETS & CATERING®**

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**

**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

**IMMIGRATION**

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**



Indian Passport




India Visa in 1 Day



OCI




US Passport

Power of Attorney & Other Services

510.677.8440

| 40757, Grimmer Blvd. | 3810 Eau Claire Ave, Ceres, | 220 Bush St/Montgomery St, #445 |
|---|---|---|
| FREMONT | MODESTO/CERES | SAN FRANCISCO |
| CA-94538 | CA-95307 | (OPPOSITE INDIA VISA CENTER) |

RADIO GAL PUNJAB DI USA

# LISTEN & SUPPORT
# ਨਿਰਪੱਖ

## ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ **ਧਾਰਮਿਕ, ਰਾਜਨੀਤਿਕ, ਸਮਾਜਿਕ**

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344

galpunjabdi1@gmail.com

www.radiogalpunjabdiusa.com

Download App From

**STAFF/PARTNERS**
NEEDED AROUND THE WORLD

ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

| 5355 MOWRY AVENUE • FREMONT | 976 E. EL CAMINO REAL • SUNNYVALE | 4112 GRAFTON ST • DUBLIN |
|---|---|---|
| 510.795.1100 | 408.795.1100 | 925.829.1700 |

WWW.CHAATBHAVAN.COM

# SAVE $2500

**ON DIESEL PER TRUCK WITH**

# ONE CALL!



# 11¢

# DISCOUNT PER GALLON




✓ No more Pre-Paid Cards

✓ Get Rid of Bank Wires ✓ Low Transaction Fee

TRANS-ALLIANCE
TOGETHER WE SAVE

(855) 641-6955 • (888) 795-7035

sales@trans-alliance.com • www.trans-alliance.com

### ਸਿੱਖ ਕਾਰਕੁਨ ਵਲੇਰੀ ਕੌਰ ਦਾ ਡਰ ਤੇ ਉਮੀਦ

# ਆਪਣੇ ਪੁੱਤਰ ਲਈ ਜੋ ਦੁਨੀਆ ਛੱਡ ਕੇ ਜਾਵਾਂਗੀ, ਮੈਨੂੰ ਵਿਰਸੇ ਵਿੱਚ ਮਿਲੀ ਦੁਨੀਆ ਤੋਂ ਕਿਤੇ ਵੱਧ ਭਿਆਨਕ ਹੈ

## *...ਪਰ ਮੈਂ ਹਾਲੇ ਉਮੀਦ ਛੱਡੀ ਨਹੀਂ, ਅਸੀਂ ਬਿਹਤਰ ਮੁਲਕ ਬਣਾਵਾਂਗੇ : ਵਲੇਰੀ ਕੌਰ*

- ਏ.ਆਰ. ਰਹਿਮਾਨ ਸਮੇਤ ਕਈ ਲੋਕ ਸ਼ੇਅਰ ਕਰ ਰਹੇ ਇਹ ਵਾਇਰਲ ਵੀਡੀਓ
- ਹੁਣ ਤਕ 1.4 ਮਿਲੀਅਨ ਲੋਕਾਂ ਨੇ ਦੇਖਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਸੋਸ਼ਲ ਮੀਡੀਆ 'ਤੇ ਇਨ੍ਹੀਂ ਦਿਨੀਂ ਇਕ ਵੀਡੀਓ ਸ਼ੇਅਰ ਕੀਤਾ ਜਾ ਰਿਹਾ ਹੈ। ਵੀਡੀਓ ਸਿਵਲ ਰਾਈਟ ਐਕਟੀਵਿਸਟ ਅਤੇ ਸਿੱਖ ਐਕਟੀਵਿਸਟ ਵਲੇਰੀ ਕੌਰ ਦਾ ਹੈ। ਇਹ ਵੀਡੀਓ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਮੁਸਲਮਾਨਾਂ 'ਤੇ ਦੇਸ਼ ਵਿਚ ਲਾਈ ਪਾਬੰਦੀ ਦੀ ਨਿੰਦਾ ਹੋ ਰਹੀ ਹੈ। ਇਹ ਸਪੀਚ ਇਕ ਤਰ੍ਹਾਂ ਨਾਲ ਉਮੀਦ ਦੀ ਕਿਰਨ ਵਾਂਗ ਮਹਿਸੂਸ ਹੁੰਦੀ ਹੈ। ਇਸ ਵੀਡੀਓ ਨੂੰ ਫੇਸਬੁਕ 'ਤੇ ਆਸਕਰ ਵਿਜੇਤਾ ਸੰਗੀਤਕਾਰ ਏ.ਆਰ. ਰਹਿਮਾਨ ਸਮੇਤ ਕਈ ਲੋਕ ਸ਼ੇਅਰ ਕਰ ਰਹੇ ਹਨ। ਵੀਡੀਓ ਵਿਚ ਉਹ ਅਮਰੀਕਾ ਦਾ ਜ਼ਿਕਰ ਕਰ ਰਹੀ ਹੈ। ਕੌਰ ਦਸਦੀ ਹੈ ਕਿ ਅਮਰੀਕਾ ਨੂੰ ਹੋਰ ਬਿਹਤਰ ਬਣਾਉਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ। ਉਹ ਮੁਸਲਮਾਨਾਂ, ਸਿਆਹਫਾਮ ਲੋਕਾਂ ਅਤੇ ਔਰਤਾਂ 'ਤੇ ਹੋਣ ਵਾਲੇ ਜ਼ੁਲਮਾਂ ਦਾ ਜ਼ਿਕਰ ਕਰਦੀ ਹੈ। ਵੀਡੀਓ ਨੂੰ ਫੇਸਬੁੱਕ 'ਤੇ ਹੁਣ ਤਕ 16 ਹਜ਼ਾਰ ਤੋਂ ਜ਼ਿਆਦਾ ਵਾਰ ਸ਼ੇਅਰ ਕੀਤਾ ਜਾ ਚੁੱਕਾ ਹੈ। 1.4 ਮਿਲੀਅਨ ਤੋਂ ਜ਼ਿਆਦਾ ਵਾਰ ਇਸ ਨੂੰ ਦੇਖਿਆ ਜਾ ਚੁੱਕਾ ਹੈ। ਵੀਡੀਓ ਨੂੰ 5 ਜਨਵਰੀ ਨੂੰ ਫੇਸਬੁੱਕ 'ਤੇ ਪੋਸਟ ਕੀਤਾ ਗਿਆ ਸੀ। ਕੌਰ ਆਪਣੀ ਗੱਲ ਕਰਦਿਆਂ ਦਸਦੀ ਹੈ ਕਿ ਕਿਵੇਂ ਉਸ ਦੇ ਦਾਦਾ ਜੀ ਨੂੰ ਅਮਰੀਕਾ ਵਿਚ ਸ਼ੱਕ ਹੋਣ 'ਤੇ ਫੜ ਲਿਆ ਗਿਆ ਸੀ ਤੇ ਜੇਲ੍ਹ ਵਿਚ ਸੁੱਟ ਦਿੱਤਾ ਸੀ ਪਰ ਫਿਰ ਉਨ੍ਹਾਂ ਨੂੰ ਉਥੋਂ ਕੱਢਣ ਵਾਲਾ ਵੀ ਅਮਰੀਕਾ ਦਾ ਹੀ ਇਕ ਨਾਗਰਿਕ ਸੀ। ਕੌਰ ਨੇ ਕਿਹਾ, 'ਸਾਰਿਆਂ ਨੂੰ ਮਿਲ ਕੇ ਅਜਿਹਾ ਸਮਾਜ ਬਣਾਉਣਾ ਚਾਹੀਦਾ ਹੈ, ਜਿਸ ਵਿਚ ਭੇਦਭਾਵ ਤੇ ਊਚ-ਨੀਚ ਨਾ ਹੋਵੇ।' ਕੌਰ ਨੇ ਕਿਹਾ,



'ਮੇਰੇ ਦਾਦਾ ਜੀ ਕਰੀਬ 103 ਸਾਲ ਪਹਿਲਾਂ ਭਾਰਤ ਤੋਂ ਅਮਰੀਕਾ ਆਏ ਸਨ। ਉਹ ਸਮੁੰਦਰੀ ਜਹਾਜ਼ ਰਾਹੀਂ ਲੰਬਾ ਸਮਾਂ ਰੁਲਦੇ-ਖੁਲਦੇ ਪਹੁੰਚੇ ਸਨ ਪਰ ਅਮਰੀਕਾ ਦੀ ਧਰਤੀ 'ਤੇ ਪੈਰ ਧਰਦਿਆਂ ਹੀ ਉਨ੍ਹਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਕਿਉਂਕਿ ਉਹ ਅਮਰੀਕੀਆਂ ਵਰਗੇ ਗੋਰੇ ਨਹੀਂ ਸਨ, ਸਗੋਂ ਸਿਆਹਫਾਮ ਸਨ।' ਕੌਰ ਨੇ ਦੱਸਿਆ, 'ਸਿੱਖ ਹੋਣ ਕਾਰਨ ਉਸ ਦੇ ਦਾਦਾ ਜੀ ਉਥੇ ਵੱਡੀ ਸਾਰੀ ਪੱਗ ਬੰਨ੍ਹ ਕੇ ਆਏ ਸਨ ਜਿਸ ਕਾਰਨ ਉਹ ਅਮਰੀਕੀਆਂ ਵਰਗੇ ਤਾਂ ਬਿਲਕੁਲ ਨਹੀਂ ਲੱਗ ਰਹੇ ਸਨ। ਉਸ ਦੇ ਦਾਦਾ ਜੀ ਨੂੰ ਕਈ ਮਹੀਨੇ ਜੇਲ੍ਹ ਵਿਚ ਰਹਿਣਾ ਪਿਆ। ਫਿਰ ਇਕ ਅਮਰੀਕੀ ਵਕੀਲ ਨੇ ਉਨ੍ਹਾਂ ਨੂੰ ਜੇਲ੍ਹ ਵਿਚੋਂ ਨਿਕਲਣ ਵਿਚ ਮਦਦ ਕੀਤੀ।'

ਵਲੇਰੀ ਕੌਰ ਦਸਦੀ ਹੈ ਕਿ ਕਿਵੇਂ 9/11 ਦੇ ਦੁਖਾਂਤ ਤੋਂ ਬਾਅਦ ਉਸ ਨੇ ਉਹੋ ਜਿਹਾ ਵਕੀਲ ਬਣਨ ਦਾ ਫੈਸਲਾ ਲਿਆ ਜਿਸ ਨੇ ਉਸ ਦੇ ਦਾਦਾ ਜੀ ਲਈ ਨਵੀਂ ਦੁਨੀਆ ਦੇ ਦਰ ਖੋਲ੍ਹੇ ਸਨ। ਇਸ ਆਸ ਨਾਲ ਕਿ ਮੈਂ ਦੁਨੀਆ ਨੂੰ ਹੋਰ ਜਿਉਣਯੋਗ ਬਣਾਉਣ ਵਿੱਚ ਸਹਿਯੋਗ ਕਰ ਸਕਾਂਗੀ। ਪਰ ਉਹ ਦੁਨੀਆ ਜੋ ਮੈਂ ਆਪਣੇ ਪੁੱਤਰ ਲਈ ਛੱਡ ਕੇ ਜਾਵਾਂਗੀ, ਮੈਨੂੰ ਵਿਰਸੇ ਵਿੱਚ ਮਿਲੀ ਦੁਨੀਆ ਤੋਂ ਕਿਤੇ ਵੱਧ ਭਿਆਨਕ ਹੈ ਕਿਉਂਕਿ ਇਹ ਆਪਸੀ ਘਿਰਣਾ ਅਤੇ ਅਪਰਾਧਾਂ ਨਾਲ ਭਰੀ ਪਈ ਹੈ।

ਤਾੜੀਆਂ ਦੀ ਗੜਗੜਾਹਟ ਵਿੱਚ ਸਿੱਖ ਫਿਲਮਸਾਜ਼ ਨੇ ਕਿਹਾ, 'ਇਸ ਦੇ ਬਾਵਜੂਦ ਮੈਂ ਹਾਲੇ ਇਹ ਉਮੀਦ ਨਹੀਂ ਛੱਡੀ ਕਿ ਸਭਨਾਂ ਧਰਮਾਂ, ਫਿਰਕਿਆਂ ਅਤੇ ਭਾਈਚਾਰਿਆਂ ਦੇ ਲੋਕਾਂ ਦੇ ਰਲ ਮਿਲ ਕੇ ਰਹਿਣ ਲਈ ਇਸ ਮੁਲਕ ਨੂੰ ਬੇਹਤਰ ਬਣਾਇਆ ਜਾ ਸਕਦਾ ਹੈ। ਪਰ ਜੇ ਇਹ ਹਨੇਰਾ ਕਬਰ ਦਾ ਨਹੀਂ, ਕੁੱਖ ਦਾ ਹਨੇਰਾ ਹੈ? ਜੇ ਅਮਰੀਕਾ ਦੀ ਰੂਹ ਅਜੇ ਮਰੀ ਨਹੀਂ? ਜੇ ਅਜੇ ਮੁਲਕ ਜੰਮਣ ਦੀ ਉਡੀਕ ਵਿੱਚ ਹੈ, ਜੇ ਅਮਰੀਕਾ ਦੀ ਕਹਾਣੀ ਜਦੋ-ਜਹਿਦ ਦੀ ਕਹਾਣੀ ਹੈ?" ਏ ਆਰ ਰਹਿਮਾਨ ਦੀ ਪੋਸਟ ਉੱਤੇ ਇੱਕ ਟਿਪਣੀ ਇਉਂ ਸੀ, 'ਰਹਿਮਾਨ ਜੀ, ਬੇਮਿਸਾਲ, ਮੈਂ ਆਪਣੇ ਆਪ ਨੂੰ ਉਸ ਮਾਂ ਵਜੋਂ ਮਹਿਸੂਸ ਕਰ ਸਕਦੀ ਹਾਂ ਜਿਸ ਦੇ ਇੰਡੋ-ਅਮਰੀਕਨ ਸਿਟੀਜ਼ਨ ਪੁੱਤਰ ਨੂੰ ਸਕੂਲ ਵਿੱਚ ਤੰਗ ਪ੍ਰੇਸ਼ਨ ਕਰਕੇ ਕਿਹਾ ਜਾਵੇ 'ਜਾ ਭਾਰਤ ਦੌੜ ਜਾ'।

ਇੱਕ ਹੋਰ ਦੀ ਟਿਪਣੀ, "ਕੁਖ ਦਾ ਹਨੇਰਾ। ਕਮਾਲ ਦਾ ਵਰਨਣ। ਅਜਿਹੀ ਦਲੇਰਾਨਾ ਔਰਤ ਦੇ ਵਿਚਾਰ ਸਾਡੇ ਤੱਕ ਪੁੱਜਦੇ ਕਰਨ ਲਈ ਤੁਹਾਡਾ (ਰਹਿਮਾਨ) ਸ਼ੁਕਰੀਆ। ਸਾਨੂੰ ਸਭ ਨੂੰ ਇਸ ਤਰ੍ਹਾਂ ਦੇ ਮਾਨਵੀ ਪਿਆਰ ਅਤੇ ਦਲੇਰੀ ਤੋਂ ਪ੍ਰੇਰਨਾ ਲੈਣੀ ਚਾਹੀਦੀ।

## ਯੂਬਾ ਸਿਟੀ ਗੁਰੂਘਰ ਵਿੱਚ ਸਮਾਰਟ ਟਰਮੀਨਲ ਦੀ ਸ਼ੁਰੂਆਤ

**ਯੂਬਾ ਸਿਟੀ/ਬਿਊਰੋ ਨਿਊਜ਼ :** ਸਿੱਖ ਟੈਂਪਲ ਗੁਰਦੁਆਰਾ ਟਾਇਰਾ ਬੁਆਇਨਾ ਯੂਬਾ ਸਿਟੀ ਵਿਖੇ ਸਮੂਹ ਥਿਆੜਾ ਕੰਪਨੀ ਵੱਲੋਂ ਇਲੈਵਨ ਕੰਪਨੀ ਦੇ ਸਹਿਯੋਗ ਨਾਲ ਸਮੂਹ ਸੰਗਤ ਦੀ ਸਹੂਲਤ ਵਾਸਤੇ ਨਵਾਂ ਉਪਰਾਲਾ ਕੀਤਾ ਗਿਆ ਹੈ ਤੇ ਹੁਣ ਸੰਗਤਾਂ ਆਪਣੇ ਕਰੈਡਿੱਟ ਕਾਰਡ ਅਤੇ ਡੈਬਿੱਟ ਕਾਰਡ ਨਾਲ ਵੀ ਗੁਰੂਘਰ ਵਿੱਚ ਮਾਇਆ ਭੇਟ ਕਰ



ਸਕਦੀਆਂ ਹਨ। ਕਾਰਡ ਭਾਵੇਂ ਕਿਸੇ ਵੀ ਕੰਪਨੀ ਜਾਂ ਬੈਂਕ ਦਾ ਹੋਵੇ। ਪ੍ਰਬੰਧਕਾਂ ਨੇ ਕਿਹਾ ਕਿ ਹੁਣ ਸੰਗਤ ਵਲੋਂ ਦਿੱਤੀ ਮਾਇਆ ਸਿੱਧੀ ਗੁਰਦੁਆਰੇ ਦੇ ਅਕਾਊਂਟ ਵਿੱਚ ਜਮ੍ਹਾ ਹੋ ਜਾਵੇਗੀ ਅਤੇ ਸੰਗਤ ਨੂੰ ਰਸੀਦ ਵੀ ਉਸੇ ਵੇਲੇ ਦਿੱਤੀ ਜਾਵੇਗੀ। ਬੀਤੇ ਦਿਨੀਂ ਇਲੈਵਨ ਕੰਪਨੀ ਦੇ ਵਰਕਰ ਜੋ ਗਰੀਨ ਅਤੇ ਗੋਲਡਨ ਪੈਸੇਫਿਕ ਬੈਂਕ ਤੋਂ ਮਿਸ ਨੀਨਾ ਸਿੰਘ ਗੁਰੂਘਰ ਪਹੁੰਚੇ ਅਤੇ ਇਹ ਸਮਾਰਟ ਟਰਮਿਨਲ ਗੁਰੂਘਰ ਵਿੱਚ ਫਿੱਟ ਕੀਤਾ। ਇਸ ਮੌਕੇ ਗੁਰੂਘਰ ਦੇ ਸੈਕਟਰੀ ਸ. ਸਰਬਜੀਤ ਸਿੰਘ ਥਿਆੜਾ ਵੀ ਹਾਜ਼ਰ ਸਨ, ਜਿਨ੍ਹਾਂ ਨੇ ਸੇਵਾ ਭੇਟ ਕਰਕੇ ਸਭ ਤੋਂ ਪਹਿਲਾਂ ਇਸ ਦੀ ਸ਼ੁਰੂਆਤ ਕੀਤੀ। ਸਿੱਖ ਟੈਂਪਲ ਗੁਰਦੁਆਰਾ ਟਾਇਰਾ ਬੁਆਇਨਾ ਯੂਬਾ ਸਿਟੀ ਵਿੱਚ ਨਵੀਂ ਕਮੇਟੀ ਆਉਣ ਤੋਂ ਬਾਅਦ ਗੁਰੂ ਘਰ ਲਈ ਆਉਣ ਵਾਲੇ ਫੰਡਾਂ ਲਈ ਪਾਰਦਰਸ਼ਤਾ ਲਿਆਉਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਗਏ ਹਨ।






# ਹਾਈਕੋਰਟ ਵਲੋਂ ਬਰੀ ਹੋਣ ਦੇ ਬਾਵਜੂਦ ਵੀ ਨਾਭਾ ਜੇਲ੍ਹ ਪ੍ਰਸ਼ਾਸਨ ਨੇ ਮੱਖਣ ਸਿੰਘ ਨੂੰ ਨਹੀਂ ਛੱਡਿਆ

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ:** ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਜਿਨ੍ਹਾਂ ਨੇ ਸਿਆਸੀ ਸਿੱਖ ਕੈਦੀਆਂ ਦੀ ਸੂਚੀ ਬਣਾਈ ਹੈ, ਨੇ ਹਾਈ ਕੋਰਟੀ ਨੂੰ ਇਕ ਚਿੱਠੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਲਿਖੀ ਹੈ ਜਿਸ ਵਿਚ ਉਨ੍ਹਾਂ ਖਦਸ਼ਾ ਜਾਹਰ ਕੀਤਾ ਹੈ ਕਿ ਸਿਆਸੀ ਸਿੱਖ ਕੈਦੀ ਮੱਖਣ ਸਿੰਘ ਨੂੰ ਪੰਜਾਬ ਪੁਲਿਸ ਵਲੋਂ ਕਿਸੇ ਝੂਠੇ ਕੇਸ ਵਿਚ ਫਸਾਇਆ ਜਾ ਸਕਦਾ ਹੈ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਮੱਖਣ ਸਿੰਘ ਗਿੱਲ ਪੁੱਤਰ ਦੀਵਾਨ ਸਿੰਘ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ 3 ਫਰਵਰੀ 2017 ਨੂੰ ਕੇਸ ਨੰ: ਸੀ.ਆਰ.ਏ. 691-ਐਸ.ਬੀ. 2014 ਦੇ ਵਿਚ ਜਸਟਿਸ ਐਮ. ਜੇਪਾਲ ਨੇ ਬਰੀ ਕਰ ਦਿੱਤਾ ਸੀ। ਪਰ ਜੇਲ੍ਹ ਪ੍ਰਸ਼ਾਸਨ ਨੇ 6 ਫਰਵਰੀ 2017 ਸੋਮਵਾਰ ਦੀ ਰਾਤ ਤਕ ਉਨ੍ਹਾਂ ਨੂੰ ਜੇਲ੍ਹ ਵਿਚੋਂ ਰਿਹਾਅ ਨਹੀਂ ਕੀਤਾ।

ਸੋਮਵਾਰ ਦੀ ਦੇਰ ਸ਼ਾਮ ਹਾਈਕੋਰਟ ਨੂੰ ਲਿਖੇ ਪੱਤਰ 'ਚ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਮੱਖਣ ਸਿੰਘ ਦੀ ਰਿਹਾਈ ਦੇ ਹੁਕਮ 3 ਫਰਵਰੀ ਹਾਈਕੋਰਟ ਨੇ ਅਤੇ 6 ਫਰਵਰੀ ਨੂੰ ਸੀ.ਜੇ.ਐਮ. ਅੰਮ੍ਰਿਤਸਰ ਨੇ ਈ-ਮੇਲ ਰਾਹੀਂ ਜੇਲ੍ਹ ਪ੍ਰਸ਼ਾਸਨ ਨੂੰ ਭੇਜ ਦਿੱਤੇ ਹਨ।

ਐਡਵੋਕੇਟ ਮੰਝਪੁਰ ਨੇ ਹਾਈ ਕੋਰਟ ਨੂੰ ਲਿਖਿਆ, "ਮੈਂ ਖੁਦ ਜੇਲ੍ਹ ਦੇ ਦਫਤਰ 'ਚ ਫੋਨ ਕੀਤਾ ਪਰ ਜੇਲ੍ਹ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਈ-ਮੇਲ ਅਦਾਲਤ ਵਲੋਂ ਨਹੀਂ ਮਿਲੀ ਜਦਕਿ ਦੂਜੇ ਪਾਸੇ ਅਦਾਲਤ ਦੇ ਸਟਾਫ ਵਲੋਂ ਦੱਸਿਆ ਕਿ ਉਨ੍ਹਾਂ ਨੇ ਜੇਲ੍ਹ 'ਚ ਈ-ਮੇਲ ਭੇਜ ਦਿੱਤੀ ਹੈ। ਮੈਨੂੰ ਖਦਸ਼ਾ ਹੈ ਕਿ ਮੱਖਣ ਸਿੰਘ ਨੂੰ ਕਿਸੇ ਝੂਠੇ ਕੇਸ ਵਿਚ ਨਾ ਫਸਾ ਦਿੱਤਾ ਜਾਵੇ।"

# ਅਰਸ਼ ਰਿਕਾਰਡਜ਼ ਵੱਲੋਂ 'ਮਿਰਜ਼ਾ' ਰਿਲੀਜ਼



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਫਰਿਜ਼ਨੋ ਨਿਵਾਸੀ ਉਘੇ ਗੀਤਕਾਰ ਕਾਲਾ ਸਿੱਧੂ ਅਤੇ ਸੁੱਖ ਧਾਲੀਵਾਲ ਦੀ ਪੇਸ਼ਕਸ਼ 'ਅਰਸ਼ ਰਿਕਾਰਡਜ਼' ਦੇ ਬੈਨਰ ਹੇਠ ਖ਼ੂਬਸੂਰਤ ਗੀਤਾਂ ਨਾਲ ਸਜੀ ਐਲਬਮ 'ਮਿਰਜ਼ਾ' ਰਿਲੀਜ਼ ਕੀਤੀ ਹੈ, ਜਿਸ ਨੂੰ ਜਸਦੀਪ ਦੀ ਮਧੁਰ ਆਵਾਜ਼ ਨਾਲ ਸਿੰਗਾਰਿਆ ਗਿਆ ਹੈ। ਪਿਛਲੇ ਦਿਨੀਂ ਇਹ ਜਿਥੇ ਪੰਜਾਬ ਦੇ ਨਿਹਾਲ ਸਿੰਘ ਵਾਲਾ ਸ਼ਹਿਰ ਵਿੱਚ ਰਿਲੀਜ਼ ਹੋਈ, ਉਥੇ ਫਰਿਜ਼ਨੋ ਵਿਖੇ ਵੀ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਕਾਲਾ ਸਿੱਧੂ ਨੇ ਦੱਸਿਆ ਕਿ ਇਸ ਐਲਬਮ ਦੇ ਸਾਰੇ ਗੀਤ ਬਹੁਤ ਸਾਫ਼ ਸੁਥਰੇ ਤੇ ਪਰਿਵਾਰਕ ਹਨ। ਸਾਰੇ ਗੀਤ ਗੀਤਕਾਰ ਢਿਲੋਂ ਨੇ ਲਿਖੇ ਹਨ। ਮਿਊਜ਼ਿਕ ਕਰਨ ਪ੍ਰਿੰਸ ਦਾ ਹੈ। ਵੀਡੀਓਗ੍ਰਾਫੀ ਬੀ.ਐਸ. ਔਲਖ ਨੇ ਕੀਤੀ ਹੈ। ਉਨ੍ਹਾਂ ਦੀਪ ਗਿੱਲ ਤੇ ਹਰਮਿਲਾਪ ਗਿੱਲ ਦਾ ਸਹਿਯੋਗ ਲਈ ਧੰਨਵਾਦ ਕੀਤਾ।






### ਗੈਰ ਮਿਆਰੀ ਭੋਜਨ ਦਾ ਵੀਡੀਓ

# ਬੀਐਸਐਫ ਜਵਾਨ ਯਾਦਵ ਨੂੰ ਨਹੀਂ ਮਿਲੀ ਸੇਵਾਮੁਕਤੀ

*ਪਰਿਵਾਰ ਵਲੋਂ ਯਾਦਵ 'ਤੇ ਤਸ਼ਦਦ ਕਰਨ ਦਾ ਦਾਅਵਾ*



**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਰਹੱਦ 'ਤੇ ਤਾਇਨਾਤ ਫ਼ੌਜੀ ਜਵਾਨਾਂ ਨੂੰ ਮਿਲਦੇ ਗ਼ੈਰਮਿਆਰੀ ਭੋਜਨ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਨਸ਼ਰ ਕਰਕੇ ਸੁਰਖੀਆਂ ਵਿੱਚ ਆਏ ਬੀਐਸਐਫ ਦੇ ਜਵਾਨ ਤੇਜ ਬਹਾਦਰ ਯਾਦਵ ਦੀ ਸਵੈ-ਇੱਛਾ ਨਾਲ ਸੇਵਾ ਮੁਕਤੀ(ਵੀਆਰਐਸ) ਦੀ ਅਪੀਲ ਨੂੰ ਰੱਦ ਕਰ ਦਿੱਤਾ ਗਿਆ ਹੈ। ਉਂਜ ਆਲ੍ਹਾ ਅਧਿਕਾਰੀਆਂ ਵੱਲੋਂ ਯਾਦਵ ਦੀ ਅਪੀਲ ਰੱਦ ਕਰਨ ਦੀ ਮੁੱਖ ਵਜ੍ਹਾ ਉਸ ਖ਼ਿਲਾਫ਼ ਅਨੁਸ਼ਾਸਨਿਕ ਦੋਸ਼ਾਂ ਤਹਿਤ ਜਾਰੀ ਕੋਰਟ ਆਫ਼ ਇਨਕੁਆਇਰੀ ਨੂੰ ਦੱਸਿਆ ਗਿਆ ਹੈ। ਉਧਰ ਯਾਦਵ ਦਾ ਪਰਿਵਾਰ, ਜਿਸ ਨੇ ਫ਼ੌਜੀ ਜਵਾਨ ਨੂੰ ਕਥਿਤ ਧਮਕੀਆਂ ਮਿਲਣ ਤੇ ਦਿਮਾਗੀ ਤੌਰ 'ਤੇ ਤਸ਼ੱਦਦ ਢਾਹੁਣ ਦਾ ਦਾਅਵਾ ਕੀਤਾ ਸੀ, ਬੀਐਸਐਫ ਦੇ ਇਸ ਫ਼ੈਸਲੇ ਤੋਂ ਨਿਰਾਸ਼ ਹੈ।

ਬੀਐਸਐਫ਼ ਵੱਲੋਂ ਜਾਰੀ ਬਿਆਨ ਮੁਤਾਬਕ ਕਾਂਸਟੇਬਲ ਯਾਦਵ ਦੀ ਵੀਆਰਐਸ ਦੀ ਅਪੀਲ ਰੱਦ ਕੀਤੇ ਜਾਣ ਸਬੰਧੀ ਉਸ ਨੂੰ 30 ਜਨਵਰੀ ਦੀ ਸ਼ਾਮ ਨੂੰ ਦੱਸ ਦਿੱਤਾ ਗਿਆ ਸੀ। ਉਂਜ ਬੀਐਸਐਫ਼ ਨੇ ਪਰਿਵਾਰ ਦੇ ਇਸ ਦਾਅਵੇ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਕਿ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੀਐਸਐਫ ਦੇ ਅਧਿਕਾਰੀਆਂ ਨੇ ਕਿਹਾ ਕਿ ਕੋਰਟ ਆਫ ਇਨਕੁਆਇਰੀ ਤਹਿਤ ਜਾਂਚ ਟੀਮ ਵੱਲੋਂ ਸਾਰੇ ਗਵਾਹਾਂ ਤੋਂ ਪੁੱਛ ਪੜਤਾਲ ਕੀਤੀ ਜਾਂਦੀ ਹੈ ਤੇ ਇਸ ਮਾਮਲੇ ਵਿੱਚ ਯਾਦਵ 'ਤੇ ਅਨੁਸ਼ਾਸਨਹੀਣਤਾ ਵਿਖਾਉਣ ਦੇ ਕਈ ਦੋਸ਼ ਹਨ। ਲਿਹਾਜ਼ਾ ਇਸ ਕੇਸ ਮੁਲਾਜ਼ਮ ਨੂੰ ਵੀਆਰਐਸ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਧਰ ਯਾਦਵ ਦੀ ਪਤਨੀ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਪਤੀ ਨੇ ਫੋਨ ਕਰਕੇ ਦੱਸਿਆ ਸੀ ਕਿ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ ਤੇ ਪ੍ਰੇਸ਼ਾਨ ਕੀਤਾ ਜਾ ਰਿਹੈ ਅਤੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

HYDERABAD PAVILION

# BIRYANIS

MADE FRESH EVERYDAY!

39030 Argonaut Way, Fremont, CA 94538



CHICKEN BIRYANI



LAMB BIRYANI



GOAT BIRYANI



FISH BIRYANI



EGG BIRYANI



VEGETARIAN BIRYANI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:

510.713.0183

# ਗੁਰੂ ਰਵਿਦਾਸ ਜੀ ਦਾ ਬੇਗਮਪੁਰਾ ਸੰਕਲਪ

**ਪ੍ਰੇਮ ਪੈਂਥਰ**
(ਫੋਨ : 917-667-6404)

ਸੰਸਾਰ ਗਿਆਨ ਦਾ ਭੰਡਾਰ ਹੈ। ਹਰ ਪਾਸੇ ਜਿਧਰ ਵੀ ਨਿਗਾਹ ਮਾਰੋ ਧਰਤ, ਅਕਾਸ਼, ਪਤਾਲ ਸਭ ਗਿਆਨ ਨਾਲ ਲੱਦਿਆ ਪਿਆ ਹੈ। ਕੁਦਰਤ ਦਾ ਗਿਆਨ ਸਾਰਥਕ ਵਿਚਾਰਧਾਰਾ ਤੇ ਟਿਕਿਆ ਹੈ। ਪਰ ਧਰਤੀ ਦੇ ਮਾਨਣ ਨੇ ਆਪਣੇ ਸੁਆਰਥਾਂ ਲਈ ਇਸ ਗਿਆਨ ਦੀ ਸਾਰਥਿਕਤਾ ਦਾ ਮਲੀਆਮੇਟ ਕਰਨ ਦੀ ਬੇਤਹਾਸ਼ਾ ਕੋਸ਼ਿਸ਼ ਕੀਤੀ ਹੈ। ਜਿਸ ਕਾਰਨ ਸ਼ੈਤਾਨ ਮਨੁੱਖ ਨੇ ਇਸ ਗਿਆਨ ਨੂੰ ਤੋੜ ਮਰੋੜ ਕੇ ਦੂਜੇ ਮਨੁੱਖ ਨੂੰ ਅੰਧਕਾਰ ਭਰਿਆ ਜੀਵਨ ਜਿਉਣ ਲਈ ਮਜ਼ਬੂਰ ਕਰ ਦਿੱਤਾ ਹੈ।

ਸੰਸਾਰ ਅੰਦਰ ਅੱਡ ਅੱਡ ਸਮੇਂ ਤੇ ਪੀਰ ਪੈਗੰਬਰ, ਰਹਿਬਰ, ਔਲੀਏ ਆਏ ਜਿਨ੍ਹਾਂ ਨੇ ਸ਼ੈਤਾਨ ਮਨੁੱਖ ਦੇ ਗ਼ੈਰ ਕੁਦਰਤੀ ਵਤੀਰੇ ਦੇ ਖਿਲਾਫ਼ ਅਵਾਜ਼ ਬੁਲੰਦ ਕੀਤੀ ਅਤੇ ਮਨੁੱਖਤਾ ਦਾ ਘਾਣ ਹੋਣ ਤੋਂ ਬਚਾਇਆ। ਛੂਤ ਛਾਤ, ਜਾਤ ਪਾਤ ਵੀ ਸ਼ੈਤਾਨ ਲੋਕਾਂ ਵੱਲੋਂ ਮਾਨਵ ਦੀ ਲੁੱਟ ਕਰਨ ਦਾ ਹਥਿਆਰ ਹੈ।

ਗੁਰੂ ਰਵਿਦਾਸ ਜੀ ਜਗਤ ਵਿਚ ਆਏ ਉਨ੍ਹਾਂ ਪੀਰ ਪੈਗੰਬਰਾਂ ਵਿਚ ਇਕ ਹਨ ਜਿਨ੍ਹਾਂ ਨੇ ਮਾਨਵ ਦੀ ਅਗਿਆਨਤਾ ਨੂੰ ਖਤਮ ਕਰਕੇ ਕੁਦਰਤੀ ਗਿਆਨ ਨਾਲ ਜੋੜਨ ਦਾ ਉਪਰਾਲਾ ਕੀਤਾ। ਮਾਨਵ ਨੂੰ ਸ਼ੈਤਾਨ ਲੋਕਾਂ ਦੁਆਰਾ ਕੀਤੇ ਜਾ ਰਹੇ ਘੋਰ ਅਤਿਆਚਾਰਾਂ ਤੋਂ ਛੁਟਕਾਰਾ ਦਿਵਾਉਣ ਲਈ ਆਪਣੇ ਸਸਾਰਿਕ ਜੀਵਨ ਦੇ ਆਖਰੀ ਸਾਹਾਂ ਤੱਕ ਸੰਘਰਸ਼ ਕੀਤਾ। ਉਨ੍ਹਾਂ ਨੇ ਖਾਸ ਕਿਸਮ ਦੀ ਬ੍ਰਹਮਣਵਾਦੀ ਵਿਚਾਰਧਾਰਾ, ਜੋ ਕਿ ਗੈਰ ਕੁਦਰਤੀ ਅਤੇ ਮਾਨਵ ਦੀ ਲੁੱਟ ਖਸੁੱਟ, ਗੈਰ ਬਰਾਬਰਤਾ, ਤੇ ਅਣਮਨੁੱਖੀ ਅਤਿਆਚਾਂ ਦੀ ਧਾਰਨੀ ਹੈ, ਨੂੰ ਪੂਰੀ ਤਨਦੇਹੀ ਨਾਲ ਬੌਧਿਕ ਟੱਕਰ ਦਿੱਤੀ।



**ਕਿਆ ਤੂੰ ਸੋਇਆ, ਜਾਗ ਇਆਨਾ.**
ਤੈ ਜੀਵਨ ਜਗਿ, ਸਚ ਕਰ ਜਾਨਾ।

ਗੁਰੂ ਰਵਿਦਾਸ ਜੀ ਨੇ ਭਾਰਤ ਅੰਦਰ ਅਤਿਆਚਾਰਾਂ ਦਾ ਸ਼ਿਕਾਰ ਹੋਏ ਲੋਕਾਂ ਨੂੰ ਜਗਾਉਣ ਲਈ ਲਗਾਤਾਰਤਾ ਨਾਲ ਹੋਕਾ ਦਿੱਤਾ। ਉਨ੍ਹਾਂ ਨੇ ਅਤਿਆਚਾਰਾਂ ਦੇ ਸਤਾਏ ਇਨਸਾਨਾਂ (ਨਿਰਧਨ ਤੇ ਗਰੀਬਾਂ) ਨੂੰ ਹਲੂਣਾ ਦਿੱਤਾ ਤੇ ਕਿਹਾ ਕਿਉਂ ਤੂੰ ਸੁੱਤਾ ਪਿਆ ਹੈ। ਉੱਠ ਜਾਗ ਜਾਲਮ ਤੇ ਜੁਲਮ ਖਿਲਾਫ਼ ਟੱਕਰ ਦੇਹ। ਤੂੰ ਸ਼ੈਤਾਨ ਦੇ ਜੁਲਮ ਦਾ ਸ਼ਿਕਾਰ ਹੋਇਆ ਹੈ ਇਸ ਸੱਚ ਨੂੰ ਪਹਿਚਾਣ। ਗੁਰੂ ਰਵਿਦਾਸ ਜੀ ਦੀ ਜੀਵਨ ਸਾਖੀ ਵਿਚੋਂ ਤੱਥ ਮਿਲਦੇ ਹਨ ਕਿ ਪ੍ਰੋਹਿਤ (ਪੰਡਤ) ਬ੍ਰਾਹਮਣਵਾਦੀ ਸੋਚ ਦੇ ਲੋਕ ਗੁਰੂ ਰਵਿਦਾਸ ਜੀ ਕੋਲ ਆਏ ਅਤੇ ਧਮਕੀ ਦੇ ਕੇ ਕਹਿਣ ਲੱਗੇ ਕਿ ਜਨੇਊ ਪਹਿਨਣ ਦਾ ਅਧਿਕਾਰ ਸਿਰਫ਼ ਉੱਚੀ ਜਾਤ ਦੇ ਲੋਕਾਂ ਨੂੰ ਹੈ। ਤੂੰ ਨੀਚ ਚਮਾਰ ਜਨੇਊ ਨਹੀਂ ਪਹਿਨ ਸਕਦਾ। ਗੁਰੂ ਰਵਿਦਾਸ ਜੀ ਨੇ ਬ੍ਰਾਹਮਣਾਂ ਦਾ ਭਰਮ ਤੋੜਨ ਲਈ ਰੰਬੀ ਨਾਲ ਛਾਤੀ ਚੀਰ ਕੇ ਉਨ੍ਹਾਂ ਨੂੰ ਬੇਗਮਪੁਰਾ ਸ਼ਹਿਰ ਦੇ ਦਰਸ਼ਨ ਕਰਾ ਦਿੱਤੇ ਜਿੱਥੇ ਸਭ ਲੋਕਾਂ ਨੇ ਇਕ ਨਹੀਂ ਸਗੋਂ ਚੌਹਾਂ ਜੁੱਗਾ ਦੇ ਜੰਞੂ ਪਾਏ ਹੋਏ ਸਨ। ਸਭ ਲੋਕ ਬੜੀ ਸ਼ਾਂਤੀਪੂਰਨ ਤੇ ਭਾਈਚਾਰਕ ਸਾਂਝ ਬਣਾ ਕੇ ਜੀਵਨ ਬਸਰ ਕਰ ਰਹੇ ਸਨ। ਇਹ ਦੇਖ ਕੇ ਘੁਮੰਡੀ ਬ੍ਰਾਹਮਣ ਦੰਗ ਰਹਿ ਗਏ। ਉਹ ਗੁਰੂ ਰਵਿਦਾਸ ਜੀ ਨਾਲ ਬਹਿਸ ਕਰਨ ਦੀ ਬਜਾਏ ਉਥੋਂ ਭੱਜ ਟੁਰੇ। ਚਿੰਤਤ ਬ੍ਰਹਮਣਾਂ ਨੇ ਇਕ ਮੀਟਿੰਗ ਸੱਦੀ। ਉਨ੍ਹਾਂ ਨੇ ਚਿੰਤਾ ਜ਼ਾਹਿਰ ਕੀਤੀ ਕਿ ਜੇਕਰ ਗੁਰੂ ਰਵਿਦਾਸ ਜੀ ਦਾ ਛਾਤੀ ਚੀਰ ਕੇ ਦਿਖਾਇਆ ਗਿਆ ਬੇਗਮਪੁਰਾ ਸੱਚਮੁੱਚ ਵਸ ਗਿਆ ਤਾਂ ਸਾਡੀ ਪੁੱਛ ਗਿੱਛ ਤੇ ਲੁੱਟ ਖਸੁੱਟ ਬੰਦ ਹੋ ਜਾਵੇਗੀ। ਅਸੀਂ ਨਿਕੰਮੇ ਲੋਕ ਭੁੱਖੇ ਮਰ ਜਾਵਾਂਗੇ। ਇਸ ਲਈ ਬੇਗਮਪੁਰਾ ਵਸਾਉਣ ਦੀਆਂ ਹਰ ਕੋਸ਼ਿਸ਼ਾਂ ਨੂੰ ਫੇਲ੍ਹ ਕਰਨ ਦੀਆਂ ਸਾਜਿਸ਼ਾਂ ਕਰਦੇ ਰਹਿਣਾ ਹਰ ਉੱਚ ਜਾਤੀ ਬ੍ਰਾਹਮਣ ਦਾ ਪ੍ਰਮੁੱਖ ਫਰਜ਼ ਹੈ। ਇਸੇ ਕਰਕੇ ਉੱਚ ਜਾਤੀਏ ਲੋਕ ਬੇਗਮਪੁਰਾ ਸੰਕਲਪ ਦੇ ਖਿਲਾਫ਼ ਆਪਣੀਆਂ ਘਿਨਾਉਣੀਆਂ ਚਾਲਾਂ ਤੇ ਅਤਿਆਚਾਰਾਂ ਨੂੰ ਨਿਰੰਤਨ ਜਾਰੀ ਰੱਖਦੇ ਹਨ।

ਗੁਰੂ ਰਵਿਦਾਸ ਜੀ ਦੇ ਜਨਮ ਦਿਨ ਤੇ ਝੰਡਾ ਚੜਾਉਣ ਦੀ ਰਸਮ ਪ੍ਰਚਲਤ ਹੈ। ਉਨ੍ਹਾਂ ਦੇ ਮਿਸ਼ਨ ਅਤੇ ਆਸ਼ੇ "ਕਰ ਬੰਦਗੀ ਛਾਡਿਆ ਮੈਂ ਮੇਰਾ ਹਿਰਦੇ ਨਾਮ, ਸਮਾਰਿ ਸਵੇਰਾ।।" ਦੇ ਉਲਟ ਮੈਂ ਮੇਰੀ ਕਰਦੇ ਝੰਡੇ ਦੀ ਰਸਮ ਖਿੱਚੋਤਾਣ ਵਿਚ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦਾ ਵਾਪਰਨਾ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਨਾ ਸਮਝਣ ਦੀ ਝਲਕ ਪੇਸ਼ ਕਰਦਾ ਹੈ। ਇਥੇ ਗੁਰੂ ਜੀ ਦੀ ਬਾਣੀ 'ਚ ਲਏ ਸ਼ਬਦ ਯਾਦ ਕਰਨ ਦੀ ਜ਼ਰੂਰਤ ਹੈ:

ਜਨਮ ਨਾ ਸਿਰਾਨੋ, ਪੰਥ ਨਾ ਸਵਾਰ ।
ਸਾਂਝ ਪਰੀ, ਦਰੁ ਦਿਸੇ ਅੰਧਿਆਰਾ
ਕਹਿ ਰਵਿਦਾਸ, ਨਿਦਾਨੁ ਦੀਵਾਨੇ
ਚੇਤੁਸ ਨਹੀਂ, ਦੁਨੀਆਂ ਫਨ ਖਾਨੇ ।।

ਗੁਰੂ ਰਵਿਦਾਸ ਜੀ ਦਾ ਸੰਕਲਪ ਬੇਗਮਪੁਰਾ ਵਸਾਉਣ ਦਾ ਹੈ:
ਬੇਗਮਪੁਰਾ ਸਹਰ ਕਾ ਨਾਓ
ਦੂਖ ਅੰਦੋਹਿ ਨਹੀਂ ਤੈ ਠਾਓ

ਅੱਜ ਇਸ ਸੰਕਲਪ ਨੂੰ ਖਾਸ ਕਰਕੇ ਗੁਰੂ ਰਵਿਦਾਸ ਜੀ ਦੇ ਜਨਮ ਦਿਨ ਤੇ ਵੱਖ ਵੱਖ ਪ੍ਰਚਾਰਕ ਬੁੱਧੀਜੀਵੀਆਂ ਤੇ ਨੇਤਾਵਾਂ ਵੱਲੋਂ ਬੜੀ ਜ਼ੋਰਦਾਰ ਅਵਾਜ਼ ਵਿਚ ਲੋਕਾਂ ਸਾਹਮਣੇ ਪ੍ਰਚਾਰਿਆ ਜਾਵੇਗਾ। ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਲਈ ਵੱਡੀ ਗਿਣਤੀ 'ਚ ਪੰਜਾਬ ਵਿਚ ਰਵਿਦਾਸੀਆ ਡੇਰਿਆਂ ਦਾ ਨਿਰਮਾਣ ਹੋਇਆ ਹੈ। ਬੇਗਮਪੁਰਾ ਦਾ ਪ੍ਰਚਾਰ ਇਨ੍ਹਾਂ ਡੇਰਿਆਂ ਵੱਲੋਂ ਕੀਤਾ ਜਾਂਦਾ ਹੈ। ਬੇਗਮਪੁਰਾ ਇਕ ਸਾਂਝ ਦਾ ਪ੍ਰਤੀਕ ਹੈ ਪ੍ਰੰਤੂ ਇਹ ਸਭ ਡੇਰੇ ਇਕ ਦੂਜੇ ਨੂੰ ਢਾਹ ਲਾਉਣ ਦੀ ਕੋਸ਼ਿਸ਼ 'ਚ ਲੱਗੇ ਰਹਿੰਦੇ ਹਨ। ਭਾਵ ਇਨ੍ਹਾਂ ਡੇਰਿਆਂ ਦਾ ਆਪਸ ਵਿਚ ਕੋਈ ਏਕਾ ਨਹੀਂ ਹੈ। ਦੂਜੀ ਵੱਡੀ ਗੱਲ ਬੇਗਮਪੁਰਾ ਸਿਰਫ਼ ਚਮਾਰ ਜਾਤ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਦੂਜੀਆਂ ਜਾਤਾਂ ਜਿਵੇਂ ਨਾਈ ਛੀਂਬੇ ਤਖਾਣ, ਲਹਾਰ, ਜੱਟ, ਲੁਬਾਣੇ, ਕੰਬੋਜ, ਰਾਜਪੂਤ, ਸੈਂਸੀ, ਬਾਜੀਗਰ, ਬਾਲਮੀਕੀਏ, ਕਬੀਰ ਪੰਥੀਏ ਇਸ ਵਿਚ ਸ਼ਾਮਲ ਨਹੀਂ ਹਨ। ਜਿਨ੍ਹਾਂ ਤੋਂ ਬਿਨਾ ਬੇਗਮਪੁਰਾ ਵਸਾਉਣ ਦੀ ਸੋਚ ਗੁਰੂ ਰਵਿਦਾਸ ਜੀ ਦੇ ਸੰਕਲਪਕ ਬੇਗਮਪੁਰੇ ਦੇ ਆਸ਼ੇ ਨੂੰ ਪੂਰਾ ਨਹੀਂ ਕਰਦੀ। ਬੇਗਮਪੁਰਾ ਇਕ ਚਮਾਰ ਜਾਤ ਤੱਕ ਸੀਮਿਤ ਰੱਖਣਾ ਤੰਗ ਸੋਚ ਦੀ ਨਿਸ਼ਾਨੀ ਹੈ। ਬੇਗਮਪੁਰਾ ਸਭ ਸੰਤਾਂ ਤੇ ਗੁਰੂਆਂ ਦੀ ਬਾਣੀ ਤੇ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿਚ ਲੈ ਕੇ ਵਸਾਇਆ ਜਾ ਸਕਦਾ ਹੈ। ਬੇਗਮਪੁਰਾ ਵਿਚ ਵੈਰ ਵਿਰੋਧ ਦੀ ਕੋਈ ਥਾਂ ਨਹੀਂ ਹੈ।

ਇਹ ਇਕ ਕੌੜਾ ਸੱਚ ਹੈ ਕਿ ਸਿੱਖ ਧਰਮ ਜਿਸਦਾ ਧਾਰਮਿਕ ਗਰੰਥ ਸ੍ਰੀ ਗੁਰੂ ਗਰੰਥ ਸਾਹਿਬ ਹੈ। ਇਸ ਪਵਿੱਤਰ ਗ੍ਰੰਥ ਵਿਚ ਭਗਤ (ਪ੍ਰਮਾਤਮਾ ਦੀ ਭਗਤੀ ਕਰਨ ਵਾਲਾ) ਰਵਿਦਾਸ ਜੀ ਦੇ ਬੇਗਮਪੁਰੇ ਦਾ ਸੰਕਲਪ ਦਰਜ ਹੈ। ਗੁਰੂ (ਪ੍ਰਮਾਤਮਾ ਨਾਲ ਜੋੜਨ ਦਾ ਗਿਆਨ ਦੇਣ ਵਾਲਾ) ਰਵਿਦਾਸ ਜੀ ਦੇ ਬੇਗਮਪੁਰਾ ਸੰਕਲਪ ਨੂੰ ਪੂਰਾ ਕਰਨ ਦੀ ਜਿੰਮੇਵਾਰੀ ਸਿੱਖ ਧਰਮ ਦੇ ਸੰਚਾਲਕਾਂ ਦਾ ਅਹਿਮ ਫਰਜ ਹੈ। ਪਰ ਸਿੱਖ ਧਰਮ ਬੇਗਮਪੁਰੇ ਦੇ ਸੰਕਲਪ ਤੋਂ ਕੋਹਾਂ ਦੂਰ ਹੈ, ਕਿਉਂਕਿ ਇਸ ਨੂੰ ਮੰਨਣ ਵਾਲੇ ਲੋਕ ਜਾਤਪਾਤ ਦੀ ਜਕੜ ਨੂੰ ਤੋੜ ਨਹੀਂ ਸਕੇ।

ਸਿੱਖ ਧਰਮ ਵਿਚ ਜਾਤਪਾਤ ਦਾ ਸਬੂਤ ਸਿੱਖਾਂ ਵੱਲੋਂ ਜਾਤ ਦੇ ਅਧਾਰ ਤੇ ਬਣਾਏ ਗੁਰੂਘਰ ਜਿਵੇਂ ਰਵਿਦਾਸੀਆਂ ਸਿੱਖ ਟੈਂਪਲ (ਚਮਾਰਾ ਦਾ ਗੁਰੂਘਰ), ਰਾਮਗੜੀਆ ਸਿੱਖ ਗੁਰਦੁਆਰਾ (ਤਖਾਣਾਂ ਦਾ ਗੁਰੂਘਰ), ਭਾਪਿਆਂ ਦਾ ਗੁਰੂ ਘਰ, ਲੁਬਾਣਿਆਂ ਦਾ ਸਿੱਖ ਗੁਰੂ ਘਰ, ਜੱਟਾਂ ਦਾ ਗੁਰਦੁਆਰਾ ਆਦਿ ਹਨ। ਜਾਤਪਾਤ ਦੀ ਦੀਵਾਰ ਗਿਰਾਏ ਬਿਨਾਂ ਬੇਗਮਪੁਰਾ ਦਾ ਸੰਕਲਪ ਪੂਰਾ ਕਰਨਾ ਹਵਾ ਵਿਚ ਤਲਵਾਰ ਮਾਰਨ ਤੋਂ ਬਿਨ੍ਹਾਂ ਕੁਝ ਵੀ ਨਹੀਂ ਹੈ।

ਇਕ ਕਹਾਵਤ ਆਮ ਪ੍ਰਚਲਤ ਹੈ ਕਿ ਹਿੰਦੂ ਸਿੱਖ ਭਾਈ ਭਾਈ। ਹਿੰਦੂ ਜੋ ਜਾਤਪਾਤ ਵਿਚ ਯਕੀਨ ਰੱਖਦਾ ਹੈ। ਸਮਾਜ ਨੂੰ ਆਪੋ ਵਿਚ ਪਾੜ ਕੇ ਲੁੱਟ ਖਸੁੱਟ ਤੇ ਅਤਿਆਚਾਰ ਕਰਦਾ ਹੈ। ਸਿੱਖ ਜਾਤਪਾਤ ਦੇ ਬੂਟੇ ਨੂੰ ਪਾਣੀ ਲਾ ਕੇ ਉਸ ਨੂੰ ਵਧਣ ਫੁੱਲਣ ਵਿਚ ਮਦਦ ਕਰਦਾ ਹੈ। ਇਸ ਤੋਂ ਖੁਸ਼ ਹੋ ਕੇ ਹਿੰਦੂ ਬੜੇ ਹੀ ਉਚਾਰਮਈ ਤੇ ਪਿਆਰ ਭਰੇ ਅੰਦਾਜ਼ ਵਿਚ "ਹਿੰਦੂ ਸਿੱਖ ਭਾਈ ਭਾਈ" ਕਹਿਕੇ ਸਿੱਖ ਨੂੰ ਵਡਿਆਉਂਦਾ ਹੈ। ਪਰ ਜੇਕਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਾਂਗ, ਜਿਸ ਸਿੱਖ ਦੇ ਅੰਦਰ ਸਿੱਖੀ ਦੀ ਅਸਲੀ ਆਤਮਾ ਸਮਾ ਜਾਵੇ, ਜਿਹੜਾ ਇਸ ਜਾਤਪਾਤ ਰੂਪੀ ਬੂਟੇ ਨੂੰ ਪਾਣੀ ਦੇਣ ਤੋਂ ਨਾਂਹ ਕਰ ਦੇਵੇ, ਮਾਨਵਤਾ ਦੇ ਹੱਕਾਂ ਦੀ ਗੱਲ ਕਰ ਦੇਵੇ ਤਾਂ ਇਹੀ ਹਿੰਦੂ ਉਸ ਸਿੱਖ ਨੂੰ ਭਾਈ ਭਾਈ ਕਹਿਣ ਦੀ ਬਜਾਏ ਅੱਤਵਾਦੀ, ਵੱਖਵਾਦੀ ਕਹਿ ਕੇ ਉਸ ਦਾ ਖੁਰਾਖੋਜ ਮਿਟਾਉਣ ਵਿਚ ਦੇਰੀ ਨਹੀਂ ਕਰਦਾ।

ਇਸ ਸੱਚ ਨੂੰ ਹਜ਼ਮ ਕਰਨਾ ਬੜਾ ਔਖਾ ਹੋਵੇਗਾ ਕਿ ਬੇਗਮਪੁਰੇ ਨੂੰ ਵਸਾਉਣ ਦੇ ਸੰਕਲਪ ਵਿਚ ਬੁੱਧ ਧਰਮ ਸਭ ਧਰਮਾਂ ਤੋਂ ਅੱਗੇ ਹੈ। ਬੁੱਧ ਧੰਮ ਵਿਚ ਜਾਤਪਾਤ, ਛੂਤਛਾਤ, ਰੰਗ ਭੇਦ, ਲਿੰਗਭੇਦ ਜਿਹੀ ਕੋਈ ਦੀਵਾਰ ਨਹੀਂ ਹੈ।

ਇਸ ਲੇਖ ਦੁਆਰਾ ਕਿਸੇ ਧਰਮ ਨੂੰ ਉਚਾ ਜਾਂ ਨੀਵਾਂ ਦਿਖਾਉਣ ਦੀ ਕੋਸ਼ਿਸ਼ ਨਹੀਂ ਹੈ ਪ੍ਰੰਤੂ ਮੂਲਰੂਪ ਵਿਚ ਮਾਨਵ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਮਾਨਸਿਕ ਆਜ਼ਾਦੀ ਦੀ ਅਵਾਜ਼ ਉਠਾਈ ਗਈ ਹੈ ਤਾਂ ਕਿ ਸਮੁੱਚਾ ਮਾਨਣ ਗੁਰੂ ਰਵਿਦਾਸ ਜੀ ਦੇ ਸੰਕਲਪਕ ਬੇਗਮਪੁਰੇ ਵਿਚ ਸੁੱਖ, ਸ਼ਾਂਤੀ ਅਤੇ ਭਾਈਚਾਰਕ ਸਾਂਝ ਪਾ ਕੇ ਵੱਡਮੁੱਲਾ ਜੀਵਨ ਜੀਅ ਸਕੇ।

ਐਸਾ ਚਾਹੂੰ ਰਾਜ ਮੈਂ, ਜਹਾਂ ਸਭਨਾ ਕੋ ਮਿਲੇ ਅੰਨ
ਛੋਟੇ ਵੱਡੇ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ

# ਲਓ ! ਕਰ ਲੋ ਗੱਲ !!

ਕਮਲ ਦੁਸਾਂਝ




## ਲੱਗਾ ਸਾਧ ਦਾ ਦਰਬਾਰ, ਅਕਾਲੀ ਹੋਏ ਗੋਡਿਆਂ ਭਾਰ !

ਲਓ! ਜੀ ਸੌਦਾ ਸਾਧ ਦਾ ਦਰਬਾਰ ਸਜਿਆ ਹੈ ਤੇ ਵੱਡੇ ਬਾਦਲ ਦੇ ਧੱਕੇ ਅਕਾਲੀ ਆਗੂ ਪਹੁੰਚ ਗਏ ਨੇ ਮੱਥੇ ਰਗੜਨ ਲਈ। ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਤੋਂ ਅਕਾਲੀ ਦਲ ਦੇ ਉਮੀਦਵਾਰ ਸਰੂਪ ਚੰਦ ਸਿੰਗਲਾ, ਹਲਕਾ ਮੌੜ ਤੋਂ ਜਨਮੇਜਾ ਸਿੰਘ ਸੇਖੋਂ, ਹਲਕਾ ਭੁੱਚੋ ਤੋਂ ਹਰਪ੍ਰੀਤ ਸਿੰਘ ਕੋਟਭਾਈ, ਹਲਕਾ ਤਲਵੰਡੀ ਸਾਬੋ ਤੋਂ ਜੀਤ ਮੋਹਿੰਦਰ ਸਿੰਘ ਸਿੱਧੂ, ਹਲਕਾ ਰਾਮਪੁਰਾ ਫੂਲ ਤੋਂ ਸਿਕੰਦਰ ਸਿੰਘ ਮਲੂਕਾ, ਹਲਕਾ ਦਿਹਾਤੀ ਤੋਂ ਅਮਿਤ ਰਤਨ, ਮਾਨਸਾ ਜਿਲੇ ਦੇ ਵਿਧਾਨ ਸਭਾ ਹਲਕਾ ਮਾਨਸਾ ਤੋਂ ਜਗਦੀਪ ਸਿੰਘ ਨਕਈ, ਹਲਕਾ ਬੁਢਲਾਡਾ ਤੋਂ ਨਿਸ਼ਾਨ ਸਿੰਘ ਅਤੇ ਹਲਕਾ ਸਰਦੂਲਗੜ ਤੋਂ ਦਿਲਰਾਜ ਸਿੰਘ ਭੂੰਦੜ ਹਾਜਰ ਸਨ ਤੇ ਹਲਕਾ ਲੰਬੀ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਤੀਨਿਧ ਹੱਥ ਜੋੜੀ ਡੇਰੇ ਦੇ ਸਿਆਸੀ ਵਿੰਗ ਅੱਗੇ ਡੰਡੌਤ ਕਰ ਰਹੇ ਹਨ-'ਅਸੀਂ ਪੰਜਾਬ 'ਚ ਹਰ ਥਾਂ ਨਾਮ ਚਰਚਾ ਕਰਵਾਵਾਂਗੇ ਜੀ।'

ਸਿਆਸੀ ਵਿੰਗ ਆਖਦੈ, 'ਜ਼ਰਾ ਉੱਚੀ ਬੋਲੋ।'

ਅਕਾਲੀ ਆਗੂ ਸਿਰ ਨਿਵਾਉਂਦੇ ਹਨ, 'ਜੀ ਕਰਵਾਵਾਂਗੇ।'

ਸੌਦਾ ਸਾਧ ਦੇ ਸ਼ਰਧਾਲੂ ਤਾੜੀਆਂ ਮਾਰਦੇ ਨੇ ਤੇ ਹੂਟਿੰਗ ਹੁੰਦੀ ਹੈ।

ਸਿਆਸੀ ਵਿੰਗ ਫਿਰ ਆਖਦਾ ਹੈ, 'ਬੋਲੋ! ਧਨ ਧਨ ਸਤਿਗੁਰੂ ਤੇਰਾ ਆਸਰਾ'

ਨਿਮੋਝੂਣੇ ਹੋਏ ਬਾਦਲ ਦੇ ਹੁਕਮ ਬਰਦਾਰ ਆਗੂ ਆਖਦੇ ਹਨ, 'ਧਨ ਧਨ ਸਤਿਗੁਰੂ ਤੇਰਾ ਆਸਰਾ'

ਕੀ ਕਿਹਾ ਸੁਣਾਈ ਨਹੀਂ ਦਿੱਤਾ-ਸਿਆਸੀ ਵਿੰਗ ਆਖਦੈ।

ਵੋਟ ਦਾ ਸਵਾਲ ਹੈ ਤੇ ਹੁਕਮ ਬਰਦਾਰਾਂ ਦੀ ਥੋੜੀ ਉੱਚੀ ਆਵਾਜ਼ ਆਉਂਦੀ ਹੈ-ਧਨ ਧਨ ਸਤਿਗੁਰੂ ਤੇਰਾ ਆਸਰਾ।

ਜ਼ੋਰ ਸੇ ਬੋਲੋ-ਸਿਆਸੀ ਵਿੰਗ ਮੁਸਕੜੀਆਂ ਕਰਦਾ ਆਖਦਾ ਹੈ।

ਹੱਥ ਜੋੜੀ ਖੜੇ 'ਬਾਦਲ ਸ਼ਰਧਾਲੂ' ਉੱਚੀ ਸੁਰ 'ਚ ਫੇਰ ਉਚਾਰਣ ਕਰਦੇ ਹਨ ਤੇ ਮਸਾਂ ਬੰਦ ਖਲਾਸੀ ਹੁੰਦੀ ਹੈ।

**ਬਾਬਾ ਜੀ ਚੱਲੇ ਅਮਰੀਕਾ !! :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੱਲੇ ਹਨ ਅਮਰੀਕਾ... ਸੈਰ ਕਰਨ ਨਹੀਂ, ਸਗੋਂ ਮੈਡੀਕਲ ਚੈੱਕਅਪ ਕਰਾਉਣ...!! ਭਲਾ ਬਾਬਾ ਜੀ, ਮੈਡੀਕਲ ਚੈੱਕਅਪ ਇੱਥੇ ਨਹੀਂ ਹੁੰਦਾ...? ਹਾਲੇ ਚਾਰ ਦਿਨ ਪਹਿਲਾਂ ਤਾਂ ਪੰਜਾਬੀਆਂ ਤੋਂ ਵਿਕਾਸ ਦੇ ਨਾਂ 'ਤੇ ਵੋਟਾਂ ਮੰਗੀਆਂ ਨੇ, ਅਖੇ ਅਸੀਂ ਪੰਜਾਬ ਨੂੰ ਖ਼ੁਸ਼ਹਾਲ ਕਰਤਾ...ਲੋਕਾਂ ਨੂੰ ਸਸਤੀਆਂ ਸਿਹਤ ਸਹੂਲਤਾਂ ਮਿਲਦੀਆਂ ਨੇ...ਨਵੇਂ ਨਵੇਂ ਹਸਪਤਾਲ ਖੋਲ੍ਹ ਦਿੱਤੇ...। ਫੇਰ ਬਾਦਲ ਸਾਹਿਬ ਦੇ ਕੋਈ ਗੰਭੀਰ ਇਲਾਜ ਲਈ ਨਹੀਂ, ਬਲਕਿ ਸਾਧਾਰਨ ਮੈਡੀਕਲ ਚੈੱਕਅਪ ਲਈ ਵੀ ਪੰਜਾਬ 'ਚ ਕੋਈ ਹਸਪਤਾਲ ਨਹੀਂ। ਆਮ ਪੰਜਾਬੀਆਂ ਤੇ ਮੁੱਖ ਮੰਤਰੀਆਂ, ਮੰਤਰੀਆਂ ਨੂੰ ਮਿਲਦੀਆਂ ਸਿਹਤ ਸਹੂਲਤਾਂ ਵਿਚ ਏਨਾ ਫ਼ਰਕ ਕਿਉਂ? ਕੀ ਉਨ੍ਹਾਂ ਨੂੰ ਲਗਦਾ ਹੈ ਕਿ ਇੱਥੇ ਮੈਡੀਕਲ ਚੈੱਕਅਪ ਦੀ ਵੀ ਕੋਈ ਚੱਜ ਦੀ ਸਹੂਲਤ ਨਹੀਂ...। ਜੇ ਇੱਥੇ ਸਾਧਾਰਨ ਚੈੱਕਅਪ ਦਾ ਪੱਧਰ ਏਨਾ ਮਾੜਾ ਹੈ ਤਾਂ ਆਮ ਬੰਦੇ ਨੂੰ ਗੰਭੀਰ ਸੇਵਾਵਾਂ ਕਿੱਥੋਂ ਮਿਲਣਗੀਆਂ? ਬਾਬਾ ਜੀ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਤਾਂ ਅਕਸਰ ਪੰਜਾਬ ਨੂੰ ਅਮਰੀਕਾ ਬਣਾਉਣ ਦੀਆਂ ਫੜ੍ਹਾਂ ਮਾਰਦੇ ਨੇ...ਕਿਤੇ ਹੁਣ ਬਾਬਾ ਜੀ ਅਮਰੀਕਾ ਜਾ ਕੇ ਉਹਨੂੰ ਹੀ ਨਾ ਪੰਜਾਬ ਬਣਾ ਆਉਣ। ਇਹ ਵੀ ਹੋ ਸਕਦੈ ਕਿ ਪਰਵਾਸੀਆਂ ਨੇ ਇਸ ਵਾਰ ਬਾਤ ਨਹੀਂ ਪੁੱਛੀ, ਤੇ ਬਾਬਾ ਜੀ ਮੈਡੀਕਲ ਚੈੱਕਅਪ ਦੇ ਬਹਾਨੇ ਅਗਲੀ ਚੋਣ ਤਿਆਰੀ ਵਿਚ ਹੁਣੇ ਤੋਂ ਨਾ ਰੁਝ ਗਏ ਹੋਣ!!

**ਜੈ ਮੋਦੀ ਜੈ ਮੌਜੀ !! :** ਪੂਰਾ ਭਾਰਤ ਨੋਟਬੰਦੀ ਕਾਰਨ ਹੈਰਾਨ-ਪ੍ਰੇਸ਼ਾਨ ਰਿਹਾ ਤੇ ਇਹ ਪ੍ਰੇਸ਼ਾਨੀ ਤਿੰਨ ਮਹੀਨਿਆਂ ਮਗਰੋਂ ਵੀ ਖ਼ਤਮ ਨਹੀਂ ਹੋਈ। ਇਸ ਦੀ ਸੰਜੀਦਾ ਜਵਾਬਦੇਹੀ ਕਰਨ ਦੀ ਬਜਾਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਜੁਮਲਿਆਂ ਨਾਲ ਸੰਸਦ ਵਿਚ ਠਹਾਕੇ ਮਰਵਾਉਂਦੇ ਰਹੇ। ਮੋਦੀ ਨਾ ਹੋ ਕੇ ਮੌਜੀ ਜ਼ਿਆਦਾ ਲਗ ਰਹੇ ਸਨ। ਮੋਦੀ ਸਾਹਿਬ ਦਾ ਕਹਿਣਾ ਹੈ ਕਿ ਕੈਸ਼ਲੈੱਸ ਹੋ ਜਾਓ...ਚੱਲੋ ਜੀ ਸਾਰਾ ਦੇਸ਼ ਖਾਲੀ ਜੇਬ ਹੋ ਗਿਆ ਹੈ...। ਮੋਦੀ ਸਾਹਿਬ ਕਹਿੰਦੇ ਕਿ ਨਕਦੀ ਨਾਲ ਕਾਲਾ ਧਨ ਫੈਲੇਗਾ...ਤੁਸੀਂ ਨੋਟਾਂ ਦਾ ਮੂੰਹ ਦੇਖਣਾ ਬੰਦ ਕਰ ਦਿਓ...। ਲਓ ਜੀ ਮੋਦੀ ਸਾਹਿਬ ਆਪਣੇ ਬੰਦ ਨੋਟਾਂ ਦੀ ਤਸਵੀਰ ਦੇਖ ਲਓ...! ਪੰਜਾਬ ਵਿਚ ਤਾਜ਼ੀਆਂ ਤਾਜ਼ੀਆਂ ਵੋਟਾਂ ਪੈ ਕੇ ਹਟੀਆਂ ਹਨ। ਤੇ ਇਨ੍ਹਾਂ ਦਿਨਾਂ ਦੌਰਾਨ ਕਰੋੜਾਂ ਰੁਪਏ ਦੀ ਨਕਦੀ ਤੇ ਕਰੋੜਾਂ ਰੁਪਏ ਦਾ ਸਾਮਾਨ ਤੇ ਕਰੋੜਾਂ ਦੀ ਸ਼ਰਾਬ...ਜ਼ਾਹਰ ਹੈ ਇਹ ਵੀ ਨਕਦੀ ਦੇ ਕੇ ਹੀ ਖ਼ਰੀਦਿਆ ਹੋਊ...ਚੈੱਕ ਕੱਟ ਕੇ ਤਾਂ ਕਿਸੇ ਮੰਤਰੀ ਨੇ ਦਾਰੂ ਲਈ ਪੈਸੇ ਦਿੱਤੇ ਨਹੀਂ ਹੋਣੇ...। ਇਹਦੇ ਲਈ ਮੋਦੀ ਸਾਹਿਬ ਕੀ ਜੁਮਲਾ ਕੱਸਣਗੇ...ਕੀ ਵੱਡੇ ਵੱਡੇ ਸ਼ਹਿਰਾਂ 'ਚ ਛੋਟੀਆਂ ਛੋਟੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਨੇ...। ਬਈ, ਉਹ ਪ੍ਰਧਾਨ ਮੰਤਰੀ ਨੇ...ਕੁਝ ਵੀ ਕਹਿ ਸਕਦੇ ਨੇ...ਉਨ੍ਹਾਂ ਦੀਆਂ ਗੱਲਾਂ ਭਾਵੇਂ ਗੰਭੀਰ ਨਾ ਹੋਣ ਪਰ 'ਇਰਾਦੇ' ਬੜੇ ਗੰਭੀਰ ਨੇ...ਤਾਂਹੀਓਂ ਤਾਂ ਥੋਡੀਆਂ ਜੇਬਾਂ ਵਿਚੋਂ ਪੈਸਾ ਕੱਢ ਕੇ ਅਮੀਰਾਂ ਦੀਆਂ ਝੋਲੀਆਂ ਵਿਚ ਪਾ ਦਿੱਤਾ-ਅਖੇ ਕਾਲਾ ਧਨ ਖ਼ਤਮ...ਭ੍ਰਿਸ਼ਟਾਚਾਰ ਖ਼ਤਮ...। ਜਦੋਂ ਤਕ ਇਹ ਜੁਮਲਾ ਪੜ੍ਹੋਗੇ...ਨਵਾਂ ਤਿਆਰ ਹੋਵੇਗਾ। ਜੈ ਮੋਦੀ! ਜੈ ਮੌਜੀ!!

**ਜਿਹੋ ਜਿਹੇ ਆਲੇ, ਉਹੋ ਜਿਹੇ ਕੂਜੇ !! :** ਦਾਦੀ ਅਕਸਰ ਇਹ ਅਖਾਣ ਕਿਸੇ ਨਾ ਕਿਸੇ 'ਤੇ ਢੁਕਾ ਦਿੰਦੀ ਸੀ, ਜਿਹੋ ਜਿਹੇ ਆਲੇ, ਉਹੋ ਜਿਹੇ ਕੂਜੇ। ਇਹੀ ਅਖਾਣ ਅੱਜ ਕੱਲ੍ਹ ਮੋਦੀ ਦੇ ਚੇਲਿਆਂ 'ਤੇ ਵੀ ਢੁਕਦੀ ਐ। ਜਨਾਬ ਮੋਦੀ ਤਾਂ ਵਿਰੋਧੀਆਂ 'ਤੇ ਹਾਸੋ-ਹੀਣੀਆਂ ਸ਼ੁਰਲੀਆਂ ਛਡਦੇ ਹੀ ਰਹਿੰਦੇ ਨੇ ਤੇ ਉਨ੍ਹਾਂ ਦੇ ਚੇਲੇ-ਚਪਟੇ ਵੀ ਘੱਟ ਨਹੀਂ। ਲਗਦੈ ਉਹ ਵੀ ਮੋਦੀ ਬਣਨਾ ਚਾਹੁੰਦੇ ਨੇ...। ਭਾਜਪਾ ਦੇ ਆਗੂ ਤੇ ਜਨਰਲ ਸਕੱਤਰ ਕੈਲਾਸ਼ ਵਿਜਯਵਰਗੀਆ ਨੂੰ ਹੀ ਸੁਣ ਲਓ-'ਅਖੇ ਮੋਦੀ ਤਾਂ ਸ਼ੇਰ ਨੇ ਤੇ ਵਿਰੋਧੀ ਕੁੱਤੇ-ਬਿੱਲੀਆਂ।' ਮੋਦੀ ਅੱਗੇ ਡੰਡੌਤ ਕਰਨ ਦਾ ਪੂਰਾ ਪੂਰਾ ਲਾਹਾ ਲੈ ਰਹੇ ਨੇ। ਸਭਿਅਕ ਸ਼ਬਦ ਤਾਂ ਚੇਲਿਆਂ ਦੀ ਡਿਕਸ਼ਨਰੀ ਵਿਚ ਸ਼ਾਮਲ ਹੀ ਨਹੀਂ...ਇਸੇ ਲਈ ਜਿਹਦੇ ਨਾਲ ਸ਼ਾਬਾਸ਼ੀ ਹੀ ਮਿਲ ਜਾਵੇ, ਉਹੀ ਬੋਲ ਛੱਡੀਦੇ।

# ਦਿੱਲੀ ਗੁਰਦੁਆਰਾ ਕਮੇਟੀ ਚੋਣਾਂ : ਸ਼੍ਰੋਮਣੀ ਅਕਾਲੀ ਦਲ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ 36 ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ। ਇਸ ਸੂਚੀ ਵਿਚ ਕਮੇਟੀ ਦੇ ਮੌਜੂਦਾ ਪੰਜ ਅਹੁਦੇਦਾਰਾਂ ਸਣੇ 18 ਮੌਜੂਦਾ ਕਮੇਟੀ ਮੈਂਬਰਾਂ ਦੇ ਨਾਂਅ ਸ਼ਾਮਲ ਹਨ। ਗ੍ਰੇਟਰ ਕੈਲਾਸ਼ ਵਾਰਡ ਤੋਂ ਮਨਜੀਤ ਸਿੰਘ ਜੀ.ਕੇ., ਪੰਜਾਬੀ ਬਾਗ ਤੋਂ ਮਨਜਿੰਦਰ ਸਿੰਘ ਸਿਰਸਾ, ਪੀਤਮਪੁਰਾ ਤੋਂ ਮਹਿੰਦਰ ਪਾਲ ਸਿੰਘ ਚੱਢਾ, ਤ੍ਰੀਨਗਰ ਤੋਂ ਸਤਪਾਲ ਸਿੰਘ ਅਤੇ ਫ਼ਤਹਿ ਨਗਰ ਵਾਰਡ ਤੋਂ ਅਮਰਜੀਤ ਸਿੰਘ ਫਤਹਿ ਨਗਰ ਚੋਣ ਮੈਦਾਨ ਵਿਚ ਉਤਰਨ ਵਾਲੇ ਕਮੇਟੀ ਅਹੁਦੇਦਾਰ ਹਨ। ਅਕਾਲੀ ਦਲ ਦੇ ਬੁਲਾਰੇ ਪਰਮਿੰਦਰ ਪਾਲ ਸਿੰਘ ਨੇ ਦੱਸਿਆ ਕਿ ਬਾਕੀ ਰਹਿ ਗਏ 20 ਉਮੀਦਵਾਰਾਂ ਦੀ ਦੂਜੀ ਸੂਚੀ ਵੀ ਛੇਤੀ ਜਾਰੀ ਕੀਤੀ ਜਾਵੇਗੀ। ਮੌਜੂਦਾ ਕਮੇਟੀ ਮੈਂਬਰਾਂ ਵਿਚ ਹਰੀ ਨਗਰ ਵਾਰਡ ਤੋਂ ਅਵਤਾਰ ਸਿੰਘ ਹਿਤ, ਸ਼ਿਵ ਨਗਰ ਤੋਂ ਉਂਕਾਰ ਸਿੰਘ ਥਾਪਰ, ਕਾਲਕਾ ਜੀ ਤੋਂ ਹਰਮੀਤ ਸਿੰਘ ਕਾਲਕਾ, ਸਰੂਪ ਨਗਰ ਤੋਂ ਰਵਿੰਦਰ ਸਿੰਘ ਖੁਰਾਣਾ, ਮਾਡਨ ਟਾਊਨ ਤੋਂ ਕੈਪਟਨ ਇੰਦਰਪ੍ਰੀਤ ਸਿੰਘ, ਸ਼ਕਤੀ ਨਗਰ ਤੋਂ ਹਰਵਿੰਦਰ ਸਿੰਘ ਕੇ.ਪੀ., ਦੇਵ ਨਗਰ ਤੋਂ ਪਰਮਜੀਤ ਸਿੰਘ ਰਾਣਾ, ਰਜਿੰਦਰ ਨਗਰ ਤੋਂ ਪਰਮਜੀਤ ਸਿੰਘ ਚੰਢੋਕ, ਰਮੇਸ਼ ਨਗਰ ਤੋਂ ਤਨਵੰਤ ਸਿੰਘ, ਉਤਮ ਨਗਰ ਤੋਂ ਗੁਰਮੀਤ ਸਿੰਘ ਮੀਤਾ, ਸਫ਼ਦਰਜੰਗ ਐਨਕਲੇਵ ਤੋਂ ਕੁਲਦੀਪ ਸਿੰਘ ਸਾਹਨੀ, ਨਵੀਂਨ ਸ਼ਾਹਦਰਾ ਤੋਂ ਕੁਲਵੰਤ ਸਿੰਘ ਬਾਠ ਅਤੇ ਖੁਰੈਜ਼ੀ ਖਾਸ ਤੋਂ ਜਤਿੰਦਰ ਪਾਲ ਸਿੰਘ ਗੋਲਡੀ ਦੇ ਨਾਂਅ ਸ਼ਾਮਲ ਹਨ। ਇਸ ਤੋਂ ਇਲਾਵਾ ਜੰਗਪੁਰਾ ਵਾਰਡ ਤੋਂ ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਭੋਗਲ, ਰਾਜੌਰੀ ਗਾਰਡਨ ਤੋਂ ਹਰਮਨਜੀਤ ਸਿੰਘ, ਵਿਸ਼ਨੂੰ ਗਾਰਡਨ ਤੋਂ ਮਨਜੀਤ ਸਿੰਘ ਔਲਖ, ਸ਼ਾਮ ਨਗਰ ਤੋਂ



ਹਰਜੀਤ ਸਿੰਘ ਪੱਪਾ, ਤਿਲਕ ਨਗਰ ਤੋਂ ਦਲਜੀਤ ਸਿੰਘ ਸਰਨਾ, ਜਨਕਪੁਰੀ ਤੋਂ ਇਕਬਾਲ ਸਿੰਘ ਸ਼ੇਰਾ, ਮਾਲਵੀਆ ਨਗਰ ਤੋਂ ਉਂਕਾਰ ਸਿੰਘ ਰਾਜਾ ਅਤੇ ਗੀਤਾ ਕਾਲੋਨੀ ਤੋਂ ਹਰਿੰਦਰਪਾਲ ਸਿੰਘ ਦੇ ਨਾਂਅ ਸ਼ਾਮਲ ਹਨ। ਕਨਾਟ ਪਲੇਸ ਵਾਰਡ ਤੋਂ ਮੌਜੂਦਾ ਕਮੇਟੀ ਮੈਂਬਰ ਅਮਰਜੀਤ ਸਿੰਘ ਪਿੰਕੀ, ਟੈਗੋਰ ਗਾਰਡਨ ਤੋਂ ਕਮੇਟੀ ਦੇ ਬੁਲਾਰੇ ਪਰਮਿੰਦਰਪਾਲ ਸਿੰਘ, ਚੰਦਰ ਵਿਹਾਰ ਤੋਂ ਨਿਸ਼ਾਨ ਸਿੰਘ ਮਾਨ, ਗੁਰੂ ਹਰਿਕ੍ਰਿਸ਼ਨ ਨਗਰ ਤੋਂ ਸਤਨਾਮ ਸਿੰਘ, ਖਿਆਲਾ ਤੋਂ ਰਜਿੰਦਰ ਸਿੰਘ, ਤਿਲਕ ਵਿਹਾਰ ਤੋਂ ਆਤਮਾ ਸਿੰਘ ਲੁਬਾਣਾ, ਲਾਜਪਤ ਨਗਰ ਤੋਂ ਜਸਵੰਤ ਸਿੰਘ ਬਿੱਟੂ, ਪ੍ਰੀਤ ਵਿਹਾਰ ਤੋਂ ਭੁਪਿੰਦਰ ਸਿੰਘ ਭੁੱਲਰ, ਰਘੁਬੀਰ ਨਗਰ ਤੋਂ ਚੰਦਰਪਾਲ ਸਿੰਘ ਨਾਗੀ, ਰਵੀ ਨਗਰ ਤੋਂ ਗੁਰਮੀਤ ਸਿੰਘ ਅਤੇ ਕ੍ਰਿਸ਼ਨਾ ਪਾਰਕ ਤੋਂ ਜਗਦੀਪ ਸਿੰਘ ਕਾਹਲੋਂ ਦੇ ਨਾਂਅ ਸ਼ਾਮਲ ਹਨ।

## ਦਿੱਲੀ ਗੁਰਦੁਆਰਾ ਚੋਣਾਂ ਵਿਚ ਛਾਇਆ ਰਹੇਗਾ ਡੇਰਾਵਾਦ ਤੇ ਬੇਅਦਬੀ ਦਾ ਮੁੱਦਾ

### ਜੀ.ਕੇ. ਦੇ ਵਿਰੋਧੀ ਪੰਜਾਬ ਦੇ ਮਾਹੌਲ ਦਾ ਦਿੱਲੀ 'ਚ ਲੈ ਰਹੇ ਲਾਭ; ਤਿਕੋਣੀ ਟੱਕਰ ਦੇ ਆਸਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਬਣੇ ਮਾਹੌਲ ਦਾ ਅਸਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਦੀਆਂ 26 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਉੱਤੇ ਵੀ ਦਿਖਾਈ ਦੇਵੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਡੇਰਾ ਸਿਰਸਾ ਤੋਂ ਪੰਜਾਬ ਵਿੱਚ ਲਿਆ ਸਮਰਥਨ ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਵੱਡਾ ਮੁੱਦਾ ਬਣਨ ਜਾ ਰਿਹਾ ਹੈ। ਇਨ੍ਹਾਂ ਚੋਣਾਂ ਵਿੱਚ ਵੀ ਪੰਜਾਬ ਵਿਧਾਨ ਸਭਾ ਚੋਣਾਂ ਵਾਂਗ ਤਿਕੋਣੀ ਟੱਕਰ ਦੇ ਆਸਾਰ ਹਨ। ਡੀਐਸਜੀਐਮਸੀ ਦੀਆਂ ਚੋਣਾਂ ਲਈ 8 ਫਰਵਰੀ ਤੱਕ ਨਾਮਜ਼ਦਗੀਆਂ ਭਰੀਆਂ ਜਾਣੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਪ੍ਰਧਾਨ ਹਨ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਓਐਸਡੀ ਮਨਜਿੰਦਰ ਸਿੰਘ ਸਿਰਸਾ ਕਮੇਟੀ ਦੇ ਜਨਰਲ ਸਕੱਤਰ ਹਨ। ਸ਼੍ਰੋਮਣੀ ਅਕਾਲੀ ਦਲ ਦਾ ਮੁਕਾਬਲਾ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਵਤਾਰ ਸਿੰਘ ਵੱਲੋਂ ਬਣਾਏ ਪੰਥਕ ਸੇਵਾ ਦਲ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ ਗਰੁੱਪ ਅਤੇ ਅਕਾਲੀ ਦਲ ਤੋਂ ਵੱਖ ਹੋਏ ਆਮ ਅਕਾਲੀ ਦਲ ਨਾਲ ਹੋਣ ਦੇ ਆਸਾਰ ਹਨ। ਆਮ ਆਦਮੀ ਪਾਰਟੀ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਪਾਰਟੀ ਦਿੱਲੀ ਗੁਰਦੁਆਰਾ ਚੋਣਾਂ ਵਿੱਚ ਸਿੱਧੇ ਤੌਰ ਉੱਤੇ ਹਿੱਸਾ ਨਹੀਂ ਲਵੇਗੀ ਪਰ ਨਾਲ ਜੁੜੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਕੋਈ ਰਾਹ ਲੱਭਿਆ ਜਾ ਰਿਹਾ ਹੈ।



ਪਰਮਜੀਤ ਸਿੰਘ ਸਰਨਾ ਮਨਜੀਤ ਸਿੰਘ ਜੀ.ਕੇ. ਭਾਈ ਰਣਜੀਤ ਸਿੰਘ

ਅਕਾਲੀ ਦਲ ਵੱਲੋਂ ਡੇਰਾ ਸਿਰਸਾ ਦੀ ਹਮਾਇਤ ਲੈਣ ਵਾਲੇ ਦਿਨ ਹੀ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਚਿੱਠੀ ਲਿਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਦੇ ਹੁਕਮਨਾਮੇ ਦਾ ਉਲੰਘਣ ਕਰਨ ਦੇ ਦੋਸ਼ ਵਿੱਚ ਸਜ਼ਾ ਲਾਉਣ ਦੀ ਮੰਗ ਕੀਤੀ ਸੀ। ਸ੍ਰੀ ਸਰਨਾ ਨੇ ਕਿਹਾ ਕਿ ਡੇਰਾ ਇਨ੍ਹਾਂ ਚੋਣਾਂ ਵਿੱਚ ਵੱਡਾ ਮੁੱਦਾ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਚਾਰ ਸਾਲ ਪਹਿਲਾਂ ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਲਾਏ ਝੂਠੇ ਦੋਸ਼ ਵੀ ਮੁੱਦੇ ਬਣਨਗੇ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਬਾਦਲਾਂ ਨੇ ਅਕਾਲ ਤਖ਼ਤ ਉੱਤੇ ਕਬਜ਼ਾ ਕਰ ਰੱਖਿਆ ਹੈ, ਜਿਸ ਕਰ ਕੇ ਜਥੇਦਾਰਾਂ ਵਿੱਚ ਬੋਲਣ ਦੀ ਹਿੰਮਤ ਨਹੀਂ ਹੈ। ਜਦੋਂ ਵੀ ਮੌਕਾ ਆਇਆ ਅਤੇ ਸੰਗਤ ਨੇ ਸਿੱਖ ਸਿਧਾਂਤ ਮੁਤਾਬਕ ਤਾਕਤ ਦਿੱਤੀ ਤਾਂ ਬਾਦਲਾਂ ਨੂੰ ਸੱਦ ਕੇ ਸਿੱਖ ਮਰਿਆਦਾ ਮੁਤਾਬਕ ਸਜ਼ਾ ਦਿੱਤੀ ਜਾਵੇਗੀ। ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਆਪਣੇ ਕੁੱਝ ਉਮੀਦਵਾਰ ਖੜ੍ਹੇ ਕਰਨ ਤੋਂ ਬਾਅਦ ਬਾਕੀ ਥਾਵਾਂ ਉੱਤੇ ਪੰਥਕ ਸੇਵਾ ਦਲ, ਧਰਮ ਪ੍ਰਚਾਰਕ ਭਾਈ ਬਲਦੇਵ ਸਿੰਘ ਵਡਾਲਾ ਦੇ ਉਮੀਦਵਾਰਾਂ ਜਾਂ ਆਮ ਅਕਾਲੀ ਦਲ ਦੇ ਉਮੀਦਵਾਰਾਂ ਵਿਚੋਂ ਜੋ ਵੀ ਸਹੀ ਹੋਣਗੇ, ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇਗੀ। ਇਕ ਸੀਨੀਅਰ ਆਗੂ ਨੇ ਕਿਹਾ ਕਿ ਪਾਰਟੀ ਇਸ ਵਾਰ ਬਾਦਲਾਂ ਅਤੇ ਪੰਜਾਬ ਦੇ ਹੋਰ ਆਗੂਆਂ ਵੱਲੋਂ ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਪ੍ਰਚਾਰ ਦੇ ਅਸਰ ਬਾਰੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਰਹੇ ਸੁਖਦੇਵ ਸਿੰਘ ਭੌਰ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਹਨ, ਉਹ ਵੀ ਸਰਨਿਆਂ ਦੀ ਤਰ੍ਹਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਰਹੇ ਹਨ। ਦਿੱਲੀ ਕਮੇਟੀ ਦੀਆਂ ਚੋਣਾਂ ਵਿੱਚ ਭੂਮਿਕਾ ਨਿਭਾਉਣ ਲਈ ਉਹ ਵੀ ਦਿੱਲੀ ਜਾ ਰਹੇ ਹਨ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅਤੇ ਪੰਥਕ ਤਾਲਮੇਲ ਸੰਗਠਨ ਦੇ ਆਗੂ ਗਿਆਨੀ ਕੇਵਲ ਸਿੰਘ ਵੀ ਦਿੱਲੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਸਾਰੀਆਂ ਧਿਰਾਂ ਨਾਲ ਗੱਲਬਾਤ ਕਰ ਕੇ ਡੇਰੇਦਾਰਾਂ ਨਾਲ ਸਾਂਝ ਰੱਖਣ ਵਾਲਿਆਂ, ਗੁਰੂ ਦੀ ਬੇਅਦਬੀ ਕਰਵਾਉਣ ਵਾਲਿਆਂ ਅਤੇ ਸਿੱਖ ਰਹਿਤ ਮਰਿਯਾਦਾ ਨੂੰ ਢਾਹ ਲਾਉਣ ਵਾਲਿਆਂ ਖ਼ਿਲਾਫ਼ ਸਾਂਝਾ ਮੋਰਚਾ ਬਣਾਉਣ ਦੀ ਕੋਸ਼ਿਸ਼ ਕਰਨਗੇ।

# ਚੋਣ ਰੰਜ਼ਿਸ਼ : ਸਾਬਕਾ ਸਰਪੰਚ ਦੇ ਧੜੇ ਵਲੋਂ ਕੀਤੀ ਗੋਲੀਬਾਰੀ ਦੌਰਾਨ ਦਲਿਤ ਨੌਜਵਾਨ ਦੀ ਮੌਤ, ਭਰਾ ਜ਼ਖ਼ਮੀ

**ਤਰਨ ਤਾਰਨ/ਬਿਊਰੋ ਨਿਊਜ਼ :** ਪਿੰਡ ਪਲਾਸੌਰ ਵਿੱਚ ਵੋਟਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਦੋ ਧੜਿਆਂ ਦਰਮਿਆਨ ਪੈਦਾ ਹੋਏ ਤਕਰਾਰ ਕਾਰਨ ਸਾਬਕਾ ਸਰਪੰਚ ਦੇ ਧੜੇ ਵੱਲੋਂ ਦਲਿਤਾਂ ਦੀ ਕਲੋਨੀ ਵਿੱਚ ਗੋਲੀਆਂ ਚਲਾ ਕੇ ਇਕ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ। ਇਸ ਦੌਰਾਨ ਉਸ ਦਾ ਭਰਾ ਗੰਭੀਰ ਜ਼ਖਮੀ ਹੋ ਗਿਆ। ਮ੍ਰਿਤਕ ਦੀ ਸ਼ਨਾਖਤ ਸੁਰਜੀਤ ਸਿੰਘ (35) ਵਜੋਂ ਹੋਈ ਹੈ। ਜ਼ਖਮੀ ਹੋਏ ਜਸਵੰਤ ਸਿੰਘ ਨੂੰ ਇੱਥੋਂ ਦੇ ਗੁਰੂ ਨਾਨਕ ਦੇਵ ਸੁਪਰ ਸਪੈਸ਼ਲਿਟੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ, ਜਿਥੇ ਉਸ ਦੀ ਹਾਲਤ ਠੀਕ ਦੱਸੀ ਜਾ ਰਹੀ ਹੈ। ਇਕ ਹਫਤਾ ਪਹਿਲਾਂ ਅਕਾਲੀ ਦਲ ਦੇ ਇਸ ਹਲਕੇ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਚੋਣ ਰੈਲੀ ਦੇ ਬਾਅਦ ਲੜਾਈ ਹੋਈ ਸੀ, ਜਿਸ ਵਿੱਚ ਪਿੰਡ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਬੱਬੂ, ਉਸ ਦੇ ਭਰਾ ਅਮਰਪਾਲ ਸਿੰਘ (ਬੋਨੀ) ਅਤੇ ਹੋਰਨਾਂ ਵੱਲੋਂ ਦਲਿਤਾਂ ਖਿਲਾਫ਼ ਕੋਈ ਟਿੱਪਣੀ ਕੀਤੀ ਗਈ ਸੀ। ਇਸ ਦਾ ਦਲਿਤ ਭਾਈਚਾਰੇ ਦੇ ਲੋਕਾਂ ਨੇ ਵਿਰੋਧ ਕੀਤਾ ਸੀ। ਗੁਰਪ੍ਰੀਤ ਸਿੰਘ ਅਤੇ ਉਸ ਦਾ ਧੜਾ ਇਸ ਗੱਲ ਤੋਂ ਖਫਾ ਸੀ ਅਤੇ ਬਦਲਾ ਲੈਣ ਦੀ ਤਾਕ ਵਿੱਚ ਸੀ। ਮ੍ਰਿਤਕ ਦੇ ਪਿਤਾ ਜਗੀਰ ਸਿੰਘ ਨੇ ਦੱਸਿਆ ਕਿ ਪਰਿਵਾਰ ਨੂੰ ਪਿਛਲੇ ਕਈ ਦਿਨਾਂ ਤੋਂ ਧਮਕੀਆਂ ਮਿਲ ਰਹੀਆਂ ਸਨ। ਇਨ੍ਹਾਂ ਧਮਕੀਆਂ ਕਰਕੇ ਹੀ ਪਰਿਵਾਰ ਦੇ ਜੀਆਂ ਨੇ ਘਰੋਂ ਬਾਹਰ ਜਾਣਾ ਬੰਦ ਕਰ ਦਿੱਤਾ ਸੀ। ਉਨ੍ਹਾਂ ਇਸ ਸਬੰਧੀ ਪੁਲੀਸ ਨੂੰ ਵੀ ਸੂਚਿਤ ਕੀਤਾ ਸੀ। ਉਸ ਨੇ ਦੱਸਿਆ ਕਿ ਉਸ ਨੇ ਗੁਰਪ੍ਰੀਤ ਸਿੰਘ ਬੱਬੂ ਤੇ ਉਸ ਦੇ ਕਈ ਸਾਥੀਆਂ ਨੂੰ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਉਨ੍ਹਾਂ ਦੇ ਘਰ ਵੱਲ ਆਉਂਦੇ ਦੇਖਿਆ। ਉਸ ਨੇ ਆਪਣੇ ਬੱਚਿਆਂ ਨੂੰ ਘਰ ਦਾ ਬਾਹਰ ਵਾਲਾ ਬੂਹਾ ਬੰਦ ਕਰ ਦੇਣ ਲਈ ਕਿਹਾ। ਪਰਿਵਾਰ ਦੇ ਸਾਰੇ ਜੀਅ ਬਾਹਰ ਵਾਲਾ ਬੂਹਾ ਬੰਦ ਕਰਕੇ ਕੋਠੇ 'ਤੇ ਜਾ ਚੜ੍ਹੇ। ਇਸ ਦੇ ਬਾਅਦ ਗੁਰਪ੍ਰੀਤ ਸਿੰਘ ਅਤੇ ਉਸ ਦੇ ਸਾਥੀ ਹਮਲਾਵਰ ਗੁਆਂਢ ਦੇ ਇਕ ਕੋਠੇ 'ਤੇ ਚੜ੍ਹ ਗਏ ਅਤੇ ਉਨ੍ਹਾਂ ਜਗੀਰ ਸਿੰਘ ਦੇ ਪਰਿਵਾਰ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਇਕ ਗੋਲੀ ਸੁਰਜੀਤ ਸਿੰਘ ਦੇ ਮੱਥੇ ਵਿਚ ਲੱਗੀ ਤੇ ਉਹ ਥਾਂ 'ਤੇ ਹੀ ਡਿੱਗ ਪਿਆ। ਜਗੀਰ ਸਿੰਘ ਦਾ ਇਕ ਹੋਰ ਲੜਕਾ ਜਸਵੰਤ ਸਿੰਘ ਵੀ ਜ਼ਖ਼ਮੀ ਹੋ ਗਿਆ। ਇਸੇ ਦੌਰਾਨ ਗੁਰਪ੍ਰੀਤ ਸਿੰਘ ਤੇ ਉਸ ਦੇ ਸਾਥੀਆਂ ਨੇ ਜਗੀਰ ਸਿੰਘ ਦੇ ਘਰ ਦੇ ਸਾਮਾਨ ਦੀ ਭੰਨ-ਤੋੜ ਵੀ ਕੀਤੀ। ਪਰਿਵਾਰ ਨੇ ਸੁਰਜੀਤ ਸਿੰਘ ਅਤੇ ਜਸਵੰਤ ਸਿੰਘ ਨੂੰ ਇਥੋਂ ਦੇ ਗੁਰੂ ਨਾਨਕ ਦੇਵ ਸੁਪਰ ਸਪੈਸ਼ਲਿਟੀ ਹਸਪਤਾਲ ਦਾਖਲ ਕਰਾਇਆ, ਜਿਥੇ ਡਾਕਟਰਾਂ ਨੇ ਸੁਰਜੀਤ ਸਿੰਘ ਮ੍ਰਿਤਕ ਐਲਾਨ ਦਿੱਤਾ। ਐਸਐਸਪੀ ਹਰਜੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਬੱਬੂ, ਉਸ ਦੇ ਦੋ ਭਰਾਵਾਂ ਅਮਰਪਾਲ ਸਿੰਘ (ਬੋਨੀ) ਤੇ ਕਰਨਵੀਰ ਸਿੰਘ ਅਤੇ ਪਲਵਿੰਦਰ ਸਿੰਘ ਸਰਲੀ, ਸਤਨਾਮ ਸਿੰਘ ਸੱਤਾ, ਗੁਰਵਿੰਦਰ ਸਿੰਘ ਸਮੇਤ ਕੁੱਲ 16 ਜਣਿਆਂ ਖਿਲਾਫ਼ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪਿੰਡ ਵਿੱਚ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ, ਜਿਸ ਕਰਕੇ ਮੌਕੇ 'ਤੇ ਪੁਲੀਸ ਫੋਰਸ ਤਾਇਨਾਤ ਕੀਤੀ ਗਈ ਹੈ। ਮੁਲਜ਼ਮ ਫਰਾਰ ਹਨ, ਜਿਨ੍ਹਾਂ ਨੂੰ ਕਾਬੂ ਕਰਨ ਲਈ ਪੁਲੀਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ।



ਹਸਪਤਾਲ ਵਿੱਚ ਜ਼ੇਰੇ-ਇਲਾਜ ਜਸਵੰਤ ਸਿੰਘ ਅਤੇ (ਇਨਸੈੱਟ) ਮ੍ਰਿਤਕ ਸੁਰਜੀਤ ਸਿੰਘ

# ਕੇਜਰੀਵਾਲ ਨੇ ਬਰਗਾੜੀ ਕਾਂਡ ਸਬੰਧੀ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਕੀਤੀ ਨਸ਼ਰ

**ਲੁਧਿਆਣਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਹਲਕਾ ਦਾਖਾ ਤੋਂ ਪਾਰਟੀ ਉਮੀਦਵਾਰ ਹਰਵਿੰਦਰ ਸਿੰਘ ਫੂਲਕਾ ਨੇ ਇੱਥੇ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਗੰਭੀਰ ਲਾਉਂਦਿਆਂ ਕਿਹਾ ਕਿ ਸਰਕਾਰ ਨੇ ਮੰਦੀ ਭਾਵਨਾ ਅਧੀਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਬਰਗਾੜੀ ਕਾਂਡ ਵਾਲੀ ਇਕ ਮੈਂਬਰੀ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ 2015 ਦੀ ਰਿਪੋਰਟ ਨੂੰ ਦਬਾ ਕੇ ਰੱਖਿਆ ਹੈ। ਇਨ੍ਹਾਂ ਆਗੂਆਂ ਨੇ ਇੱਥੇ ਇਕ ਪੈਲੇਸ ਵਿੱਚ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਦੀ 60 ਪੰਨਿਆਂ ਦੀ ਕਥਿਤ ਕਾਪੀ ਪੱਤਰਕਾਰਾਂ ਸਾਹਮਣੇ ਪੇਸ਼ ਕਰਦਿਆਂ ਕਿਹਾ ਕਿ ਰਿਪੋਰਟ ਵਿੱਚ ਸਪਸ਼ਟ ਲਿਖਿਆ ਹੈ ਕਿ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਬਹਿਬਲ ਕਲਾਂ ਵਿੱਚ ਲੋਕਾਂ ਨਾਲ ਬੈਠੇ ਦੋ ਨੌਜਵਾਨ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਨੂੰ 'ਕਲੋਜ਼ ਰੇਂਜ' ਤੋਂ ਗੋਲੀਆਂ ਮਾਰੀਆਂ ਤੇ ਦੋਵਾਂ ਦੀ ਮੌਤ ਹੋ ਗਈ, ਜਦਕਿ ਪੰਜ ਵਿਅਕਤੀ ਜ਼ਖ਼ਮੀ ਹੋ ਗਏ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 2015 ਦੀਆਂ ਇਨ੍ਹਾਂ ਘਟਨਾਵਾਂ ਕਾਰਨ ਵੱਡੇ ਪੱਧਰ 'ਤੇ ਰੋਸ ਫੈਲਿਆ ਅਤੇ ਲੋਕ ਸੜਕਾਂ 'ਤੇ ਆ ਗਏ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਅੱਖਾਂ ਪੂੰਝਣ ਲਈ ਪੁਲੀਸ ਨੇ ਧਰਨੇ 'ਤੇ ਬੈਠੇ ਦੋ ਨਿਰਦੋਸ਼ ਵਿਅਕਤੀਆਂ ਨੂੰ ਫੜ ਕੇ ਕੇਸ ਦਰਜ ਕਰ ਦਿੱਤਾ। ਇਨ੍ਹਾਂ ਆਗੂਆਂ ਨੇ ਕਿਹਾ ਕਿ 'ਸਰਕਾਰ ਪੱਖੀ ਕਮਿਸ਼ਨ' ਨੇ ਰਿਪੋਰਟ ਦੇ ਪੇਜ ਨੰਬਰ 21 'ਤੇ ਪ੍ਰਕਾਸ਼ਤ ਕੀਤਾ ਹੈ ਕਿ ਬੇਅਦਬੀ ਕਾਂਡ ਦੀ ਪੂਰੀ ਜਾਂਚ ਨਹੀਂ ਹੋਈ। ਇਹ ਘਟਨਾ 30 ਜੂਨ 2015 ਨੂੰ ਵਾਪਰੀ ਤੇ ਰਿਪੋਰਟ ਸਰਕਾਰ

ਬਾਕੀ ਸਫ਼ਾ 32 'ਤੇ

# ਪੈਸਾ ਵੰਡਣ ਤੋਂ ਰੋਕਿਆ ਤਾਂ ਅਕਾਲੀ ਸਰਪੰਚ ਨੇ ਸਾਬਕਾ ਕਾਂਗਰਸੀ ਸਰਪੰਚ ਦਾ ਹੱਥ ਵੱਢਿਆ

## ਅਕਾਲੀਆਂ ਨੇ ਘਰ ਆ ਕੇ ਕੀਤਾ ਹਮਲਾ, ਗਵਾਂਢੀ ਦੀਆਂ ਉਂਗਲਾਂ ਵੀ ਵੱਢੀਆਂ

**ਪੱਟੀ/ਬਿਊਰੋ ਨਿਊਜ਼ :**
ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਹਲਕੇ ਪੱਟੀ ਵਿਚ ਇਕ ਸਾਬਕਾ ਕਾਂਗਰਸੀ ਸਰਪੰਚ ਦਾ ਹੱਥ ਵੱਢ ਦਿੱਤਾ ਗਿਆ। ਐਫ.ਆਈ.ਆਰ. ਮੁਤਾਬਕ, ਸਾਬਕਾ ਕਾਂਗਰਸੀ ਸਰਪੰਚ ਹਰਜਿੰਦਰ ਸਿੰਘ ਬੋਪਾਰਾਏ ਨੇ ਬੁੱਧਵਾਰ ਦੇਰ ਰਾਤ ਅਕਾਲੀ ਸਰਪੰਚ ਸੁਖਦੇਵ ਸਿੰਘ ਨੂੰ ਪੈਸੇ ਵੰਡਣ ਤੋਂ ਰੋਕਿਆ ਸੀ। ਸੁਖਦੇਵ ਅਕਾਲੀ ਵਰਕਰਾਂ ਨਾਲ ਮਿਲ ਕੇ ਲੋਕਾਂ ਨੂੰ ਦੋ-ਦੋ ਹਜ਼ਾਰ ਰੁਪਏ ਦੇ ਨੋਟ ਵੰਡ ਰਿਹਾ ਸੀ। ਚੋਣ ਕਮਿਸ਼ਨ ਮੁਤਾਬਕ, ਪੱਟੀ ਤੋਂ ਜ਼ਿਆਦਾ ਸੰਵੇਦਨਸ਼ੀਲ ਮੁੱਖ ਮੰਤਰੀ ਦਾ ਹਲਕਾ ਲੰਬੀ, ਉਪ ਮੁੱਖ ਮੰਤਰੀ ਦਾ ਹਲਕਾ ਜਲਾਲਾਬਾਦ ਤੇ ਬਿਕਰਮ ਮਜੀਠੀਆ ਦਾ ਹਲਕਾ ਮਜੀਠਾ ਹੈ।

ਵੀਰਵਾਰ ਸਵੇਰੇ ਅਕਾਲੀ ਸਰਪੰਚ 8 ਲੋਕਾਂ ਸਮੇਤ ਸਾਬਕਾ ਕਾਂਗਰਸੀ ਸਰਪੰਚ ਦੇ ਘਰ ਪਹੁੰਚਿਆ ਤੇ ਹਮਲਾ ਕਰ ਦਿੱਤਾ। ਤੇਜ਼ਧਾਰ ਹਥਿਆਰ ਨਾਲ ਇਕ ਹੱਥ ਵੱਢ ਦਿੱਤਾ, ਨਾਲ ਹੀ ਇਕ ਹੋਰ ਵਿਅਕਤੀ ਦੀਆਂ ਦੋ ਉਂਗਲਾਂ ਵੱਢ ਦਿੱਤੀਆਂ।

**ਹਮਲਾਵਰਾਂ ਵਿਚ ਇਕ ਔਰਤ ਵੀ ਸ਼ਾਮਲ**

ਅੰਮ੍ਰਿਤਸਰ ਦੇ ਹਸਪਤਾਲ ਵਿਚ ਭਰਤੀ ਹਰਜਿੰਦਰ ਨੇ ਦੱਸਿਆ, 'ਅਕਾਲੀ ਸਰਪੰਚ ਸੁਖਦੇਵ ਵੋਟਰਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਦੋ-ਦੋ ਹਜ਼ਾਰ ਰੁਪਏ ਦੇ ਨੋਟ ਵੰਡ ਰਿਹਾ ਸੀ। ਉਹ ਘਟਨਾ ਰਾਤ 7 ਤੋਂ 8 ਵਜੇ ਦੀ ਹੈ। ਸੂਚਨਾ ਮਿਲੀ ਤਾਂ ਅਸੀਂ ਵਿਰੋਧ ਕਰਨ ਪਹੁੰਚ ਗਏ। ਸੁਖਦੇਵ ਦੇ ਨਾਲ ਵਰਿਆਮ ਸਿੰਘ, ਬਲਸੇਵਕ ਸਿੰਘ, ਚਰਨ ਸਿੰਘ, ਸਤਨਾਮ ਸਿੰਘ, ਗੁਰਲਾਲ ਸਿੰਘ, ਨਰਿੰਦਰ ਕੌਰ ਤੇ ਜਗਸੀਰ ਸਿੰਘ ਸਨ। ਅਸੀਂ ਉਨ੍ਹਾਂ ਨੂੰ ਰੋਕਿਆ ਤਾਂ ਝੜਪ ਹੋ ਗਈ। ਲੋਕਾਂ ਨੇ ਵਿਚ ਪੈ ਕੇ ਬਚਾਅ ਕਰਕੇ ਮਾਮਲਾ ਸ਼ਾਂਤ ਕਰਵਾਇਆ। ਇਸ ਤੋਂ ਬਾਅਦ ਅਸੀਂ ਘਰ ਆ ਗਏ।' ਪੁਲੀਸ ਅਨੁਸਾਰ ਸਵੇਰੇ ਸਾਢੇ ਸੱਤ ਵਜੇ ਮੁਲਜ਼ਮਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਹੋ ਕੇ ਘਰ 'ਤੇ ਹੀ ਹਮਲਾ ਕਰ ਦਿੱਤਾ। ਇਸ ਵਿਚ ਹਰਜਿੰਦਰ ਦਾ ਹੱਥ ਵੱਢਿਆ ਗਿਆ।

**ਚੋਣ ਕਮਿਸ਼ਨ ਨੂੰ ਭੇਜੀ ਸ਼ਿਕਾਇਤ**

ਕਾਂਗਰਸ ਨੇ ਇਸ ਘਟਨਾ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਵੀ ਭੇਜੀ ਹੈ। ਸ਼ਿਕਾਇਤ ਵਿਚ ਲਿਖਿਆ ਹੈ ਕਿ ਹਲਕੇ ਵਿਚ ਪੈਸੇ ਵੰਡਣ ਤੋਂ ਰੋਕਣ ਲਈ ਚੋਣ ਕਮਿਸ਼ਨ ਨੂੰ ਵਿਸ਼ੇਸ਼ ਟੀਮਾਂ ਬਣਾਉਣੀਆਂ ਚਾਹੀਦੀਆਂ ਸਨ। ਡੀ.ਐਸ.ਪੀ. ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇਸ ਮਾਮਲੇ ਵਿਚ ਇਕ ਔਰਤ ਸਮੇਤ ਕੁੱਲ 8 ਵਿਅਕਤੀਆਂ 'ਤੇ ਕੇਸ ਦਰਜ ਕਰ ਲਿਆ ਗਿਆ ਹੈ। ਸਾਰੇ ਮੁਲਜ਼ਮ ਫਰਾਰ ਹਨ।



# ਰਾਜਸੀ ਤਬਦੀਲੀ ਦੇ ਦੂਤ ਪ੍ਰਵਾਸੀ ਪੰਜਾਬੀ

**ਹਰਜਿੰਦਰ ਢੇਸੀ**
HDhesi2001@Yahoo.com

**ਇਨ੍ਹਾਂ ਚੋਣਾਂ ਦਾ ਇਕ ਹੋਰ ਮਹੱਤਵਪੂਰਨ ਪਹਿਲੂ ਬਾਹਰਲੇ ਮੁਲਕਾਂ ਵਿਚ ਬੈਠੇ ਪੰਜਾਬੀਆ ਵੱਲੋਂ ਪੰਜਾਬ ਦੀ ਰਾਜਨੀਤੀ ਵਿਚ ਚੰਗਾ ਬਦਲ ਲਿਆਉਣ ਦੇ ਮਨਸ਼ੇ ਨਾਲ ਕੀਤੀ ਗਈ ਦਖ਼ਲਅੰਦਾਜ਼ੀ ਹੈ। ਵਿਦੇਸ਼ੀ ਵੱਸਦੇ ਪੰਜਾਬੀਆਂ ਦੀ ਦਿਲਚਸਪੀ ਹਮੇਸ਼ਾ ਪੰਜਾਬ ਨਾਲ ਜੁੜੀ ਰਹੀ ਹੈ ਪਰ ਇਸ ਵਾਰ ਜਿਵੇਂ ਯੋਜਨਾਬੱਧ ਤਰੀਕੇ ਨਾਲ ਇਹ ਕੋਸ਼ਿਸ਼ ਹੋਈ ਹੈ, ਇਹ ਨਵਾਂ ਕਰਮ ਹੈ। ਭਾਵੇਂ ਵਿਦੇਸ਼ੀ ਪੰਜਾਬੀਆਂ ਵਿਚ ਪੰਜਾਬ ਦੀ ਹਰ ਪਾਰਟੀ ਦੇ ਹਮਾਇਤੀ ਮੌਜੂਦ ਹਨ ਪਰ ਇਸ ਵਾਰ ਇਹ ਮਦਦ ਖ਼ਾਸ ਕਰ ਆਮ ਆਦਮੀ ਪਾਰਟੀ ਦੇ ਹੱਕ ਵਿਚ ਭੁਗਤੀ ਹੈ।**

ਚੋਣਾਂ ਨੂੰ ਲੋਕਤੰਤਰ ਦਾ ਧੁਰਾ ਸਮਝਿਆ ਜਾਂਦਾ ਹੈ ਅਤੇ ਪੰਜਾਬ, ਭਾਰਤ ਦੇ ਕਈ ਹੋਰ ਰਾਜਾਂ ਦੇ ਨਾਲ ਨਾਲ ਹੁਣੇ ਹੁਣੇ ਚੋਣਾਂ ਦੇ ਇਸ ਅਮਲ ਵਿਚੋਂ ਦੀ ਗੁਜ਼ਰਿਆ ਹੈ। ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਲਈ 4 ਫਰਵਰੀ ਨੂੰ ਹੋਈਆ ਇਹ ਚੋਣਾਂ ਮੋਟੇ ਤੌਰ 'ਤੇ ਅਮਨ-ਅਮਾਨ ਨਾਲ ਮੁਕੰਮਲ ਹੋਈਆਂ ਹਨ ਜਿਸ 'ਤੇ ਸਾਰੀਆਂ ਧਿਰਾਂ ਨੇ ਸੁਖ ਦਾ ਸਾਹ ਲਿਆ ਹੈ। ਹੁਣ ਰਾਜਨੀਤਕ ਪਾਰਟੀਆਂ ਅਤੇ ਲੋਕਾਂ ਨੂੰ ਚੋਣਾਂ ਦੇ ਨਤੀਜਿਆਂ ਲਈ ਇਕ ਮਹੀਨੇ ਤੋਂ ਵੀ ਲੰਬੀ ਇੰਤਜ਼ਾਰ ਕਰਨੀ ਹੋਵੇਗੀ। ਬਾਕੀ ਰਾਜਾਂ ਵਿਚ ਚੋਣਾਂ ਮੁਕੰਮਲ ਹੋਣ ਤੋਂ ਬਾਅਦ 11 ਮਾਰਚ ਨੂੰ ਗਿਣਤੀ ਸ਼ੁਰੂ ਹੋਵੇਗੀ ਅਤੇ ਨਤੀਜੇ ਸਾਹਮਣੇ ਆਉਣਗੇ। ਭਾਵੇਂ ਰਾਜਨੀਤਕ ਪਾਰਟੀਆਂ ਵੱਲੋਂ ਜਿੱਤ ਦੇ ਦਾਅਵੇ 11 ਮਾਰਚ ਤੱਕ ਹੀ ਜਾਰੀ ਰਹਿਣ ਦੀ ਆਸ ਹੈ ਪਰ ਇਸ ਵਾਰ ਵੋਟਰਾਂ ਨੇ ਆਪਣੇ ਮਨ ਦੀ ਗੱਲ ਬਹੁਤੀ ਜ਼ਾਹਰ ਨਹੀਂ ਕੀਤੀ ਅਤੇ ਬਹੁਤੇ ਸਰਵੇਖਣ ਵੀ ਅਟਕਲਪੱਚੂ ਹੀ ਸਾਬਤ ਹੋਣਗੇ।

ਇਨ੍ਹਾਂ ਚੋਣਾਂ ਵਿਚ ਕਈ ਦਿਲਚਸਪ ਪਹਿਲੂ ਸਾਹਮਣੇ ਆਏ ਹਨ। ਮੁੱਖ ਪਹਿਲੂ ਚੋਣ ਕਮਿਸ਼ਨ ਦਾ ਚੋਣਾਂ ਨੂੰ ਬਹੁਤ ਹੀ ਅਨੁਸ਼ਾਸਿਤ ਤਰੀਕੇ ਨਾਲ ਸਿਰੇ ਚੜ੍ਹਾ ਸਕਣਾ ਹੈ। ਚੋਣ ਕਮਿਸ਼ਨ ਨੇ ਸਖ਼ਤ ਚੋਣ ਜ਼ਾਬਤਾ ਲਾਗੂ ਕਰਵਾ ਕੇ ਲੱਠਮਾਰ ਰਾਜਨੀਤੀ ਨੂੰ ਘੱਟੋ-ਘੱਟ ਵੋਟਾਂ ਵਿਚ ਠੱਲ੍ਹ ਜ਼ਰੂਰ ਪਾ ਦਿੱਤੀ ਹੈ। ਨਹੀਂ ਤਾਂ ਚੋਣਾਂ ਤੋਂ ਪਹਿਲਾਂ ਜੋ ਪੰਜਾਬ ਦੇ ਹਾਲਾਤ ਸਨ, ਉਸ ਤੋਂ ਅਜਿਹਾ ਨਹੀਂ ਜੀ ਜਾਪਦਾ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਹਾਲਾਤ ਨੂੰ ਮੁੜ ਤੋਂ ਖ਼ਰਾਬ ਕਰਨ ਦੀਆਂ ਹੋ ਰਹੀਆਂ ਸਾਜ਼ਿਸ਼ਾਂ ਦੇ ਚੱਲਦਿਆਂ ਇਹ ਵੀ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਸੀ ਕਿ ਚੋਣਾਂ ਦੌਰਾਨ ਕੋਈ ਵੱਡੀ ਘਟਨਾ ਕਰਕੇ ਵੋਟਾਂ ਦੀ ਪ੍ਰਕਿਰਿਆ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਹੋ ਸਕਦੀ ਹੈ। ਉਂਜ ਵੀ ਪਿਛਲੇ ਕਈ ਸਾਲਾਂ ਤੋਂ ਨਿਆਂ ਪ੍ਰਬੰਧ ਦੀ ਅਣਹੋਂਦ ਹੇਠ, ਭਾਈ ਭਤੀਜਾਵਾਦ, ਭ੍ਰਿਸ਼ਟਾਚਾਰ ਅਤੇ ਰਾਜਨੀਤਕ ਗੁੰਡਾਗਰਦੀ ਨਾਲ ਗ੍ਰਸਿਆ ਪੰਜਾਬ ਇਕ ਤਰ੍ਹਾਂ ਨਾਲ ਅਰਾਜਕਤਾ ਦੀ ਜ਼ਿੰਦਗੀ ਹੰਢਾ ਰਿਹਾ ਹੈ। ਇਨ੍ਹਾਂ ਸਫਲ ਚੋਣਾਂ ਤੋਂ ਇਕ ਗੱਲ ਇਹ ਵੀ ਸਿੱਧ ਹੁੰਦੀ ਹੈ ਕਿ ਜੇ ਪ੍ਰਸ਼ਾਸਨ ਚਾਹੇ ਤਾਂ ਕਈ ਤਰ੍ਹਾਂ ਦੇ ਸਮਾਜ ਵਿਰੋਧੀ ਅਨਸਰਾਂ ਨੂੰ ਸੌਖਿਆਂ ਹੀ ਨੱਥ ਪਾਈ ਜਾ ਸਕਦੀ ਹੈ ਅਤੇ ਬਹੁਤੀ ਵਾਰ ਘਾਟ ਸਿਰਫ਼ ਰਾਜਨੀਤਕ ਇੱਛਾ ਸ਼ਕਤੀ ਦੀ ਹੀ ਹੁੰਦੀ ਹੈ।

ਇਨ੍ਹਾਂ ਚੋਣਾਂ ਦਾ ਇਕ ਹੋਰ ਮੁੱਖ ਪਹਿਲੂ ਵੋਟ ਪ੍ਰਕਿਰਿਆ ਵਿਚ ਪੰਜਾਬ ਦੀ ਨੌਜਵਾਨੀ ਵੱਲੋਂ ਪੂਰੇ ਉਤਸ਼ਾਹ ਨਾਲ ਕੀਤੀ ਸ਼ਮੂਲੀਅਤ ਹੈ। ਭਾਵੇਂ ਪਿਛਲੇ ਲੰਬੇ ਸਮੇਂ ਤੋਂ ਨਿੱਤ ਨਵੇਂ ਨਿਘਾਰ ਵੱਲ ਜਾ ਰਹੀ ਸਿਆਸਤ ਵਿਚ ਪੈਰ ਪਸਾਰ ਰਹੀ ਪਰਿਵਾਰ ਪ੍ਰਸਤੀ ਨੇ ਆਮ ਲੋਕਾਂ ਨੂੰ ਕਾਫ਼ੀ ਨਿਰਾਸ਼ ਕੀਤਾ ਹੋਇਆ ਸੀ ਪਰ ਜਿਵੇਂ ਕਹਿੰਦੇ ਹਨ ਕਿ ਆਸ ਦੀ ਕਿਰਨ ਵੀ ਹਨੇਰੇ ਵਿਚੋਂ ਹੀ ਪੁੰਗਰਦੀ ਹੈ। ਠੀਕ ਇਸੇ ਤਰ੍ਹਾਂ ਪੰਜਾਬ ਦੀ ਰਾਜਨੀਤੀ ਵਿਚ ਆਮ ਆਦਮੀ ਪਾਰਟੀ ਦੀ ਆਮਦ ਨੇ ਆਮ ਲੋਕਾਂ ਅਤੇ ਖ਼ਾਸ ਕਰ ਨੌਜਵਾਨਾਂ ਨੂੰ ਨਵੀਂ ਆਸ ਦਿਖਾਈ ਹੈ। ਇਨ੍ਹਾਂ ਵਿਚੋਂ ਬਹੁਤੇ ਨੌਜਵਾਨ ਸਿਆਸੀ ਪ੍ਰਕਿਰਿਆ ਵਿਚ ਪਹਿਲੀ ਵਾਰ ਹੀ ਹਿੱਸਾ ਲੈ ਰਹੇ ਹਨ। ਕਈਆਂ ਨੇ ਆਪਣੇ ਪਰਿਵਾਰਾਂ ਦੀ ਪੁਸ਼ਤਾਂ ਪੁਰਾਣੀ ਪਾਰਟੀਵਾਦ ਅਤੇ ਨੇਤਾ ਭਗਤੀ ਨੂੰ ਤਿਆਗ ਕੇ ਨਵੀਂ ਸੋਚ ਨਾਲ ਖੜ੍ਹਨ ਦਾ ਹੀਆ ਕੀਤਾ ਹੈ। ਨੌਜਵਾਨਾਂ ਦੇ ਇਸ ਉਤਸ਼ਾਹ ਵਿਚੋਂ ਨਵੇਂ ਬੁਲਾਰੇ ਅਤੇ ਨਵੇਂ ਨੇਤਾ ਪੈਦਾ ਹੋ ਰਹੇ ਹਨ।



ਭਾਵੇਂ ਬਹੁਤੀ ਹੱਦ ਤੱਕ ਇਹ ਰਾਜਸੀ ਸ਼ਕਤੀ ਆਪ ਮੁਹਾਰੀ ਹੈ ਅਤੇ ਇਕ ਢਾਂਚੇ ਜਾਂ ਜਥੇਬੰਦੀ ਦੀ ਅਣਹੋਂਦ ਵਿਚ ਇਕ ਆਸ ਦੇ ਮਗਰ ਹੀ ਤੁਰ ਰਹੀ ਹੈ ਅਤੇ 'ਆਪ' ਵਿਚ ਸਪਸ਼ਟ ਤੌਰ 'ਤੇ ਸਥਾਈ ਪ੍ਰੋਗਰਾਮ ਅਤੇ ਜਥੇਬੰਦਕ ਢਾਂਚੇ ਦੀ ਘਾਟ ਹੈ। ਪਾਰਟੀ ਵੱਲੋਂ ਉਠਾਏ ਬਹੁਤੇ ਨਾਅਰੇ ਅਤੇ ਵਾਅਦੇ ਵੀ ਪੰਜਾਬ ਦੀ ਸਥਾਪਤ ਰਾਜਨੀਤੀ ਦੀ ਤਰਜ਼ 'ਤੇ ਹੀ ਹਨ ਅਤੇ ਤੱਥਾਂ ਤੋਂ ਊਣੇ ਅਤੇ ਹਵਾਈ ਹਨ। ਵੋਟਾਂ ਤੋਂ ਪਹਿਲਾਂ ਪਾਰਟੀ ਵਿਚ ਉੱਭਰੀ ਪਾਰਟੀਬਾਜ਼ੀ ਅਤੇ ਦੂਸ਼ਣਬਾਜ਼ੀ ਨੇ ਵੀ ਕੁਝ ਲੋਕਾਂ ਨੂੰ ਨਿਰਾਸ਼ ਕੀਤਾ ਹੈ। 'ਆਪ' ਦੇ ਉਭਾਰ ਨੂੰ ਦੇਖਦਿਆਂ ਕਈ ਹੋਰ ਪਾਰਟੀਆਂ ਦੇ ਨੇਤਾਵਾਂ ਦਾ 'ਆਪ' ਦਾ ਉਮੀਦਵਾਰ ਬਣਨਾ ਵੀ ਲੋਕਾਂ ਦੇ ਮਨਾਂ ਵਿਚ ਕੁਝ ਸ਼ੰਕੇ ਖੜ੍ਹੇ ਕਰਦਾ ਹੈ। ਪਰ ਨਵੀਂ ਬਣੀ ਪਾਰਟੀ ਲਈ ਇਸ ਸਭ ਕੁਝ ਨਾਲ ਜੂਝਣਾ ਵੀ ਪ੍ਰਕਿਰਿਆ ਦਾ ਹੀ ਹਿੱਸਾ ਹੈ। ਉਂਜ ਸਮੇਂ ਦੀ ਸਰਕਾਰ ਵੱਲੋਂ ਮਚਾਈ ਹਨੇਰ ਗਰਦੀ ਵਿਚ ਕਿਸੇ ਨੇ 'ਆਪ' ਨੂੰ ਬਹੁਤਾ ਘੋਖਣ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ ਅਤੇ ਬਹੁਤੇ ਲੋਕੀਂ ਸ਼ਖ਼ਸੀਅਤ ਪ੍ਰਸਤੀ ਦਾ ਵੀ ਸ਼ਿਕਾਰ ਹੋਏ ਹਨ। ਬਹੁਤੇ ਲੋਕੀਂ ਇਸ ਗੱਲ ਦੇ ਮੁਦੱਈ ਹਨ ਕਿ ਇਸ ਨਵੀਂ ਬਣੀ ਪਾਰਟੀ ਨੂੰ ਇਕ ਮੌਕਾ ਦੇਣਾ ਚਾਹੀਦਾ ਹੈ ਅਤੇ ਜੇ ਇਹ ਮਾੜੇ ਵੀ ਹੋਣ ਤਾਂ ਵੀ ਪੰਜਾਬ ਨੇ ਜੋ ਪਿਛਲੇ ਸਾਲਾਂ ਵਿਚ ਹੰਢਾਇਆ ਹੈ, ਉਸ ਤੋਂ ਮਾੜੇ ਨਹੀਂ ਹੋ ਸਕਦੇ।

ਇਨ੍ਹਾਂ ਚੋਣਾਂ ਦਾ ਇਕ ਹੋਰ ਮਹੱਤਵਪੂਰਨ ਪਹਿਲੂ ਬਾਹਰਲੇ ਮੁਲਕਾਂ ਵਿਚ ਬੈਠੇ ਪੰਜਾਬੀਆ ਵੱਲੋਂ ਪੰਜਾਬ ਦੀ ਰਾਜਨੀਤੀ ਵਿਚ ਚੰਗਾ ਬਦਲ ਲਿਆਉਣ ਦੇ ਮਨਸ਼ੇ ਨਾਲ ਕੀਤੀ ਗਈ ਦਖ਼ਲਅੰਦਾਜ਼ੀ ਹੈ। ਵਿਦੇਸ਼ੀ ਵੱਸਦੇ ਪੰਜਾਬੀਆਂ ਦੀ ਦਿਲਚਸਪੀ ਹਮੇਸ਼ਾ ਪੰਜਾਬ ਨਾਲ ਜੁੜੀ ਰਹੀ ਹੈ ਪਰ ਇਸ ਵਾਰ ਜਿਵੇਂ ਯੋਜਨਾਬੱਧ ਤਰੀਕੇ ਨਾਲ ਇਹ ਕੋਸ਼ਿਸ਼ ਹੋਈ ਹੈ, ਇਹ ਨਵਾਂ ਕਰਮ ਹੈ। ਭਾਵੇਂ ਵਿਦੇਸ਼ੀ ਪੰਜਾਬੀਆਂ ਵਿਚ ਪੰਜਾਬ ਦੀ ਹਰ ਪਾਰਟੀ ਦੇ ਹਮਾਇਤੀ ਮੌਜੂਦ ਹਨ ਪਰ ਇਸ ਵਾਰ ਇਹ ਮਦਦ ਖ਼ਾਸ ਕਰ ਆਮ ਆਦਮੀ ਪਾਰਟੀ ਦੇ ਹੱਕ ਵਿਚ ਭੁਗਤੀ ਹੈ। ਇਸ ਮਦਦ ਵਿਚ ਵੱਖ ਵੱਖ ਸ਼ਹਿਰਾਂ ਵਿਚ ਜਥੇਬੰਦੀਆਂ ਕਾਇਮ ਕਰਕੇ ਫ਼ੰਡ ਇਕੱਤਰ ਕਰਨਾ, ਪੰਜਾਬ ਤੋਂ ਆਉਣ ਵਾਲੇ ਪਾਰਟੀ ਲੀਡਰਾਂ ਦਾ ਸਵਾਗਤ ਅਤੇ ਰੈਲੀਆਂ ਕਰਨੀਆਂ ਅਤੇ ਆਪਣੇ ਪੰਜਾਬੀ ਭੈਣਾਂ-ਭਰਾਵਾਂ, ਸਾਕ ਸੰਬੰਧੀਆਂ ਅਤੇ ਪੇਂਡੂਆਂ ਨੂੰ ਵੋਟਾਂ ਪਾਉਣ ਲਈ ਪ੍ਰੇਰਤ ਕਰਨਾ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਆਨਲਾਈਨ ਮੀਡੀਆ ਜਿਵੇਂ ਫੇਸਬੁੱਕ, ਯੂ ਟਿਊਬ ਅਤੇ ਵਟਸ ਅੱਪ ਦੀ ਸਹਾਇਤਾ ਨਾਲ ਪਾਰਟੀ ਦੀਆਂ ਰੈਲੀਆਂ, ਇਕੱਠਾਂ ਅਤੇ ਹੋਰ ਉਤਸ਼ਾਹਜਨਕ ਗੱਲਾਂ ਨੂੰ ਹੋਰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਵੀ ਕੀਤਾ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਲੋਕੀ ਵੋਟਾਂ ਦੇ ਦਿਨਾਂ ਵਿਚ ਆਪਣੇ ਸਕੇ ਸੰਬੰਧੀਆਂ ਅਤੇ ਹੋਰ ਪੰਜਾਬੀ ਵੋਟਰਾਂ ਨੂੰ ਪ੍ਰੇਰਨਾ ਦੇਣ ਲਈ ਪੰਜਾਬ ਵੀ ਪਹੁੰਚੇ ਹਨ। ਹਰ ਤਰ੍ਹਾਂ ਦੇ ਮੀਡੀਏ ਨੇ ਬਾਹਰੋਂ ਗਏ ਇਨ੍ਹਾਂ ਲੋਕਾਂ ਨੂੰ ਕਾਫ਼ੀ ਉਭਾਰਿਆ ਹੈ ਅਤੇ ਕਈਆਂ ਨੇ ਇਸ ਨੂੰ ਗ਼ਦਰੀ ਬਾਬਿਆਂ ਦੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਭਾਰਤ ਵੱਲ ਵਹੀਰਾਂ ਘੱਤਣ ਨਾਲ ਵੀ ਤੁਲਨਾ ਕੀਤੀ ਹੈ। ਭਾਵੇਂ ਗ਼ਦਰੀ ਬਾਬਿਆਂ ਦੀ ਲੜਾਈ ਵੱਖਰੀ, ਵਡੇਰੀ ਅਤੇ ਵੱਖਰੇ ਹਾਲਤਾਂ ਵਿਚ ਸੀ ਅਤੇ ਉਹ ਦੇਸ਼ ਲਈ ਆਪਣੀਆਂ ਜਾਨਾਂ ਤਲੀ 'ਤੇ ਧਰ ਵਿਦੇਸ਼ੀ ਹਕੂਮਤ ਨਾਲ ਟੱਕਰ ਲੈਣ ਲਈ ਆਪਣਾ ਸਭ ਕੁਝ ਨਿਸਾਰ ਕੇ ਤੁਰੇ ਸਨ ਪਰ ਫਿਰ ਵੀ ਅੱਜ ਦੇ ਸੰਦਰਭ ਵਿਚ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆ ਵੱਲੋਂ ਕੀਤੀ ਇਮਾਨਦਾਰ ਕੋਸ਼ਿਸ਼ ਦੀ ਵੀ ਸਰਾਹੁਣਾ ਕਰਨੀ ਬਣਦੀ ਹੈ।

ਪੰਜਾਬ ਵਿਚ 'ਆਪ' ਦਾ ਝੰਡਾ ਫੜ ਕੇ ਤੁਰਨ ਵਾਲੇ ਲੋਕਾਂ ਵਾਂਗ ਹੀ ਬਾਹਰਲੇ ਮੁਲਕਾਂ ਵਿਚੋਂ ਤੁਰੇ ਇਹ ਤਬਦੀਲੀ ਦੇ ਦੂਤ ਵੀ ਮੁੱਖ ਤੌਰ 'ਤੇ ਪੰਜਾਬ ਦੇ ਹੱਕਾਂ ਲਈ 'ਆਪ' 'ਤੇ ਦਾਅ ਖੇਡਣ ਤੁਰੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਪੂਰੀ ਇਮਾਨਦਾਰੀ ਅਤੇ ਸੁਹਿਰਦਤਾ ਨਾਲ ਆਪਣੇ ਜਾਤੀ ਹਿਤਾਂ ਨੂੰ ਪਾਸੇ ਰੱਖ ਕੇ ਆਮ ਆਦਮੀ ਪਾਰਟੀ ਨਾਲ ਇਸੇ ਆਸ ਵਿਚ ਖੜ੍ਹੇ ਹਨ ਕਿ ਸ਼ਾਇਦ ਇਹ ਪਾਰਟੀ ਹੀ ਪੰਜਾਬ ਨੂੰ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੀ ਜਿਲ੍ਹਣ ਵਿਚੋਂ ਬਾਹਰ ਕੱਢ ਸਕੇ। ਇਨ੍ਹਾਂ ਵਿਚੋਂ ਹੀ ਕਈ ਲੋਕੀਂ ਪਿਛਲੀ ਵਾਰ ਪੰਜਾਬ ਪੀਪਲਜ਼ ਪਾਰਟੀ ਦੇ ਨਾਲ ਖੜ੍ਹਨ ਵਾਲਿਆਂ ਵਿਚ ਵੀ ਸ਼ਾਮਲ ਸਨ, ਜਦੋਂ ਉਨ੍ਹਾਂ ਮਨਪ੍ਰੀਤ ਬਾਦਲ ਅਤੇ ਉਦੋਂ ਨਵੀਂ ਬਣੀ ਪੰਜਾਬ ਪੀਪਲਜ਼ ਪਾਰਟੀ ਤੋਂ ਸਿਫ਼ਤੀ ਤਬਦੀਲੀ ਲਿਆਉਣ ਦੀ ਆਸ ਲਾਈ ਸੀ।

ਪਿਛਲੇ 70 ਸਾਲਾਂ ਵਿਚ ਪੰਜਾਬ ਨੇ ਬਰਬਾਦੀ ਦੇ ਬੜੇ ਮੰਜ਼ਰ ਵੇਖੇ ਹਨ। ਦੇਸ਼ ਨੂੰ ਵਿਦੇਸ਼ੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਪੰਜਾਬ ਨੂੰ ਆਜ਼ਾਦੀ ਦਾ ਭਾਰੀ ਮੁੱਲ ਆਪਣੇ ਸਰੀਰ ਦੇ ਟੁਕੜੇ ਕਰਵਾ ਕੇ ਅਤੇ ਫਿਰ ਬਟਵਾਰੇ ਵਿਚ ਆਪਣੇ ਹਜ਼ਾਰਾਂ ਧੀਆਂ-ਪੁੱਤਰਾਂ ਦੇ ਕਤਲ ਕਰਵਾ ਕੇ ਚੁਕਾਉਣਾ ਪਿਆ। ਆਜ਼ਾਦੀ ਤੋਂ ਬਾਅਦ ਵੀ ਸਰਕਾਰਾਂ ਦੀ ਬਦ ਦਿਆਨਤਦਾਰੀ ਅਤੇ ਪੰਜਾਬ ਦੇ ਲੀਡਰਾਂ ਦੀ ਸੌੜੀ ਸੋਚ ਦੇ ਸਦਕਾ ਪੰਜਾਬ ਨਵੀਆਂ ਢਲਾਣਾਂ ਵੱਲ ਜਾਂਦਾ ਰਿਹਾ। ਕਦੀ ਨਕਸਲਵਾਦ ਅਤੇ ਫਿਰ ਖ਼ਾਲਿਸਤਾਨ ਦੀਆਂ ਲਹਿਰਾਂ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪੰਜਾਬ ਦੀ ਅਗਾਂਹਵਧੂ ਲਹਿਰ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਕੇ ਲੋਕ ਹਿਤਾਂ ਦੀ ਗੱਲ ਕਰਨ ਵਾਲਿਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ। ਪੰਜਾਬ ਵਿਚ ਮੌਕਿਆਂ ਦੀ ਘਾਟ ਕਾਰਨ ਨੌਜਵਾਨ ਵਿਦੇਸ਼ਾਂ ਵੱਲ ਭੱਜਣ ਲੱਗੇ ਅਤੇ ਬਾਕੀਆਂ ਨੂੰ ਨਸ਼ਿਆਂ ਦੀ ਭੱਠੀ ਵਿਚ ਝੋਕ ਦਿੱਤਾ। ਪੰਜਾਬ ਅਤੇ ਭਾਰਤ ਦੀ ਲੀਡਰਸ਼ਿਪ ਬਰਬਾਦੀ ਦਾ ਇਹ ਨਜ਼ਾਰਾ ਸ਼ਰੇਆਮ ਦੇਖਦੀ ਰਹੀ। ਬਾਹਰਲੇ ਮੁਲਕਾਂ ਵਿਚੋਂ ਤਬਦੀਲੀ ਦਾ ਝੰਡਾ ਬੁਲੰਦ ਕਰਨ ਵਾਲੇ ਬਹੁਤੇ ਲੋਕਾਂ ਨੇ ਇਹ ਬਰਬਾਦੀ ਆਪਣੀਆਂ ਅੱਖਾਂ ਨਾਲ ਦੇਖੀ ਅਤੇ ਆਪਣੇ ਪਿੰਡਿਆਂ 'ਤੇ ਹੰਢਾਈ ਹੈ ਅਤੇ ਉਹ ਆਪਣੇ ਪੰਜਾਬ ਨੂੰ ਫਿਰ ਤੋਂ ਹਰਿਆ ਭਰਿਆ ਅਤੇ ਖ਼ੁਸ਼ਹਾਲ ਕਰਨ ਲਈ ਇਮਾਨਦਾਰ ਕੋਸ਼ਿਸ਼ ਕਰ ਰਹੇ ਹਨ।

ਇਸ ਸਮੇਂ ਸਭ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦਾ ਭਵਿੱਖ ਵੋਟ ਬਕਸਿਆਂ ਵਿਚ ਬੰਦ ਹੈ ਅਤੇ ਕਿਸੇ ਤਰ੍ਹਾਂ ਦੀ ਭਵਿੱਖਬਾਣੀ ਕਰਨਾ ਵਾਜਬ ਨਹੀਂ। ਕਈ ਥਾਵਾਂ 'ਤੇ ਹੋਏ ਤਿਕੋਣੇ ਜਾਂ ਚਾਰ ਕੋਨੇ ਮੁਕਾਬਲਿਆਂ ਕਾਰਨ ਦਿਲਚਸਪ ਚੋਣ ਨਤੀਜੇ ਵੀ ਸਾਹਮਣੇ ਆ ਸਕਦੇ ਹਨ। ਕਿਸੇ ਪਾਰਟੀ ਨੂੰ ਸਪਸ਼ਟ ਬਹੁਮਤ ਨਾ ਮਿਲਣ ਦੇ ਰੂਪ ਵਿਚ ਕਿਸ ਤਰ੍ਹਾਂ ਦੀ ਤਿਗੜਮਬਾਜ਼ੀ ਸਾਹਮਣੇ ਆਉਂਦੀ ਹੈ, ਇਹ ਵੀ ਸਮਾਂ ਹੀ ਦੱਸੇਗਾ। ਪੰਜਾਬੀ ਵੋਟਰਾਂ ਅਤੇ ਬਾਹਰਲੇ ਮੁਲਕਾਂ ਦੇ ਪੰਜਾਬੀ ਸਪੋਰਟਰਾਂ ਵੱਲੋਂ ਸਿਫਤੀ ਤਬਦੀਲੀ ਲਈ ਲਾਈਆਂ ਆਸਾਂ ਕਿਥੋਂ ਤੱਕ ਪੂਰੀਆਂ ਹੁੰਦੀਆਂ ਹਨ, ਇਹ ਵੀ ਆਉਣ ਵਾਲਾ ਸਮਾਂ ਹੀ ਦੱਸੇਗਾ।

# ਦਿੱਲੀ ਕਮੇਟੀ ਦੇ ਨੇਤਾਵਾਂ ਦੀ ਸੁਰੱਖਿਆ ਦਾ ਭਾਰ ਪੰਜਾਬ ਸਿਰ ਪਾਇਆ

**ਬਠਿੰਡਾ/ਬਿਊਰੋ ਨਿਊਜ਼ :** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਨੇਤਾਵਾਂ ਦੀ ਸੁਰੱਖਿਆ ਦਾ ਬੋਝ ਪੰਜਾਬ ਸਰਕਾਰ ਚੁੱਕ ਰਹੀ ਹੈ। ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਦੀ ਰਿਪੋਰਟ ਅਨੁਸਾਰ ਪੰਜਾਬ ਪੁਲੀਸ ਨੇ ਇਨ੍ਹਾਂ ਆਗੂਆਂ ਨੂੰ ਚਾਰ ਜਿਪਸੀਆਂ ਵੀ ਦਿੱਤੀਆਂ ਹੋਈਆਂ ਹਨ ਅਤੇ ਇਨ੍ਹਾਂ ਦਾ ਤੇਲ ਵੀ ਪੰਜਾਬ ਦੇ ਖ਼ਜ਼ਾਨੇ ਵਿਚੋਂ ਪੈ ਰਿਹਾ ਹੈ। ਹੁਣ ਦਿੱਲੀ ਕਮੇਟੀ ਦੀਆਂ ਚੋਣਾਂ ਹਨ ਜਿਸ ਕਰਕੇ ਇਨ੍ਹਾਂ ਨੇਤਾਵਾਂ ਨੂੰ ਦਿੱਤੀਆਂ ਜਿਪਸੀਆਂ ਦਾ ਤੇਲ ਖਰਚਾ ਵੀ ਵੱਧ ਜਾਣਾ ਹੈ। ਚੋਣ ਕਮਿਸ਼ਨ ਨੇ ਇਨ੍ਹਾਂ ਆਗੂਆਂ ਤੋਂ ਗੰਨਮੈਨ ਵਾਪਸ ਲੈਣ ਦੀ ਹਦਾਇਤ ਕਰ ਦਿੱਤੀ ਸੀ ਪਰ ਸਿਆਸੀ ਦਬਾਅ ਕਰਕੇ ਇਨ੍ਹਾਂ ਆਗੂਆਂ ਤੋਂ ਸੁਰੱਖਿਆ ਵਾਪਸ ਲੈਣ ਵਾਲੀ ਫਾਈਲ ਪੰਜਾਬ ਪੁਲੀਸ ਦੇ ਉੱਚ ਅਫਸਰਾਂ ਨੇ ਦੱਬ ਲਈ ਹੈ।

ਪੰਜਾਬ ਪੁਲੀਸ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਤੇ ਕਾਰਜਕਾਰੀ ਮੈਂਬਰ ਅਵਤਾਰ ਸਿੰਘ ਹਿੱਤ ਨਾਲ ਕਰੀਬ ਦੋ ਦਰਜਨ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਹੋਏ ਹਨ। ਡੀ.ਜੀ.ਪੀ. (ਸੁਰੱਖਿਆ) ਪੰਜਾਬ ਨੇ 29 ਨਵੰਬਰ 2011 ਨੂੰ ਪੱਤਰ ਨੰਬਰ 31683 ਜਾਰੀ ਕਰਕੇ ਅਵਤਾਰ ਸਿੰਘ ਹਿੱਤ ਨੂੰ ਬਤੌਰ ਪ੍ਰਧਾਨ (ਸ਼੍ਰੋਮਣੀ ਅਕਾਲੀ ਦਲ ਦਿੱਲੀ), ਪੀ.ਬੀ 12 ਐਫ 7184 ਜਿਪਸੀ ਅਲਾਟ ਕੀਤੀ ਸੀ ਜਿਸ ਲਈ ਪ੍ਰਤੀ ਮਹੀਨਾ 290 ਲੀਟਰ ਤੇਲ ਵੀ ਤੈਅ ਕੀਤਾ ਗਿਆ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ ਨੂੰ ਇੱਕ ਸਰਕਾਰੀ ਜਿਪਸੀ ਅਤੇ ਕਰੀਬ ਪੰਜ ਸੁਰੱਖਿਆ ਮੁਲਾਜ਼ਮ ਦਿੱਤੇ ਹਨ। ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੂੰ ਕਰੀਬ ਦਰਜਨ ਗੰਨਮੈਨ ਅਤੇ ਦੋ ਜਿਪਸੀਆਂ ਦਿੱਤੀਆਂ ਹੋਈਆਂ ਹਨ। ਪੰਜਾਬ ਪੁਲੀਸ ਨੇ ਪਹਿਲਾਂ ਇੱਕ ਜਿਪਸੀ ਦਿੱਲੀ ਵਾਸਤੇ ਦਿੱਤੀ ਹੋਈ ਸੀ ਅਤੇ ਕੁਝ ਸਮੇਂ ਮਗਰੋਂ ਇੱਕ ਜਿਪਸੀ ਚੰਡੀਗੜ੍ਹ ਵਾਸਤੇ ਉਨ੍ਹਾਂ ਨੂੰ ਹੋਰ ਦੇ ਦਿੱਤੀ ਗਈ। ਮਨਜਿੰਦਰ ਸਿਰਸਾ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਕੈਬਨਿਟ ਰੈਂਕ ਦਿੱਤਾ ਹੋਇਆ ਹੈ ਜਿਸ ਕਰਕੇ ਸੁਰੱਖਿਆ ਮਿਲੀ ਹੈ। ਸੂਤਰ ਆਖਦੇ ਹਨ ਕਿ ਜਿਨ੍ਹਾਂ ਹੋਰਨਾਂ ਨੂੰ ਕੈਬਨਿਟ ਰੈਂਕ ਦਿੱਤੇ ਗਏ ਹਨ, ਉਨ੍ਹਾਂ ਤੋਂ ਸੁਰੱਖਿਆ ਵਾਪਸ ਲੈ ਗਈ ਹੈ ਪਰ ਸਿਰਸਾ ਤੋਂ ਸੁਰੱਖਿਆ ਵਾਪਸ ਕਿਉਂ ਨਹੀਂ ਲਈ ਗਈ?

ਇਸੇ ਤਰ੍ਹਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰਨੀ ਮੈਂਬਰ ਅਵਤਾਰ ਸਿੰਘ ਹਿੱਤ ਨੂੰ ਵੀ ਇੱਕ ਜਿਪਸੀ ਤੋਂ ਇਲਾਵਾ ਕਰੀਬ ਪੰਜ ਮੁਲਾਜ਼ਮ ਵੀ ਦਿੱਤੇ ਹੋਏ ਹਨ। ਸ੍ਰੀ ਹਿੱਤ ਦਾ ਪ੍ਰਤੀਕਰਮ ਸੀ ਕਿ ਜਿਪਸੀ ਖਰਾਬ ਹੋਈ ਖੜੀ ਹੈ ਅਤੇ ਉਸ ਨੇ ਚਾਰ ਗੰਨਮੈਨ ਵਾਪਸ ਭੇਜ ਦਿੱਤੇ ਹਨ ਅਤੇ ਇੱਕ ਬਾਕੀ ਰਹਿ ਗਿਆ ਹੈ। ਉਨ੍ਹਾਂ ਆਖਿਆ ਕਿ ਉਹ ਸੱਭਿਆਚਾਰਕ ਬੋਰਡ ਦੇ ਚੇਅਰਮੈਨ ਰਹੇ ਹਨ, ਜਿਸ ਕਰਕੇ ਇਹ ਸੁਰੱਖਿਆ ਮਿਲੀ ਹੈ। ਸੂਤਰ ਦੱਸਦੇ ਹਨ ਕਿ ਜਦੋਂ ਇਨ੍ਹਾਂ ਆਗੂਆਂ ਤੋਂ ਗੰਨਮੈਨ ਵਾਪਸੀ ਲਈ ਚੋਣ ਕਮਿਸ਼ਨ ਨੇ ਹਦਾਇਤ ਕੀਤੀ ਤਾਂ ਪੁਲੀਸ ਦੇ ਹੇਠਲੇ ਅਫਸਰਾਂ ਨੇ ਫੌਰੀ ਗੰਨਮੈਨ ਵਾਪਸੀ ਲਈ ਨੋਟਿੰਗ ਲਗਾ ਦਿੱਤੀ ਪਰ ਉਪਰਲੇ ਅਫਸਰਾਂ ਕੋਲ ਇਸ ਫਾਈਲ ਨੂੰ ਬਰੇਕ ਲੱਗ ਗਈ। ਸੂਤਰ ਆਖਦੇ ਹਨ ਕਿ ਇਹ ਨੇਤਾ ਦਿੱਲੀ ਦੇ ਵਸਨੀਕ ਹਨ ਅਤੇ ਇਨ੍ਹਾਂ ਨੂੰ ਪੰਜਾਬ ਵਿੱਚੋਂ ਸੁਰੱਖਿਆ ਮਿਲ ਨਹੀਂ ਸਕਦੀ ਹੈ। ਏ.ਡੀ.ਜੀ.ਪੀ. ਭਾਵੜਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਯਾਦ ਨਹੀਂ ਹੈ ਕਿ ਦਿੱਲੀ ਦੇ ਆਗੂ ਸੁਰੱਖਿਆ ਵਾਪਸੀ ਵਾਲੀ ਸੂਚੀ ਵਿੱਚ ਸਨ ਜਾਂ ਨਹੀਂ।

**ਡੇਰਾ ਪ੍ਰਬੰਧਕਾਂ ਨੂੰ ਵੀ ਦਿੱਤੀਆਂ ਜਿਪਸੀਆਂ :**

ਸਰਕਾਰੀ ਸੂਚਨਾ ਅਨੁਸਾਰ ਪੰਜਾਬ ਪੁਲੀਸ ਨੇ ਡੇਰਾ ਸਿਰਸਾ ਦੇ ਸਲਾਬਤਪੁਰਾ ਡੇਰਾ ਦੇ ਮੁੱਖ ਪ੍ਰਬੰਧਕ ਜ਼ੋਰਾ ਸਿੰਘ ਨੂੰ ਵੀ ਜਿਪਸੀ (ਪੀ.ਬੀ 12 ਡੀ 0052) ਦਿੱਤੀ ਹੋਈ ਹੈ ਅਤੇ ਉਸ ਦਾ ਪ੍ਰਤੀ ਮਹੀਨਾ 290 ਲੀਟਰ ਤੇਲ ਵੀ ਤੈਅ ਕੀਤਾ ਹੋਇਆ ਹੈ। ਇਸੇ ਤਰ੍ਹਾਂ ਬਾਬਾ ਗੁਰਬਚਨ ਸਿੰਘ ਡੇਰਾ ਬੱਦੋ ਅਤੇ ਬਾਬਾ ਨਿਰਮਲ ਦਾਸ ਜੌੜੇ ਵਾਲਾ ਨੂੰ ਵੀ ਜਿਪਸੀ ਅਲਾਟ ਕੀਤੀ ਗਈ ਅਤੇ ਪ੍ਰਤੀ ਜਿਪਸੀ 290 ਲੀਟਰ ਤੇਲ ਅਲਾਟ ਕੀਤਾ ਗਿਆ।

## ਹਾਈ ਕੋਰਟ ਨੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾ ਨੂੰ ਕਿਹਾ :

### ਸਮਾਧੀ-ਸਮਾਧੀ ਕਰ ਰਹੇ ਹੋ, ਕਿਸੇ ਭਗਤ ਨੂੰ ਕਹੋ ਕਿ ਉਹ ਸਮਾਧੀ ਲਾਏ, ਇੰਤਜ਼ਾਮ ਅਸੀਂ ਕਰਾਂਗੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਦਿਵਯ ਜਯੋਤੀ ਜਾਗ੍ਰਿਤੀ ਸੰਸਥਾ ਦੇ ਮੁਖੀ ਆਸ਼ੁਤੋਸ਼ ਦੀ ਸਮਾਧੀ ਦੇ ਮਾਮਲੇ ਵਿਚ ਉਨ੍ਹਾਂ ਦੇ ਕਥਿਤ ਪੁੱਤਰ ਦਲੀਪ ਕੁਮਾਰ ਝਾਅ ਤੇ ਸੰਸਥਾ ਦੀਆਂ ਦਲੀਲਾਂ ਮੰਗਲਵਾਰ ਨੂੰ ਪੂਰੀਆਂ ਹੋ ਗਈਆਂ। ਦਲੀਪ ਨੇ ਮੰਗ ਕੀਤੀ ਕਿ ਉਨ੍ਹਾਂ ਦੇ ਪਿਤਾ ਦੇ ਸਸਕਾਰ ਦੀ ਆਗਿਆ ਦਿੱਤੀ ਜਾਵੇ। ਉਧਰ ਸੰਸਥਾ ਨੇ ਕਿਹਾ ਕਿ ਮਹਾਰਾਜ ਸਮਾਧੀ ਵਿਚ ਹਨ। ਜੇਕਰ ਉਨ੍ਹਾਂ ਦਾ ਅੰਤਿਮ ਸਸਕਾਰ ਕੀਤਾ ਤਾਂ ਸਮਰਥਕਾਂ ਦੀਆਂ ਭਾਵਨਾਵਾਂ ਨੂੰ ਸੱਟ ਵਜੇਗੀ। ਇਸ 'ਤੇ ਜਸਟਿਸ ਮਹੇਸ਼ ਗਰੋਵਰ ਨੇ ਕਿਹਾ ਕਿ ਉਹ ਸਮਾਧੀ 'ਤੇ ਕੋਈ ਟਿੱਪਣੀ ਨਹੀਂ ਕਰਨਗੇ ਕਿਉਂਕਿ ਇਸ ਬਾਰੇ ਕੋਈ ਕਾਨੂੰਨ ਨਹੀਂ ਹੈ। ਵਾਰ ਵਾਰ ਸਮਾਧੀ ਦੀ ਗੱਲ ਕਹਿਣ 'ਤੇ ਅਦਾਲਤ ਨੇ ਸੰਸਥਾ ਨੂੰ ਕਿਹਾ ਕਿ ਉਹ ਕਿਸੇ ਭਗਤ ਨੂੰ ਸਮਾਧੀ ਲਾਉਣ ਲਈ ਕਹਿਣ। ਅਦਾਲਤ ਸਾਰਾ ਇੰਤਜ਼ਾਮ ਕਰੇਗੀ। ਸੰਸਥਾ ਦੇ ਵਕੀਲ ਨੇ ਕਿਹਾ ਕਿ ਹਾਲੇ ਕੋਈ ਭਗਤ ਏਨੀ ਉਚਾਈ 'ਤੇ ਨਹੀਂ ਪਹੁੰਚਿਆ ਕਿ ਉਹ ਸਮਾਧੀ ਲਾ ਸਕੇ। ਉਧਰ ਦਲੀਪ ਤੋਂ ਅਦਾਲਤ ਨੇ ਪੁਛਿਆ, ਕਿਹੜਾ ਮੌਲਿਕ ਅਧਿਕਾਰ ਕਹਿੰਦਾ ਹੈ ਕਿ ਪੁੱਤ ਹੀ ਪਿਤਾ ਦਾ ਸਸਕਾਰ ਕਰੇ। ਕੀ ਇਹ ਜ਼ਰੂਰੀ ਹੈ। ਦਲੀਲਾਂ ਪੂਰੀਆਂ ਹੋਣ 'ਤੇ ਸਰਕਾਰ ਦੇ ਸਾਲੀਸਿਟਰ ਪਹਿਲੀ ਮਾਰਚ ਨੂੰ ਪੱਖ ਰੱਖਣਗੇ।

# ਬਜ਼ੁਰਗ ਬਾਦਲ ਲਈ ਸੱਚ ਪਛਾਨਣ ਦਾ ਵੇਲਾ

**ਪੁੱਤਰ-ਮੋਹ ਦੇ ਵੱਸ ਪੈ ਕੇ ਸ੍ਰੀ ਬਾਦਲ ਨੇ ਬੜਾ ਵੱਡਾ ਜੋਖ਼ਿਮ ਪੱਲੇ ਪਾ ਲਿਆ ਹੈ। ਜੇ ਅਕਾਲੀ-ਭਾਜਪਾ ਗਠਜੋੜ ਵੀ ਜਿੱਤ ਜਾਵੇ ਤੇ ਬਾਦਲ ਪਿਓ-ਪੁੱਤ ਆਪ ਵੀ ਜਿੱਤ ਜਾਣ ਤਾਂ ਮੁੱਖ ਮੰਤਰੀ ਦੀ ਗੱਦੀ ਉੱਤੇ ਸੁਖਬੀਰ ਹੀ ਬਿਰਾਜਮਾਨ ਹੋਵੇਗਾ। ਜੇ ਅਕਾਲੀ ਦਲ ਹਾਰ ਜਾਵੇ ਤੇ ਸ੍ਰੀ ਬਾਦਲ ਜਿੱਤ ਵੀ ਜਾਣ, ਸੁਖਬੀਰ ਦੇ ਪਾਰਟੀ-ਪ੍ਰਧਾਨ ਹੋਣ ਦੇ ਬਾਵਜੂਦ ਹਾਰ ਦੀ ਨਮੋਸ਼ੀ ਸ੍ਰੀ ਬਾਦਲ ਦੀ ਝੋਲ਼ੀ ਹੀ ਪਵੇਗੀ। ਜੇ ਪਾਰਟੀ ਤੇ ਬਾਦਲ, ਦੋਵਾਂ ਦੇ ਪੱਲੇ ਹਾਰ ਪੈ ਜਾਵੇ, ਨਮੋਸ਼ੀ ਪੁਆਉਣ ਲਈ ਸ੍ਰੀ ਬਾਦਲ ਦੀ ਵੱਡੀ ਝੋਲ਼ੀ ਵੀ ਛੋਟੀ ਰਹਿ ਜਾਵੇਗੀ। ਉਨ੍ਹਾਂ ਦੇ ਹਲਕੇ ਵਿਚੋਂ ਜੋ 'ਆਵਾਜ਼-ਏ-ਖ਼ਲਕ' ਆ ਰਹੀ ਹੈ, ਉਹ ਵੱਡੇ ਬਾਦਲ ਨੂੰ ਕੋਈ ਧਰਵਾਸ ਦੇਣ ਵਾਲ਼ੀ ਨਹੀਂ, ਤੇ 'ਆਵਾਜ਼-ਏ-ਖ਼ਲਕ' ਨੂੰ ਸਿਆਣਿਆਂ ਨੇ 'ਨੱਕਾਰਾ-ਏ-ਖ਼ੁਦਾ', ਖ਼ੁਦਾ ਦਾ ਨਗਾਰਾ ਕਿਹਾ ਹੈ।**

**ਗੁਰਬਚਨ ਸਿੰਘ ਭੁੱਲਰ**
(ਸੰਪਰਕ: 011-42502364)

ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ ਮਸ਼ੀਨ ਉੱਤੇ ਉਂਗਲ ਮਾਰਨ ਦਾ ਦਿਨ ਆਖ਼ਰ ਆ ਹੀ ਪਹੁੰਚਿਆ ਹੈ। ਚਿਰਾਂ ਤੋਂ ਰਵਾਇਤੀ ਪਾਰਟੀਆਂ,



ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ, ਵਿਚਕਾਰ "ਦੋਹੀਂ ਦਲੀਂ ਮੁਕਾਬਲਾ" ਹੁੰਦਾ ਰਿਹਾ ਸੀ। "ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕੋਈ ਨਹੀਂ ਸੀ ਤੀਸਰੀ ਜ਼ਾਤ ਆਹੀ।" ਦੋਹਾਂ ਦਲਾਂ ਦੀਆਂ ਰਣਭੇਰੀਆਂ ਤਾਂ ਵਜਦੀਆਂ ਸਨ ਪਰ ਬਹੁਤੀਆਂ ਤਿੱਖੀਆਂ ਨਹੀਂ। ਇਸ ਵਾਰ ਤੀਸਰੀ ਜ਼ਾਤ, ਆਮ ਆਦਮੀ ਪਾਰਟੀ ਦੇ ਪਰਗਟ ਹੋਣ ਨਾਲ ਮੁਕਾਬਲਾ ਬਹੁਤ ਵੱਧ ਤਿੱਖਾ ਤੇ ਦਿਲਚਸਪ ਹੋ ਗਿਆ ਹੈ। ਕਾਂਗਰਸੀਆਂ ਅਤੇ ਅਕਾਲੀਆਂ ਦੀ ਸ਼ਾਂਤਮਈ ਸਹਿਹੋਂਦ ਨੇ ਸਿਆਸਤ ਜਿਹੀ ਬੋਝਲ ਜ਼ਿੰਮੇਵਾਰੀ ਨੂੰ "ਉੱਤਰ ਕਾਟੋ ਮੈਂ ਚੜ੍ਹਾਂ, ਮੇਰੀ ਵਾਰੀ ਆਈ ਐ" ਦੀ ਮਨਮੌਜੀ ਖੇਡ ਬਣਾਇਆ ਹੋਇਆ ਸੀ। ਆਮ ਆਦਮੀ ਪਾਰਟੀ ਦੀ ਆਮਦ ਨਾਲ "ਰਾਜ਼ੀ ਬਹੁਤ ਰਹਿੰਦੇ ਪੰਜਾ ਤੱਕੜੀ ਸੀ, ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ!" ਵਾਲੀ ਗੱਲ ਹੋ ਗਈ ਹੈ।

ਜੇ ਬੋਲ-ਕੁਬੋਲ ਦੀ ਜਰੀਬ ਨਾਲ ਮਿਣਿਆ ਜਾਵੇ ਤਾਂ ਜੱਦੀ-ਪੁਸ਼ਤੀ ਸ਼ਰੀਕੇਬਾਜ਼ ਅਕਾਲੀ ਤੇ ਕਾਂਗਰਸੀ ਇਕ ਦੂਜੇ ਨੂੰ ਚਾਂਦਮਾਰੀ ਤੋਂ ਲਗਭਗ ਬਾਹਰ ਕਰ ਕੇ ਜਿਵੇਂ ਆਮ ਆਦਮੀ ਪਾਰਟੀ ਨੂੰ ਰਸੀਲੀਆਂ ਨਫ਼ਰਤੀ ਗਾਲ੍ਹਾਂ ਦਿੰਦੇ ਹਨ, ਉਸ ਤੋਂ ਸਾਬਤ ਹੋ ਜਾਂਦਾ ਹੈ ਕਿ ਉਹਨਾਂ ਨੂੰ ਤੀਜੀ ਧਿਰ ਦਾ ਖ਼ੌਫ਼ ਕੁਝ ਬਹੁਤਾ ਹੀ ਸਤਾ ਰਿਹਾ ਹੈ। ਇਸੇ ਕਰਕੇ ਉਹ ਇਸ ਨੂੰ ਸਿਆਸੀ ਸ਼ਰੀਕ ਸਮਝਣ ਦੀ ਥਾਂ ਨਿੱਜੀ ਵੈਰੀ ਸਮਝਦੀਆਂ ਹਨ। ਵੈਰੀ ਬਾਬਤ ਜਦੋਂ ਕਵੀ ਨੇ "ਸ਼ਾਹ ਮੁਹੰਮਦਾ ਵੈਰੀ ਨੂੰ ਜਾਨ ਹਾਜ਼ਰ, ਸਦਾ ਰੱਖੀਏ ਵਿਚ ਧਿਆਨ ਦੇ ਜੀ" ਦੀ ਸਿੱਖਿਆ ਦਿੱਤੀ ਸੀ, ਉਸ ਨੇ 'ਧਿਆਨ' ਵਿਚ ਬੋਲ-ਕੁਬੋਲ ਸ਼ਾਮਲ ਨਹੀਂ ਕੀਤੇ ਸਨ। ਅਮਰਿੰਦਰ ਸਿੰਘ ਅਠਾਰਵੀਂ ਸਦੀ ਤੋਂ ਤੁਰੇ ਆਪਣੇ ਰਾਜ-ਘਰਾਣੇ ਅਤੇ ਪ੍ਰਕਾਸ਼ ਸਿੰਘ ਬਾਦਲ ਵੀਹਵੀਂ ਸਦੀ ਤੋਂ ਤੁਰੇ ਆਪਣੇ ਰਾਜ-ਘਰਾਣੇ ਦੇ ਹਉਂ-ਹੰਕਾਰ ਵਿਚ ਆਮ ਆਦਮੀ ਪਾਰਟੀ ਵਾਲਿਆਂ ਨੂੰ ਛੋਟੇ ਬੰਦੇ, ਟੋਪੀਆਂ ਵਾਲ਼ੇ, ਲੁਟੇਰੇ, ਧਾੜਵੀ, ਤੁੱਛ ਆਦਮੀ, ਅਤਿਵਾਦੀ, ਖਾਲਿਸਤਾਨੀ, ਨਕਸਲੀਏ, ਪਾਕਿਸਤਾਨੀ ਆਈ.ਐਸ.ਆਈ. ਦੇ ਏਜੰਟ ਤੇ ਹੋਰ ਪਤਾ ਨਹੀਂ ਕੀ ਕੀ ਆਖ ਕੇ ਮਿਹਣਾ ਮਾਰਦੇ ਹਨ ਕਿ ਤੁਹਾਡੇ ਪੱਲੇ ਕੀ ਹੈ? ਅਜਿਹੇ ਮੌਕੇ ਉਹ ਪ੍ਰਸਿੱਧ ਵਾਰਤਾਲਾਪ ਯਾਦ ਆ ਜਾਂਦਾ ਹੈ ਜਿਸ ਵਿਚ ਇਕ ਭਾਈ ਦੂਜੇ ਨੂੰ ਮਿਹਣਾ ਮਾਰਦਾ ਹੈ, "ਮੇਰੇ ਪਾਸ ਪੈਸਾ ਹੈ, ਬੰਗਲਾ ਹੈ, ਗਾੜੀ ਹੈ, ਨੌਕਰ ਹੈਂ, ਬੈਂਕ ਬੈਲੈਂਸ ਹੈ, ਤੁਮਹਾਰੇ ਪਾਸ ਕਿਆ ਹੈ?" ਦੂਜਾ ਜਵਾਬ ਦਿੰਦਾ ਹੈ, "ਮੇਰੇ ਪਾਸ ਮਾਂ ਹੈ!" ਬੱਸ ਇਨ੍ਹਾਂ ਚੋਣਾਂ ਦੀ ਵੀ ਇਹੋ ਘੁੰਡੀ ਹੈ ਕਿ ਆਮ ਆਦਮੀ ਪਾਰਟੀ ਕੋਲ ਜਨਤਾ-ਰੂਪੀ ਮਾਂ ਹੈ!

ਹਾਕਮ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਵਿਰੋਧੀਆਂ ਨਾਲ ਸਿੱਝਣ ਲਈ ਕਰਨੀਆਂ ਦਾ ਪਟਾਰਾ ਲਗਭਗ ਖਾਲੀ ਹੋਣ ਦੇ ਬਾਵਜੂਦ ਲੱਛੇਦਾਰ ਕਥਨੀਆਂ ਦਾ ਅਮੁੱਕ ਭੰਡਾਰ ਹੈ। ਕਦੀ ਉਹ ਪਾਣੀ ਵਿਚ ਬੱਸਾਂ ਚਲਾਉਂਦਾ ਹੈ, ਕਦੀ ਹਵਾ ਵਿਚ ਕਿਸ਼ਤੀਆਂ ਉਡਾਉਂਦਾ ਹੈ ਤੇ ਕਦੀ ਧਰਤੀ ਉੱਤੇ ਉਡਣ ਖਟੋਲੇ ਰੇੜ੍ਹਦਾ ਹੈ। ਪਰ ਮੁਸ਼ਕਿਲ ਇਹ ਹੈ ਕਿ ਨੰਗ-ਭੁੱਖ, ਬੇਰੁਜ਼ਗਾਰੀ, ਨਸ਼ਿਆਂ, ਰੋਗਾਂ ਤੇ ਖ਼ੁਦਕੁਸ਼ੀਆਂ ਦੀ ਘੁੰਮਣਘੇਰੀ ਵਿਚ ਫਸੇ ਹੋਏ ਪੰਜਾਬ ਦੇ ਲੋਕਾਂ ਨੇ ਕਰਨੀ ਤੋਂ ਸੱਖਣੀ ਉਹਦੀ ਕਥਨੀ ਨੂੰ ਚਿਰਾਂ ਤੋਂ ਕੋਈ ਅਹਿਮੀਅਤ ਦੇਣੀ ਛੱਡ ਦਿੱਤੀ ਹੋਈ ਹੈ। ਕੇਂਦਰੀ ਮੰਤਰੀ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਜਿਹੀਆਂ ਪਦਵੀਆਂ ਉੱਤੇ ਰਹਿਣ ਨਾਲ ਵੀ ਉਹਨੂੰ ਉਹ ਸਿਆਸੀ ਕੱਦ ਹਾਸਲ ਨਹੀਂ ਹੋ ਸਕਿਆ ਜੋ ਸਹਿਜੇ ਹੀ ਹੋ ਜਾਣਾ ਚਾਹੀਦਾ ਸੀ। ਇਹੋ ਕਾਰਨ ਹੈ ਕਿ ਗੁਣ-ਦੋਸ਼ ਵਲੋਂ ਅੱਖਾਂ ਮੀਟਦਿਆਂ ਧ੍ਰਿਤਰਾਸ਼ਟਰ ਤੋਂ ਸੋਨੀਆ ਗਾਂਧੀ ਤੱਕ ਤੁਰੀ ਆ ਰਹੀ ਪੁੱਤਰ-ਮੋਹ ਦੀ ਪਰੰਪਰਾ ਦੇ ਅਨਿਨ ਵਿਸ਼ਵਾਸੀ ਹੁੰਦਿਆਂ ਵੀ ਸ੍ਰੀ ਬਾਦਲ, ਖਾਸ ਕਰਕੇ ਦੂਜੇ ਕਾਰਜਕਾਲ ਵਿਚ, ਉਹਦਾ ਰਾਜ-ਤਿਲਕ ਕਰਨ ਤੋਂ ਕੰਨੀਂ ਕਤਰਾਉਂਦੇ ਰਹੇ।

ਇਸ ਮੰਤਵ ਨਾਲ ਉਨ੍ਹਾਂ ਨੇ ਭਾਰਤੀ ਸੂਬਿਆਂ ਦੀਆਂ ਗਠਜੋੜੀ ਸਰਕਾਰਾਂ ਵਿਚ ਉਪ ਮੁੱਖ ਮੰਤਰੀ ਦੀ ਪਦਵੀ ਦੂਜੀ ਵੱਡੀ ਪਾਰਟੀ ਨੂੰ ਦੇਣ ਦੀ ਸਥਾਪਤ ਹੋ ਚੁੱਕੀ ਪ੍ਰੰਪਰਾ ਦੀ ਵੀ ਪਰਵਾਹ ਨਹੀਂ ਕੀਤੀ ਅਤੇ ਦੋਵੇਂ ਪਦਵੀਆਂ ਆਪਣੀ ਪਾਰਟੀ ਦੀ, ਸਗੋਂ ਆਪਣੇ ਪਰਿਵਾਰ ਦੀ ਝੋਲ਼ੀ



ਵਿਚ ਪਾ ਲਈਆਂ। ਇਹ ਸੁਖਬੀਰ ਸਿੰਘ ਬਾਦਲ ਦੇ ਰਾਜ ਤਿਲਕ ਵੱਲ ਅਹਿਮ ਕਦਮ ਸੀ। ਪਰ ਕੋਈ ਬਾਹਰੀ ਰੁਕਾਵਟ ਨਾ ਹੁੰਦਿਆਂ ਵੀ ਬਾਦਲ ਨਿਰਣਈ ਕਦਮ ਨਾ ਹੀ ਚੁੱਕ ਸਕੇ! ਲੱਖਣ ਤਾਂ ਇਹੋ ਲਾਇਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਵਜੋਂ ਆਪਣੇ ਕਈ ਵਾਰ ਦੇ ਅਨੁਭਵ ਦੇ ਆਧਾਰ ਉੱਤੇ ਉਨ੍ਹਾਂ ਦਾ ਭਰੋਸਾ ਸੁਖਬੀਰ ਦੀ ਪ੍ਰਬੰਧਕੀ ਸੂਝ-ਬੂਝ ਉੱਤੇ ਟਿਕ ਨਹੀਂ ਸਕਿਆ। ਨਤੀਜੇ ਵਜੋਂ ਇਨ੍ਹਾਂ ਚੋਣਾਂ ਵਿਚ ਵੀ ਉਹਨੂੰ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰਨਾ ਮੁਨਾਸਿਬ ਨਾ ਸਮਝਿਆ ਗਿਆ ਅਤੇ ਰਣ-ਖੇਤਰ ਵਿਚ ਆਪਣੇ ਦਲ ਦੀ ਅਗਵਾਈ ਫੇਰ ਸ੍ਰੀ ਬਾਦਲ ਨੂੰ ਆਪਣੇ ਹੱਥ ਹੀ ਲੈਣੀ ਪਈ। ਉਹ ਜਾਣਦੇ ਹਨ ਕਿ ਜੇ ਉਹ ਚੋਣਾਂ ਵਿਚ ਬਹੁਮੱਤ ਦੀ ਕਠਿਨ ਡਗਰ ਪਾਰ ਕਰ ਜਾਣ, ਇਹ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦਾ ਉਨ੍ਹਾਂ ਦਾ ਆਖ਼ਰੀ ਮੌਕਾ ਤੇ ਹੀਲਾ ਹੋਵੇਗਾ। ਉਹ ਨੱਬੇ ਸਾਲ ਦੇ ਹੋ ਗਏ ਨੇ। ਇਕ ਤਾਮਿਲ ਨਾਡੂ ਵਾਲ਼ੇ ਕਰੁਣਾਨਿਧੀ ਨੂੰ ਛੱਡ ਕੇ ਉਹ ਭਾਰਤ ਦੇ ਸਭ ਤੋਂ ਬਜ਼ੁਰਗ ਸਿਆਸਤਦਾਨ ਹਨ। ਹਰ ਕੋਈ ਜਾਣਦਾ ਹੈ ਕਿ ਉਨ੍ਹਾਂ ਦੀ ਮਨਸ਼ਾ ਨੱਬਿਆਂ ਤੋਂ ਟੱਪ ਕੇ ਵੀ ਰਾਜ ਕਰਦੇ ਰਹਿਣ ਦੀ ਨਹੀਂ ਸਗੋਂ ਆਪਣੇ ਨਾਂ ਨਾਲ ਗੱਦੀ ਹਥਿਆ ਕੇ ਉਹਨੂੰ ਪੁੱਤਰ ਦੇ ਹਵਾਲੇ ਕਰ ਦੇਣ ਦੀ ਹੈ। ਪਰ ਇਸ ਵਾਰ ਦਾ ਚੋਣ-ਯੁੱਧ ਆਜ਼ਾਦੀ ਮਗਰੋਂ ਦੇ ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਵੱਧ ਘਮਸਾਨੀ ਹੈ ਤੇ ਡਗਰ ਪਾਰ ਕਰਨੀ ਸੌਖੀ ਨਹੀਂ ਦਿਸਦੀ।

ਪੁੱਤਰ-ਮੋਹ ਦੇ ਵੱਸ ਪੈ ਕੇ ਸ੍ਰੀ ਬਾਦਲ ਨੇ ਬੜਾ ਵੱਡਾ ਜੋਖ਼ਿਮ ਪੱਲੇ ਪਾ ਲਿਆ ਹੈ। ਜੇ ਅਕਾਲੀ-ਭਾਜਪਾ ਗਠਜੋੜ ਵੀ ਜਿੱਤ ਜਾਵੇ ਤੇ ਬਾਦਲ ਪਿਓ-ਪੁੱਤ ਆਪ ਵੀ ਜਿੱਤ ਜਾਣ ਤਾਂ ਮੁੱਖ ਮੰਤਰੀ ਦੀ ਗੱਦੀ ਉੱਤੇ ਸੁਖਬੀਰ ਹੀ ਬਿਰਾਜਮਾਨ ਹੋਵੇਗਾ। ਜੇ ਅਕਾਲੀ ਦਲ ਹਾਰ ਜਾਵੇ ਤੇ ਸ੍ਰੀ ਬਾਦਲ ਜਿੱਤ ਵੀ ਜਾਣ, ਸੁਖਬੀਰ ਦੇ ਪਾਰਟੀ-ਪ੍ਰਧਾਨ ਹੋਣ ਦੇ ਬਾਵਜੂਦ ਹਾਰ ਦੀ ਨਮੋਸ਼ੀ ਸ੍ਰੀ ਬਾਦਲ ਦੀ ਝੋਲ਼ੀ ਹੀ ਪਵੇਗੀ। ਜੇ ਪਾਰਟੀ ਤੇ ਬਾਦਲ, ਦੋਵਾਂ ਦੇ ਪੱਲੇ ਹਾਰ ਪੈ ਜਾਵੇ, ਨਮੋਸ਼ੀ ਪੁਆਉਣ ਲਈ ਸ੍ਰੀ ਬਾਦਲ ਦੀ ਵੱਡੀ ਝੋਲ਼ੀ ਵੀ ਛੋਟੀ ਰਹਿ ਜਾਵੇਗੀ। ਉਨ੍ਹਾਂ ਦੇ ਹਲਕੇ ਵਿਚੋਂ ਜੋ 'ਆਵਾਜ਼-ਏ-ਖ਼ਲਕ' ਆ ਰਹੀ ਹੈ, ਉਹ ਵੱਡੇ ਬਾਦਲ ਨੂੰ ਕੋਈ ਧਰਵਾਸ ਦੇਣ ਵਾਲ਼ੀ ਨਹੀਂ, ਤੇ 'ਆਵਾਜ਼-ਏ-ਖ਼ਲਕ' ਨੂੰ ਸਿਆਣਿਆਂ ਨੇ 'ਨੱਕਾਰਾ-ਏ-ਖ਼ੁਦਾ', ਖ਼ੁਦਾ ਦਾ ਨਗਾਰਾ ਕਿਹਾ ਹੈ। ਇਸ ਵਾਰ ਦੀ ਚੋਣ-ਮੁਹਿੰਮ ਉੱਤੇ ਨਿਕਲਣ ਮਗਰੋਂ ਉਹ ਆਪ ਵੀ ਜ਼ਰੂਰ ਇਹ ਗੱਲ ਸਮਝ ਗਏ ਹੋਣਗੇ ਕਿ ਪੁੱਤਰ-ਮੋਹ ਨੇ ਉਨ੍ਹਾਂ ਨੂੰ ਉਮਰ ਦੇ ਇਸ ਪੜਾਅ ਉੱਤੇ ਕਿਸ ਕਸੂਤੀ ਹਾਲਤ ਵਿਚ ਪਾ ਦਿੱਤਾ ਹੈ। ਜੇ ਉਹ ਅਜੇ ਵੀ ਇਹ ਗੱਲ ਨਹੀਂ ਸਮਝੇ, ਫੇਰ ਤਾਂ ਇਹੋ ਕਿਹਾ ਜਾ ਸਕਦਾ ਹੈ, "ਜਾਨੇ ਨਾ ਜਾਨੇ ਗੁਲ ਹੀ ਨਾ ਜਾਨੇ, ਬਾਗ਼ ਤੋ ਸਾਰਾ ਜਾਨੇ ਹੈ!"

ਸ੍ਰੀ ਬਾਦਲ ਬਨਾਮ ਜਰਨੈਲ ਸਿੰਘ ਬਾਰੇ ਚਰਚਾ ਤਾਂ ਹੁਣ ਬੇਅਰਥ ਹੋ ਗਈ ਹੈ। ਲੰਬੀ ਦੇ ਖਾੜੇ ਵਿਚ ਅਮਰਿੰਦਰ ਸਿੰਘ (ਤੇ ਜਲਾਲਾਬਾਦ ਵਿਚ ਬਿੱਟੂ) ਦੇ ਕੁੱਦ ਪੈਣ ਨਾਲ ਨਕਸ਼ਾ ਮੂਲੋਂ ਹੀ ਬਦਲ ਗਿਆ ਤੇ ਨਤੀਜੇ ਦੀ ਸੰਭਾਵਨਾ ਵੱਧ ਉਲਝਵੀਂ ਤੇ ਦਿਲਚਸਪ ਹੋ ਗਈ ਹੈ। ਲੋਕਾਂ ਦਾ ਕਹਿਣਾ ਹੈ ਕਿ ਸ੍ਰੀ ਬਾਦਲ ਨੇ ਪਟਿਆਲੇ ਵਿਚ ਜੇ.ਜੇ. ਸਿੰਘ ਵਰਗਾ ਕਮਜ਼ੋਰ ਉਮੀਦਵਾਰ ਖੜ੍ਹਾ ਕਰ ਕੇ ਅਮਰਿੰਦਰ ਤੇ ਬਿੱਟੂ ਰਾਹੀਂ ਆਮ ਆਦਮੀ ਪਾਰਟੀ

ਬਾਕੀ ਸਫ਼ਾ 32 'ਤੇ

ਵਿਚਾਰ ਆਪੋ ਅਪਣੇ

# ਬਾਦਲ ਦਲੀਓ, ਤਨਖਾਈਏ ਤੋਂ ਡਰਨ ਦੀ ਲੋੜ ਨਹੀਂ !

**ਸਰਵਜੀਤ ਸਿੰਘ ਸੈਕਰਾਮੈਂਟੋ**

ਪੰਜਾਬ ਵਿਧਾਨ ਸਭਾ ਚੋਣਾ ਇੱਕਾ-ਦੁੱਕਾ ਘਟਨਾਵਾਂ ਤੋਂ ਬਿਨਾ ਸੁੱਖੀਂ ਸਾਂਦੀ ਲੰਘ ਗਈਆਂ ਹਨ ਪਰ ਨਤੀਜਾ ਆਉਣਾ ਬਾਕੀ ਹੈ। ਹੁਣ 11



ਮਚਾਰ ਨੂੰ ਪਤਾ ਲੱਗੇਗਾ ਕਿ ਆਉਣ ਵਾਲੇ ਪੰਜ ਸਾਲਾਂ ਲਈ ਪੰਜਾਬ ਦਾ ਰਾਜ ਪ੍ਰਬੰਧ ਕੌਣ ਸੰਭਾਲੇਗਾ। ਚੋਣ ਪ੍ਰਚਾਰ ਵੇਲੇ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਅਖਬਾਰੀ ਸੁਰਖੀਆਂ ਦਾ ਸ਼ਿੰਗਾਰ ਬਣੀਆਂ, ਜਿਨ੍ਹਾਂ ਨੇ ਸਾਰੇ ਪੰਜਾਬੀਆਂ ਦਾ ਧਿਆਨ ਆਪਣੇ ਵੱਲ ਖਿਚਿਆ। ਕੁਝ ਘਟਨਾਵਾਂ ਅਜਿਹੀਆਂ ਵੀ ਵਾਪਰੀਆਂ ਜਿਨ੍ਹਾਂ ਨੇ ਖਾਸ ਤੌਰ ਤੇ ਸਿੱਖਾਂ ਨੂੰ ਪ੍ਰਭਾਵਿਤ ਕੀਤਾ। ਵੋਟਾਂ ਤੋਂ ਦੋ ਦਿਨ ਪਹਿਲਾਂ ਖਬਰ ਆਈ ਕਿ ਅਕਾਲੀ ਦਲ (ਬਾਦਲ) ਦੇ ਕੁਝ ਉਮੀਦਵਾਰਾਂ ਵੱਲੋਂ ਸਿਰਸੇ ਵਾਲੇ ਸਾਧ ਦੇ ਚੇਲਿਆਂ ਨੂੰ ਆਪਣੇ ਹੱਕ 'ਚ ਭੁਗਤਾਉਣ ਲਈ ਖਾਸ ਤੌਰ ਤੇ ਯਤਨ ਕੀਤਾ ਗਿਆ। ਡੇਰਾ ਸਿਰਸਾ ਦੇ ਸਿਆਸੀ ਵਿੰਗ ਵੱਲੋਂ ਕੀਤੀ ਗਈ ਇਕੱਤ੍ਰਤਾ ਵਿੱਚ ਬਾਦਲ ਦਲ ਦੇ ਉਮੀਦਵਾਰ ਜਨਮੇਜਾ ਸਿੰਘ ਸੇਖੋਂ, ਸਿਕੰਦਰ ਸਿੰਘ ਮਲੂਕਾ ਅਤੇ ਜੀਤ ਮਹਿੰਦਰ ਸਿੰਘ ਖਾਸ ਤੌਰ ਤੇ ਸ਼ਾਮਿਲ ਹੋਏ ਸਨ। ਸਿਆਸੀ ਵਿਰੋਧੀਆਂ ਵੱਲੋਂ ਇਸ ਦੀ ਕਾਫੀ ਅਲੋਚਨਾ ਕੀਤੀ ਗਈ ਜੋ ਸਿਧਾਂਤਕ ਘੱਟ ਪਰ ਸਿਆਸੀ ਜਿਆਦਾ ਸੀ। ਇਸੇ ਲੜੀ ਵਿੱਚ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸ਼ਿਕਾਇਤ ਕਰਨ ਦੀ ਵੀ ਦੌੜ ਲੱਗ ਗਈ। ਪਰ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਅਜਿਹੇ ਖਿਲਾੜੀ ਹਨ ਜਿੰਨ੍ਹਾਂ ਨੇ ਸਭ ਕੁਝ ਵੇਖ-ਸੁਣ ਕੇ ਅਣਡਿੱਠ ਕਰਨ 'ਚ ਹੀ ਭਲਾਈ ਸਮਝੀ ਅਤੇ ਵੋਟਾਂ ਤੋਂ ਪਹਿਲਾ ਕੋਈ ਅਜਿਹੀ ਕਾਰਵਾਈ ਕਰਨ ਤੋਂ ਸੰਕੋਚ ਹੀ ਕੀਤਾ ਜਿਸ ਨਾਲ ਉਨ੍ਹਾਂ ਦੇ ਰਿਜ਼ਕ ਦਾਤਿਆਂ ਨੂੰ ਕੋਈ ਮੁਸ਼ਕਲ ਆ ਸਕਦੀ ਹੋਵੇ। ਸ਼ਨਿਚਰਵਾਰ 4 ਫਰਵਰੀ ਸ਼ਾਮ ਦੇ 5:00 ਵਜੇ ਵੋਟਾ ਦਾ ਸਮਾਂ ਖਤਮ ਹੁੰਦਿਆ ਸਾਰ ਹੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਦਾ ਬਿਆਨ ਆ ਗਿਆ ਕਿ ਅਸੀਂ ਸਿਰਸਾ ਡੇਰੇ ਦਾ ਵਿਰੋਧ ਕਰਦੇ ਹਾਂ। ਮਨਜੀਤ ਸਿੰਘ ਨੇ ਤਾਂ ਜੀਤ ਮਹਿੰਦਰ ਸਿੰਘ ਦੇ ਉਸ ਬਿਆਨ ਦਾ ਵੀ ਖੰਡਨ ਕਰ ਦਿੱਤਾ ਜਿਸ ਰਾਹੀਂ ਜੀਤ ਮਹਿੰਦਰ ਸਿੰਘ ਨੇ ਡੇਰੇ ਦੇ ਸ਼ਰਧਾਲੂਆਂ ਨੂੰ ਵੋਟਾਂ ਦੇ ਲਾਲਚਵੱਸ, ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਸਿਰਸੇ ਵਾਲਿਆਂ ਦੇ ਬੰਦ ਹੋਏ ਪ੍ਰਚਾਰ ਨੂੰ ਮੁੜ ਚਾਲੂ ਕਰਵਾਉਣ ਦਾ ਲਾਰਾ ਲਾਇਆ ਸੀ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਬਠਿੰਡੇ ਵਾਪਰੀ ਘਟਨਾ ਦੀ ਖਬਰ ਦਿੱਲੀ (ਲੱਗ ਭੱਗ 200 ਮੀਲ ਦੀ ਦੂਰੀ) ਪੁੱਜਣ ਨੂੰ ਕਿੰਨਾ ਸਮਾਂ ਲੱਗ ਗਿਆ। ਹੁਣ ਗਿਆਨੀ ਗੁਰਬਚਨ ਸਿੰਘ ਨੂੰ ਵੀ ਅਕਾਲ ਤਖਤ ਸਾਹਿਬ ਵੱਲੋਂ ਕਈ ਸਾਲ ਪਹਿਲਾਂ (ਮਈ 2007) ਜਾਰੀ ਹੋਏ ਹੁਕਮ ਨਾਮੇ ਦਾ ਚੇਤਾ ਆ ਗਿਆ ਹੈ ਕਿ ਬਾਦਲ ਦਲੀਆਂ ਨੇ ਤਾਂ ਉਸ ਦੀ ਅਵੱਗਿਆ ਕਰ ਦਿੱਤੀ ਹੈ। ਸਾਰੇ ਘਟਨਾ ਕਰਮ ਦੀ ਪੜਤਾਲ ਕਰਕੇ ਰਿਪੋਰਟ ਅਕਾਲ ਤਖਤ ਸਾਹਿਬ ਤੇ ਭੇਜਣ ਲਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੁਕਮ ਚਾੜ੍ਹ ਦਿੱਤੇ ਗਏ ਹਨ। ਜਿਵੇਂ ਕਿ ਹੁੰਦਾ ਆ ਰਿਹਾ ਹੈ ਤਰੁਣ ਸ਼੍ਰੋਮਣੀ ਕਮੇਟੀ ਵੱਲੋਂ ਜਾਣੇ-ਪਹਿਚਾਣੇ, ਪੜਤਾਲ ਕਰਨ ਦੇ ਮਾਹਿਰ ਸੱਜਣਾਂ ਦੀ ਇਕ ਕਮੇਟੀ ਬਣਾਈ ਜਾਵੇਗੀ। ਉਹ ਕਮੇਟੀ ਪੜਤਾਲ ਕਰਕੇ ਕੀ ਰਿਪੋਰਟ ਦੇਵੇਗੀ, ਰਿਪੋਰਟ ਦੇਵੇਗੀ ਵੀ ਜਾਂ ਨਹੀਂ? ਅਤੇ ਉਸ ਤੇ ਕੀ ਕਾਰਵਾਈ ਹੋਵੇਗੀ ਜਾਂ ਨਹੀਂ? ਇਸ ਦੀ ਤਾਂ ਉਡੀਕ ਹੀ ਕੀਤੀ ਜਾ ਸਕਦੀ ਹੈ।

ਪਾਠਕਾਂ ਨੂੰ ਯਾਦ ਹੋਵੇਗਾ ਕਿ 10 ਨਵੰਬਰ 2006 ਨੂੰ ਦਸਮ ਗ੍ਰੰਥ ਬਾਰੇ, ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਦੇ ਪ੍ਰਬੰਧਕਾਂ ਵੱਲੋਂ "ਸ਼ਬਦ ਮੂਰਤਿ ਸ੍ਰੀ ਦਸਮ ਗ੍ਰੰਥ" ਇਕ ਸੈਮੀਨਾਰ ਕਰਾਇਆ ਗਿਆ ਸੀ। ਇਸ ਸੈਮੀਨਾਰ ਵਿੱਚ ਹੋਰ ਦਿਦਵਾਨਾਂ ਤੋਂ ਇਲਾਵਾ ਗਿਆਨੀ ਗੁਰਬਚਨ ਸਿੰਘ ਨੇ ਵੀ, ਅਖੌਤੀ ਦਸਮ ਗ੍ਰੰਥ ਸਬੰਧੀ ਆਪਣੀ ਖੋਜ ਸਾਂਝੀ ਕੀਤੀ ਸੀ। ਇਹ ਸੈਮੀਨਾਰ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਦੀ ਸਪੱਸ਼ਟ ਅਵੱਗਿਆ ਸੀ। ਅਕਾਲ ਤਖਤ ਦੇ ਉਸ ਵੇਲੇ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ 14 ਮਈ 2000 ਨੂੰ ਇਕ ਹੁਕਮ ਰਾਹੀਂ, ਦਸਮ ਗ੍ਰੰਥ ਬਾਰੇ ਹਰ ਤਰ੍ਹਾਂ ਦੀ ਚਰਚਾ ਕਰਨ ਤੇ ਪਾਬੰਦੀ ਲਾ ਦਿੱਤੀ ਸੀ। ਪਰ ਕੁਝ ਵਿਦਵਾਨਾਂ ਵਲੋਂ ਜਦੋਂ ਅਖੌਤੀ ਦਸਮ ਗ੍ਰੰਥ ਦੀ ਅਸਲੀਅਤ ਨੂੰ ਸੰਗਤਾਂ ਨਾਲ ਸਾਂਝੀ ਕਰਨ ਦੇ ਮੰਤਵ ਨਾਲ ਲੇਖ ਲਿਖੇ ਗਏ ਅਤੇ ਅਖਬਾਰਾਂ ਵੱਲੋਂ ਛਾਪੇ ਗਏ ਤਾਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ 7 ਅਗਸਤ ਨੂੰ ਇਕ ਹੋਰ ਚਿਤਾਵਨੀ ਪੱਤਰ ਜਾਰੀ ਕੀਤਾ, "ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਅਨੁਸ਼ਾਸਨ ਹੀਣਤਾ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਸਾਰੇ ਸਿੱਖ ਵਿਦਵਾਨਾਂ ਨੂੰ ਫਿਰ ਕਰੜੀ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਵਿਸ਼ੇ ਸਬੰਧੀ ਕੋਈ ਲੇਖ ਅੱਗੋਂ ਤੋਂ ਅਖ਼ਬਾਰ ਵਿੱਚ ਨਾ ਦੇਣ। ਜੋ ਕੋਈ ਸਿੱਖ ਵਿਦਵਾਨ ਅੱਜ ਮਿਤੀ 7-8-2000 ਤੋਂ ਇਸ ਹਦਾਇਤ ਦੀ ਉਲੰਘਣਾ ਕਰਦਾ ਹੈ ਉਹ ਆਪਣੇ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਦੋਸ਼ੀ ਬਣਾਏਗਾ"।

ਸਪੱਸ਼ਟ ਹੈ ਕਿ 10 ਨਵੰਬਰ 2006 ਨੂੰ ਗਿਆਨੀ ਗੁਰਬਚਨ ਸਿੰਘ ਵੱਲੋਂ, ਇਕ ਸੈਮੀਨਾਰ ਵਿੱਚ ਦਸਮ ਗ੍ਰੰਥ ਬਾਰੇ ਪੜ੍ਹਿਆ ਗਿਆ ਖੋਜ ਪੱਤਰ, ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੋਏ 14 ਮਈ 2000 ਵਾਲੇ ਹੁਕਮਨਾਮੇਂ ਦੀ ਅਤੇ ਫਿਰ 7 ਅਗਸਤ 2000 ਨੂੰ ਜਾਰੀ ਕੀਤੀ ਗਈ ਕਰੜੀ ਹਦਾਇਤ ਦੀ ਅਵੱਗਿਆ ਕਰਨ ਕਰਕੇ, ਖੁਦ ਅਕਾਲ ਤਖਤ ਦਾ ਦੋਸ਼ੀ ਹੈ। ਯਾਦ ਰਹੇ 11 ਮਈ 2009 ਨੂੰ "ਸਿੱਖ ਕਲਚਰਲ ਸੁਸਾਇਟੀ ਨਿਊਯਾਰਕ" ਦੇ ਪ੍ਰਬੰਧਕਾਂ ਵੱਲੋਂ, ਅਖੌਤੀ ਦਸਮ ਗ੍ਰੰਥ ਬਾਰੇ ਰੱਖੀ ਗਈ ਵਿਚਾਰ ਚਰਚਾ ਵਿੱਚੋਂ ਆਖਰੀ ਸਮੇਂ, ਹਰੀ ਸਿੰਘ ਰੰਧਾਵਾ, ਇਸੇ ਹੁਕਮਨਾਮੇ ਦਾ ਹਵਾਲਾ ਦੇ ਕੇ ਹਰਨ ਹੋ ਗਿਆ ਸੀ।

10 ਨਵੰਬਰ 2006 ਨੂੰ ਜਵੱਦੀ ਟਕਸਾਲ ਵਿਖੇ, ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਹੋਈ ਅਵੱਗਿਆ ਕਾਰਨ ਹੋਈ ਚਰਚਾ ਤੋਂ ਪਿਛੋਂ 27 ਨਵੰਬਰ 2006 ਨੂੰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ 10 ਨਵੰਬਰ 2000 ਵਾਲਾ ਹੁਕਮਨਾਮਾ ਵਾਪਸ ਲੈ ਲਿਆ ਗਿਆ ਸੀ ਤਾਂ ਜੋ ਅਖੌਤੀ ਗ੍ਰੰਥ ਦੇ ਹਮਾਇਤੀਆਂ ਖਿਲਾਫ ਕੋਈ ਕਰਵਾਈ ਨਾ ਕਰਨੀ ਪਵੇ। ਪਰ! ਜਾਰੀ ਹੋਏ ਹੁਕਮਨਾਮੇ ਦੀ ਅਵੱਗਿਆ ਤਾਂ 10 ਨਵੰਬਰ ਨੂੰ ਹੋ ਚੁੱਕੀ ਸੀ ਜਿਸ ਕਾਰਨ ਹੋਰਨਾਂ ਸਮੇਤ ਗਿਆਨੀ ਗੁਰਬਚਨ ਸਿੰਘ ਖੁਦ ਵੀ ਤਨਖਾਹੀਆ ਹੈ। ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਦੀ ਜਾਣਬੁੱਝ ਕੇ ਕੀਤੀ ਗਈ ਅਵੱਗਿਆ ਕਾਰਨ ਦੋਸ਼ੀ ਬਣੇ ਗਿਆਨੀ ਗਰਬਚਨ ਸਿੰਘ ਵੱਲੋਂ, ਅਕਾਲ ਤਖਤ ਸਾਹਿਬ ਉਤੇ ਪੇਸ਼ ਹੋ ਆਪਣੀ ਭੁਲ ਬਖਸ਼ਾਉਣ, ਭਾਂਡੇ ਮਾਂਜਣ ਜਾਂ ਜੋੜੇ ਝਾੜਨ ਦੀ ਖਬਰ ਕਦੇ ਨਹੀਂ ਆਈ। ਜਿਸ ਕਾਰਨ ਉਹ ਅੱਜ ਵੀ ਦੋਸ਼ੀ ਹੈ। ਇਕ ਦੋਸ਼ੀ ਜਿੰਨਾ ਚਿਰ ਆਪ ਪੇਸ਼ ਹੋ ਕੇ ਦੋਸ਼ ਮੁਕਤ ਨਹੀਂ ਹੁੰਦਾ, ਉਸ ਨੂੰ ਕਿਸੇ ਦੂਜੇ ਖਿਲਾਫ, ਉਸੇ ਦੋਸ਼ ਕਾਰਨ ਕਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਬਾਦਲ ਦਲੀਆਂ ਨੂੰ ਸਿਰਸੇ ਵਾਲੇ ਤੋਂ ਵੋਟਾਂ ਵਿੱਚ ਸਹਿਯੋਗ ਲੈਣ ਕਾਰਨ, ਗਿਆਨੀ ਗੁਰਬਚਨ ਸਿੰਘ ਵੱਲੋਂ ਕਿਸੇ ਹੋਣ ਵਾਲੀ ਸੰਭਾਵੀ ਕਾਰਵਾਈ ਤੋਂ ਡਰਨ ਦੀ ਲੋੜ ਨਹੀਂ ਹੈ। ਸਭ ਇੱਕੋ ਥੈਲੀ ਦੇ ਚੱਟੇ-ਵੱਟੇ ਜੋ ਹਨ।

ਵਿਚਾਰ ਆਪੋ ਆਪਣੇ

# ਵੱਡਾ ਘਲੂਘਰਾ

ਪ੍ਰਮਿੰਦਰ ਸਿੰਘ ਪ੍ਰਵਾਨਾ
(ਫੋਨ: 510-781-0487)

ਸਿੱਖ ਇਤਿਹਾਸ ਦਾ ਹਰ ਪੰਨਾ ਲਾਸ਼ਾਨੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਮੁਗਲ ਸ਼ਾਸ਼ਕਾ ਨੇ ਜਬਰੀ ਧਰਮ ਤਬਦੀਲ ਕਰਵਾਉਣ ਦੇ ਇਰਾਦੇ ਨਾਲ ਜ਼ੁਲਮ ਢਾਏ। ਅੱਗੋਂ ਸਿੱਖਾਂ ਨੇ ਅਜਿਹੀ ਸ਼ਿਦਤ ਨਾਲ ਹਰ ਅਤਿਆਚਾਰ ਪਿੰਡੇ ਤੇ ਹੰਡਾ ਕੇ ਆਪਣੇ ਨਿਸ਼ਚੇ ਵਿਚ ਪਾ ਕੇ ਰਹਿ ਕੇ ਜ਼ੁਲਮ ਦੇ ਥੰਮ ਹਿਲਾ ਦਿੱਤੇ। ਇਨ੍ਹਾਂ ਘਲੂਘਾਰਿਆਂ ਵਿਚ "ਵੱਡਾ ਘਲੂਘਰਾ" ਵੀ ਵਾਪਰਿਆ। ਅਫਗਾਨੀ ਹਮਲਾਵਰਾਂ ਦਾ ਸਿੱਖਾਂ ਨੂੰ ਖਤਮ ਕਰਨ ਦਾ ਖੂਨੀ ਇਰਾਦਾ ਸੀ। ਸਿੱਖਾਂ ਦਾ ਕਤਲੇਆਮ ਦੋ ਦਹਾਕੇ ਚਲਦਾ ਰਿਹਾ। ਸੰਨ 1746 ਦੇ ਹੋਏ "ਛੋਟੇ ਘਲੂਘਾਰੇ" ਤੋਂ ਬਾਅਦ ਵੱਡੇ ਪੱਧਰ ਤੇ ਹੋਏ ਕਤਲੇਆਮ ਨੂੰ "ਵੱਡਾ ਘਲੂਘਰਾ" ਕਿਹਾ ਜਾਣ ਲੱਗਾ। ਗੁਰਦੁਆਰਾ ਵੱਡਾ ਘਲੂਘਾਰਾ ਸਾਹਿਬ ਪਿੰਡ ਕੁਤਬਾ-ਬਾਹਮਣੀਆਂ ਵਿਚ ਸਥਿਤ ਹੈ। ਘਲੂਘਰਾ ਸ਼ਬਦ ਅਫ਼ਗਾਨੀ ਬੋਲੀ ਤੋਂ ਆਇਆ ਹੈ ਜਿਸ ਅਨੁਸਾਰ ਸਭ ਕੁਝ ਤਬਾਹ ਕਰ ਦੇਣਾ ਹੈ।

ਵੱਡਾ ਘਲੂਘਾਰਾ ਸੰਨ 1762 ਨੂੰ ਪਿੰਡ ਕੁਪ-ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ-ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬਾ-ਬਾਹਮਣੀਆਂ ਕੋਲ ਜਾ ਕੇ ਖਤਮ ਹੋਇਆ। ਮੁਗਲ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਜਵਾਨੀ ਦੀ ਉਮਰ ਵਿਚ ਹੀ ਸ਼ਾਸ਼ਕ ਬਣ ਬੈਠਾ ਸੀ। ਉਸ ਵਿਚ ਆਪਣੇ ਰਾਜ ਨੂੰ ਵਧਾਉਣ ਦਾ ਜੋਸ਼ ਸੀ। ਇਸੇ ਹੰਕਾਰ ਵਸ ਉਸਨੇ ਭਾਰਤ ਤੇ 10 ਧਾੜਵੀ ਹਮਲੇ ਕੀਤੇ। ਇਹ ਛੇਵਾਂ ਹਮਲਾ ਸੀ। ਸੰਨ 1761 ਵਿਚ ਮਰਹੱਟਿਆਂ ਦੀ ਬਹਾਦਰ ਫੌਜ ਨੂੰ ਪਾਣੀਪਤ ਦੀ ਫੈਸਲਾਕੁਨ ਲੜਾਈ ਵਿਚ ਹਰਾਉਣ ਤੋਂ ਬਾਅਦ ਉਸਦੇ ਹੌਸਲੇ ਬੁਲੰਦ ਸਨ। ਅਬਦਾਲੀ ਜਦੋਂ ਦਿੱਲੀ ਤੋਂ ਪਰਤ ਰਿਹਾ ਸੀ ਤਾਂ ਲੁੱਟ ਦੇ ਸਾਮਾਨ ਦੇ ਨਾਲ ਹੀ ਔਰਤਾਂ ਨੂੰ ਵੀ ਇਜੜ ਵਾਂਗ ਹੱਕ ਕੇ ਲੈ ਜਾਂਦਾ ਘਰਾਂ ਦਾ ਸਮਾਨ ਗਹਿਣਾ ਗਟਾ ਲੁੱਟ ਕੇ ਲੈ ਜਾਂਦਾ । ਤਦ ਕਿਹਾ ਜ਼ਾਂਦਾ ਸੀ ਕਿ "ਖਾਧਾ ਪੀਤੇ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ" ਜਾਂ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" । ਇਹ ਸਿੰਘ ਹੀ ਸਨ ਜੋ ਤੁਰਕਾਂ ਨੂੰ ਵੰਗਾਰਦੇ ਸਨ। ਉਨ੍ਹਾਂ ਨੇ ਤੁਰਕਾਂ ਨੂੰ ਕਈ ਵਾਰ ਸਤਲੁਜ, ਝਨਾਂ ਤੇ ਰਾਵੀ ਦਰਿਆਵਾਂ ਤੇ ਰਹਿ ਰਾਹੇ ਪਾਇਆ ਸੀ। ਜਦੋਂ ਸਿੰਘਾਂ ਦੀ ਟਕਰ ਹੁੰਦੀ ਤਾਂ ਉਹ ਔਰਤਾਂ ਨੂੰ ਛੁਡਾ ਕੇ ਘਰਾਂ ਵਿਚ ਛਡ ਆਉਂਦੇ ਪਰ ਘੋੜੇ ਅਤੇ ਮਾਲ ਖਜ਼ਾਨਾ ਆਪ ਰੱਖ ਲੈਂਦੇ ਸਨ। ਅਬਦਾਲੀ ਨੇ ਮਤਾ ਪਕਾਇਆ ਕਿ ਸਿੰਘਾਂ ਨੂੰ ਪੱਕੇ ਪੈਰੀਂ ਤਿਆਰੀ ਨਾਲ ਸਬਕ ਸਿਖਾਇਆ ਜਾਵੇ।

1761 ਦੀ ਦੀਵਾਲੀ ਤੋਂ ਬਾਅਦ ਸਿੰਘਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ ਉਦੋਂ ਹੀ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ ਉਲ ਕੌਮ' ਦਾ ਖਿਤਾਬ ਦਿੱਤਾ ਗਿਆ। ਉਦੋਂ ਹੀ ਸਿੰਘਾਂ ਨੂੰ ਪਤਾ ਲੱਗਾ ਕਿ ਅਬਦਾਲੀ ਵੱਡੀ ਫੌਜ ਲੈ ਕੇ ਹਮਲਾ ਕਰ ਰਿਹਾ ਹੈ। ਸਿੰਘਾਂ ਨੇ ਕਾਫਲਾ ਬਣਾ ਕੇ ਬੱਚੇ, ਬੁੱਢੇ ਤੇ ਔਰਤਾਂ ਨੂੰ ਬੀਕਾਨੇਰ ਦੇ ਜੰਗਲਾਂ ਵਿਚ ਭੇਜ ਦਿੱਤਾ। ਸਿੰਘਾਂ ਨੇ ਤਿਆਰੀ ਫੜ ਲਈ ਜਿੱਥੇ ਜਿੱਥੇ ਵੀ ਸਿੰਘਾਂ ਨੂੰ ਹਮਲੇ ਦਾ ਪਤਾ ਲੱਗਾ ਉਹ ਇਕੱਠੇ ਹੋਣੇ ਸ਼ੁਰੂ ਹੋ ਗਏ। ਸਿੰਘ ਸਤਲੁਜ ਪਾਰ ਕਰ ਕੇ ਅਹਿਮਦਗੜ੍ਹ ਮੰਡੀ ਕੋਲ ਪਹੁੰਚ ਗਏ। ਰਾਤ ਕਟਣ ਲਈ ਪਿੰਡ ਜੰਡਾਲੀ ਤੋਂ ਅੱਗੇ ਪਿੰਡ ਰੋਹੀੜੇ ਦਰਖਤਾਂ ਅਤੇ ਝਾੜੀਆਂ ਦੀ ਆੜ ਵਿਚ ਇਕੱਠੇ ਹੋ ਗਏ।

ਨਵਾਬ ਮਲੇਰ ਕੋਟਲਾ ਜੈਨ ਖਾਨ ਵੀ ਮੁਗਲ ਫੌਜ ਲੈ ਕੇ ਆ ਗਿਆ। ਇਕੱਠੇ ਹੋਏ ਸਿੰਘਾਂ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ ਗਿਆ। ਪਹਿਲਾਂ ਤਾਂ ਸਿੰਘਾਂ ਨੂੰ ਪਤਾ ਹੀ ਨਾ ਲੱਗਾ ਪਰ ਛੇਤੀ ਸੰਭਲ ਗਏ। ਸਿੰਘ ਬਾਜ਼ ਦੀ ਤਰ੍ਹਾਂ ਵੈਰੀ ਉਤੇ ਝਪਟ ਪਏ। ਉਹ ਜਿਹੜੇ ਵੀ ਹਾਲ ਵਿਚ ਸਨ ਜਿਹੜਾ ਵੀ ਹਥਿਆਰ ਉਨ੍ਹਾਂ ਦੇ ਹੱਥ ਆਇਆ ਮੁਕਾਬਲਾ ਕਰਨ ਲੱਗੇ। ਸਿੰਘਾਂ ਨੇ ਜਾਣ ਲਿਆ ਸੀ ਕਿ ਦੁਸ਼ਮਣ ਤੋਂ ਬਚਣਾ ਮੁਸ਼ਕਲ ਹੈ ਇਸ ਲਈ ਜੂਝ ਕੇ ਲੜਨਾ ਹੀ ਬੇਹਤਰ ਹੈ। ਰੋਹ ਵਿਚ ਆ ਕੇ ਸਿੰਘ ਬੜੇ ਜੋਸ਼ ਨਾਲ ਮੁਕਾਬਲਾ ਕਰਦੇ ਗਏ। ਚੜ੍ਹਤ ਸਿੰਘ ਸ਼ੁਕਰਚਕੀਆ ਜਥੇਦਾਰ ਜੱਸਾ ਸਿੰਘ, ਰਾਮ ਸਿੰਘ, ਬਘੇਲ ਸਿੰਘ ਅਤੇ ਸ਼ੇਰ ਸਿੰਘ ਸਮੇਤ ਸਿੰਘ ਬਚਦੇ ਬਚਾਉਂਦੇ ਇੰਨੀ ਬਹਾਦਰੀ ਨਾਲ ਲੜੇ। ਸਿੰਘ ਜ਼ਖ਼ਮੀ ਹੁੰਦੇ ਵੀ ਦੁਸ਼ਮਣ ਤੇ ਵਾਰ ਕਰੀ ਜਾਂਦੇ। ਸਿੰਘ ਪੂਰਾ ਤਾਣ ਲਾ ਕੇ ਲੜੇ। ਅਬਦਾਲੀ ਦੀ ਫੌਜ ਵੀ ਵੱਡੀ ਗਿਣਤੀ ਵਿਚ ਮਾਰੀ ਜਾ ਰਹੀ ਸੀ।

ਇਸ ਘਮਸਾਨ ਯੁੱਧ ਵਿਚ ਅਬਦਾਲੀ ਦੇ ਪੈਰ ਖਿਸਕ ਗਏ। ਇਕ ਪਾਸੇ ਤਨਖਾਹੀ ਫੌਜੀ ਦੂਸਰੇ ਪਾਸੇ ਸਿਰ ਤਲੀ ਤੇ ਧਰ ਕੇ ਲੜਨ ਵਾਲੇ ਸਿੰਘ ਸਨ ਜਿਨ੍ਹਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲ ਭਜਾ ਦਿੱਤੇ। ਅਬਦਾਲੀ ਦੇ ਜਰਨੈਲ, ਜੋ ਝਾੜੀਆਂ ਵਿਚ ਲੁਕ ਕੇ ਜਾਨ ਬਚਾ ਰਹੇ ਸਨ, ਸੋਚ ਰਹੇ ਸਨ ਕਿ ਇਹ ਆਦਮੀ ਹਨ ਜਾਂ ਫੌਲਾਦ। ਸਿੰਘਾਂ ਨੇ ਹਰ ਪਾਸੇ ਚਟਾਨ ਵਾਂਗ ਖੜ੍ਹੇ ਕੇ ਸਖ਼ਤ ਮੁਕਾਬਲਾ ਕੀਤਾ। ਸਿੰਘਾਂ ਨੇ ਅਬਦਾਲੀ ਦੇ ਚੋਟੀ ਦੇ ਫੌਜੀਆਂ ਨੂੰ ਖਤਮ ਕਰ ਦਿੱਤਾ ਸੀ। ਸਿੰਘ ਲੜਦੇ ਲੜਦੇ ਕੁਤਬਾ ਬਾਹਮਣੀਆਂ ਤੱਕ ਪਹੁੰਚ ਗਏ। ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ-ਪੁੰਡੇ ਸਿੰਘ ਇਕੱਠੇ ਹੋ ਕੇ ਬਰਨਾਲਾ ਚਲੇ ਗਏ। ਇਸ 'ਵੱਡੇ ਘਲੂਘਾਰੇ ਦੀ ਘਸਮਾਨ ਦੀ ਲੜਾਈ ਵਿਚ ਇਤਿਹਾਸਕਾਰਾਂ ਅਨੁਸਾਰ ਲਗਭਗ 30, ਹਜ਼ਾਰ ਸਿੰਘ ਸ਼ਹੀਦ ਹੋਏ। ਪਰ ਤੁਰਕਾਂ ਨੇ ਜਾਣ ਲਿਆ ਸੀ, ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ। ਅਗਲੇ ਸਾਲ 1763 ਵਿਚ ਸਿੰਘਾਂ ਨੇ ਸਰਹਿੰਦ ਜਿੱਤ ਲਈ ਅਤੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਭਜਾ ਦਿੱਤਾ।

# ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰਿ ਆਇਆ

**ਸਿੱਖ ਕੌਮ ਬਾਰੇ ਸਰਦਾਰ ਕਪੂਰ ਸਿੰਘ 'ਸਰ ਫਜ਼ਲ ਹੁਸੈਨ' ਦਾ 'ਇਕ ਵੀਚਾਰ 'ਬਿਖ ਮਹਿ ਅੰਮ੍ਰਿਤ' ਕਿਤਾਬ ਦੇ ਪੰਨਾ 4 'ਤੇ ਲਿਖਦੇ ਹਨ ਕਿ ਹਿੰਦੂ ਬੜਾ ਦੂਰਦਰਸ਼ਕ ਹੈ। ਆਉਣ ਵਾਲੀ ਸਥਿਤੀ ਨੂੰ ਪਹਿਲਾਂ ਹੀ ਭਾਂਪ ਲੈਂਦਾ ਹੈ ਤੇ ਕੋਈ ਪ੍ਰਬੰਧ ਕਰ ਲੈਂਦਾ ਹੈ। ਪਰ ਮੁਸਲਮਾਨ ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ ਤੇ ਉਸ ਨਾਲ ਮਿਲਣ ਦਾ ਰਾਹ ਲੱਭ ਲੈਂਦਾ ਹੈ। ਪਰ ਸਿੱਖ, ਜਿੰਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਅਤੇ ਨਾ ਹੀ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ, ਫੜ੍ਹਾਂ ਮਾਰੀ ਜਾਂਦਾ ਹੈ ਤੇ ਫੋਕੇ ਦਮਗਜੇ ਮਾਰੀ ਜਾਂਦਾ ਹੈ।**

ਡਾ. ਮਨਮੋਹਨ ਸਿੰਘ ਦੌਪਾਲਪੁਰ
(ਫੋਨ ਨੰਬਰ: 75891-68133)

ਹਰ ਸਾਲ ਜਦੋਂ ਫਰਵਰੀ ਦੀ ਦੋ ਤਿੰਨ ਤਰੀਕ ਆਉਂਦੀ ਹੈ ਤਾਂ ਪੰਜਾਬੀ ਦੀਆਂ ਲਗਭਗ ਸਾਰੀਆਂ ਹੀ ਅਖ਼ਬਾਰਾਂ ਵਿਚ 'ਵੱਡੇ ਘੱਲੂਘਾਰੇ' ਬਾਰੇ ਲੇਖ ਲਿਖੇ ਜਾਂਦੇ ਹਨ। ਤਕਰੀਬਨ ਸਾਰੇ ਹੀ ਵਿਦਵਾਨ ਲੇਖਕ ਇਸ ਘਟਨਾ ਬਾਰੇ, ਇਸ ਤਰ੍ਹਾਂ ਲਿਖਦੇ ਹਨ, ਜਿਵੇਂ ਕੋਈ ਬਿਆਨ ਕਰਤਾ ਕਿਸੇ ਖੇਡ ਦਾ ਦ੍ਰਿਸ਼ ਨਾਲੋ-ਨਾਲ ਬਿਆਨ ਕਰਦਾ ਹੋਵੇ। ਕਹਿਣ ਦਾ ਭਾਵ ਹੈ ਕਿ ਬਹੁਤੇ ਲੇਖਕ ਇਨਾ ਕੁ ਹੀ ਲਿਖਦੇ ਹਨ ਕਿ ਇਸ ਤਰ੍ਹਾਂ, ਸਾਰਾ ਸਿੱਖ ਵਹੀਰ ਕੁਪ ਰਹੀੜ ਪਹੁੰਚਿਆ ਤੇ ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੇ ਆ ਕੇ ਘੇਰਾ ਪਾ ਕੇ ਸਾਰੇ ਵਹੀਰ ਨੂੰ ਲਗਭਗ 30 ਹਜ਼ਾਰ ਦੇ ਕਰੀਬ ਇਕ ਹੀ ਦਿਨ ਵਿਚ ਸ਼ਹੀਦ ਕਰ ਦਿੱਤਾ। ਬੱਸ।

ਮੈਂ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਕੋਈ ਵੀ ਲੇਖਕ ਇਸ ਘੱਲੂਘਾਰੇ ਦੇ ਕਾਰਨਾਂ ਵੱਲ ਧਿਆਨ ਨਹੀਂ ਦਿਵਾਉਂਦਾ। ਨਾ ਹੀ ਕੋਈ ਇਸ ਗੱਲ 'ਤੇ ਵਿਚਾਰ ਕਰਦਾ ਹੈ ਕਿ ਇਹ 'ਘੱਲੂਘਾਰਾ' ਵਾਪਰਨ ਤੋਂ ਬਾਅਦ ਕੀ ਉਸ ਵੇਲੇ ਦੇ ਜਥੇਦਾਰਾਂ ਨੇ ਬੈਠ ਕੇ ਕੋਈ ਵਿਚਾਰ ਕੀਤਾ ਕਿ ਐਸਾ ਕਾਰਾ ਮੁੜ ਤੋਂ ਨਾ ਹੋਵੇ, ਇਸ ਗੱਲ ਦਾ ਕੋਈ ਉਪਰਾਲਾ ਕੀਤਾ? ਇਸ 'ਤੇ ਮੈਨੂੰ ਬਹੁਤ ਹੈਰਾਨੀ ਹੁੰਦੀ ਹੈ। ਹੈਰਾਨੀ ਇਸ ਕਰਕੇ ਹੁੰਦੀ ਹੈ ਕਿਉਂਕਿ ਕੌਮਾਂ ਦੀ ਕਿਸਮਤ ਜਾਂ ਭਵਿੱਖ 'ਵਿਦਵਾਨ' ਜਾਂ 'ਬੁੱਧੀਜੀਵੀ' ਲੋਕਾਂ ਉੱਤੇ ਨਿਰਭਰ ਕਰਦੀ ਹੈ। ਅਗਰ ਇਹ ਤਬਕਾ ਕੋਈ ਸਾਰਥਕ ਸੇਧ ਨਾ ਦੇਵੇ ਤਾਂ ਐਸੇ 'ਭਾਣੇ' ਮੁੜ ਮੁੜ ਵਾਪਰਦੇ ਰਹਿੰਦੇ ਹਨ।



ਬੁੱਧ (ਗੌਤਮ ਬੁੱਧ) ਦਾ ਇਕ ਵਚਨ ਹੈ। ਬੁੱਧ ਕਹਿੰਦੇ ਹਨ ਕਿ ਅਗਰ ਸਾਰੇ ਵਗ (ਮੱਝਾਂ-ਗਾਵਾਂ ਦਾ ਇਕੱਠ) ਦਾ ਮੁਖੀ ਬੈਲ, ਕਿਸੇ ਐਸੇ ਤੰਗ ਰਸਤੇ ਵਿਚੋਂ ਦੀ ਲੰਘੇ ਜਿਸ ਦੇ ਦੋਹੀਂ ਪਾਸੀਂ ਕੰਡਿਆਲੀਆਂ ਝਾੜੀਆਂ ਹੋਣ, ਉਸ ਬੈਲ ਦਾ ਸਾਰਾ ਸਰੀਰ ਕੰਡਿਆਂ ਨਾਲ ਝਰੀਟਿਆ ਜਾਵੇ, ਤਾਂ ਉਸ ਬੈਲ ਦੇ ਪਿੱਛੇ ਆਉਣ ਵਾਲਾ ਸਾਰਾ ਵੱਗ ਵੀ ਉਸੇ ਰਸਤੇ ਥਾਣੀ ਹੀ ਲੰਗਦਾ ਹੈ, ਭਾਵੇਂ ਉਸ ਦਾ ਵੀ ਸਾਰਾ ਸਰੀਰ ਝਰੀਟੋ ਝਰੀਟ ਹੋ ਜਾਵੇ। ਇਸ ਕਰਕੇ ਮੁਖੀ ਦਾ ਫਰਜ਼ ਬਹੁਤ ਅਹਿਮ ਹੁੰਦਾ ਹੈ। ਮੁਖੀ ਇਕ ਇਕ ਕਦਮ ਅੱਖਾਂ ਖੋਲ੍ਹ ਕੇ ਭਾਵ ਸਾਵਧਾਨ ਹੋ ਕੇ ਪੱਟੇ ਤਾਂ ਕਿ ਉਸ ਦੇ ਪਿਛੇ ਆ ਰਿਹਾ ਵਗ ਲਹੂ ਲੁਹਾਣ ਹੋਣ ਤੋਂ ਬਚ ਜਾਵੇ।

ਹੁਣ ਮੈਂ ਪਾਠਕਾਂ ਦਾ ਧਿਆਨ ਇਸ ਗੱਲ ਵੱਲ ਦਿਵਾਉਂਦਾ ਹਾਂ ਕਿ ਇਹ ਭਾਣਾ ਵਾਪਰਨ ਦੇ ਕਾਰਨ ਕੀ ਸਨ। ਮੈਂ ਬੜੇ ਦੁੱਖ ਨਾਲ ਇਹ ਗੱਲ ਕਹਿ ਰਿਹਾ ਹਾਂ ਕਿ ਸਾਡੇ ਪ੍ਰਚਾਰਕ, ਰਾਗੀ, ਢਾਡੀ ਤੇ ਨੇਤਾ ਸਟੇਜਾਂ ਉੱਤੇ ਗੱਜ ਵਜ ਕੇ ਇਹ ਕਹਿ ਦਿੰਦੇ ਹਨ ਕਿ ਪੰਜਾਬ ਸਦੀਆਂ ਤੋਂ ਦੇਸ਼ ਦੀ ਖੜਗ ਭੁਜਾ ਰਿਹਾ ਹੈ। ਕਿਉਂਕਿ ਪੱਛਮੀ ਜਰਵਾਣੇ ਜਦੋਂ ਵੀ ਦੇਸ਼ 'ਤੇ ਹਮਲਾ ਕਰਦੇ ਸਨ, ਤਾਂ ਪਹਿਲੇ ਪੰਜਾਬ ਨਾਲ ਹੀ ਉਨ੍ਹਾਂ ਦਾ ਵਾਹ ਪੈਂਦਾ ਸੀ। ਇਤਿਹਾਸ ਦੇ ਖੋਜੀਆਂ ਨੂੰ ਪਤਾ ਹੈ ਕਿ ਸਾਡੇ ਦੇਸ਼ 'ਤੇ ਅੱਠਵੀਂ ਸਦੀ ਤੋਂ ਲੈ ਕੇ ਲਗਭਗ ਅਠਾਰ੍ਹਵੀਂ, ਉਨ੍ਹੀਵੀਂ, ਸਦੀ ਤੱਕ ਕਈ ਜਰਵਾਣੇ ਗੱਜ ਵਜ ਕੇ ਆਉਂਦੇ ਰਹੇ ਤੇ ਦੇਸ਼ ਨੂੰ ਲੁੱਟਦੇ ਰਹੇ। ਮੁਹੰਮਦ ਗੌਰੀ, ਮਹਿਮੂਦ ਗਜ਼ਨਵੀਂ, ਅਹਿਮਦ ਸ਼ਾਹ ਅਬਦਾਲੀ, ਨਾਦਰ ਵਰਗਿਆਂ ਨੇ 10-10,12-12 ਹਮਲੇ ਕੀਤੇ। ਦੇਸ਼ ਦੀ ਖੜਗ ਭੁਜਾ ਦਾ ਜੇਕਰ ਖੜਗ ਭੁਜਾ ਵਾਲਾ ਰੋਲ ਹੁੰਦਾ ਤਾਂ ਐਨੇ ਹਮਲੇ ਕਿਵੇਂ ਸੰਭਵ ਹੋ ਸਕਦੇ ਹਨ।

ਮੈਂ ਇਤਿਹਾਸਕਾਰ ਕਰਮ ਸਿੰਘ, ਪਿਆਰਾ ਸਿੰਘ ਪਦਮ, ਡਾ. ਕਿਰਪਾਲ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਸੰਗਤ ਸਿੰਘ, ਡਾ. ਹਰਜਿੰਦਰ ਸਿੰਘ 'ਦਿਲਗੀਰ' ਦਾ ਲਿਖਿਆ ਇਤਿਹਾਸ ਪੜ੍ਹਿਆ ਹੈ। ਲਗਭਗ ਇਹ ਸਾਰੇ ਹੀ ਇਤਿਹਾਸਕਾਰ ਲਿਖਦੇ ਹਨ ਕਿ ਜਦੋਂ ਅਬਦਾਲੀ ਦੇਸ਼ ਅੰਦਰ ਦਾਖਲ ਹੁੰਦਾ ਸੀ, ਉਸ ਵੇਲੇ ਸਾਡੇ ਜਥੇਦਾਰ ਉਸ ਨਾਲ ਲੜਨ ਦੀ ਬਜਾਏ ਜੰਗਲਾਂ ਵਿਚ ਜਾ ਕੇ ਛੁਪ ਜਾਂਦੇ ਸਨ, ਇਕ ਤਰ੍ਹਾਂ ਅਬਦਾਲੀ ਨੂੰ ਹਰੀ ਝੰਡੀ ਦੇ ਦਿੰਦੇ ਸਨ। ਪਰ ਜਦੋਂ ਸਾਰੇ ਦੇਸ਼ ਨੂੰ ਲੁੱਟ ਕੇ ਉਹ ਵਾਪਸ ਅਉਂਦਾ ਸੀ ਉਦੋਂ ਸਤਿਲੁਜ, ਬਿਆਸ, ਰਾਵੀ, ਜਿਹਲਮ, ਝਨਾਬ ਝੰਗ ਦੇ ਅੱਟਕ ਦਰਿਆ ਦੇ ਨੇੜੇ ਜਾ ਕੇ ਉਸ ਦੇ ਕਾਫਲੇ ਨੂੰ ਲੁਟਦੇ ਸਨ। ਉਸ ਦਾ ਕਾਫਲਾ 10-10 ਮੀਲ ਲੰਬਾ ਹੁੰਦਾ ਸੀ। ਜਦੋਂ ਤੱਕ ਮੂਹਰੇ ਅਬਦਾਲੀ ਤੱਕ ਖ਼ਬਰ ਪਹੁੰਚਦੀ ਸੀ ਉਦੋਂ ਤੱਕ ਸਿੰਘ ਆਪਣਾ ਕੰਮ ਕਰਕੇ ਝੱਲਾਂ ਵਿਚ ਜਾ ਵੜਦੇ ਸਨ।

ਸਿੱਖ ਜਥੇਦਾਰਾਂ ਤੋਂ ਇਲਾਵਾ ਮਹਾਰਾਸ਼ਟਰ ਮਰਹੱਟੇ ਵੀ ਉਸ ਨੂੰ ਲੁੱਟਦੇ ਸਨ। ਇਕ ਵਾਰ ਅਬਦਾਲੀ ਨੇ ਆਪਣੇ ਸੂਬੇਦਾਰਾਂ ਨੂੰ ਪੁੱਛਿਆ, ਕਿ ਇਹ ਕੌਣ ਲੋਕ ਹਨ ਜੋ ਮੈਨੂੰ ਵੀ ਲੁੱਟ ਆ ਪੈਂਦੇ ਹਨ? ਸੂਬੇਦਾਰਾਂ ਨੇ ਜਵਾਬ ਦਿੱਤਾ ਕਿ ਜਨਾਬ, ਸਾਰੇ ਭਾਰਤ ਵਿਚ ਸਾਨੂੰ ਕੋਈ ਹੱਥ ਵੀ ਨਹੀਂ ਲਾ ਸਕਦਾ, ਬੱਸ ਦੋ ਹੀ ਕੌਮਾਂ ਹਨ ਇਕ 'ਮਹਾਰਾਸ਼ਟਰ ਦੇ ਮਰਹੱਟੇ' ਦੂਜੇ 'ਪੰਜਾਬ ਦੇ ਸਿੱਖ'। ਅਬਦਾਲੀ ਨੇ ਸੋਚ ਵਿਚਾਰ ਕਰਕੇ ਇਕ ਵਿਸ਼ੇਸ਼ ਗੇੜਾ ਮਰਹੱਟਿਆਂ ਨੂੰ ਖਤਮ ਕਰਨ ਲਈ ਮਾਰਿਆ। ਸੰਨ 1761 ਦੇ ਮਈ ਜੂਨ ਨੂੰ ਉਹ ਚੜ੍ਹ ਕੇ ਆ ਗਿਆ। ਮਰਹੱਟਿਆਂ ਨੂੰ ਸਾਰੇ ਦੇਸ਼ ਵਿਚੋਂ ਘੇਰ ਕੇ ਪਾਣੀਪਤ ਦੇ ਮੈਦਾਨ ਵਿਚ ਲਿਆਂਦਾ ਅਤੇ ਇਕ ਦਿਨ ਵਿਚ ਹੀ ਲਗਭਗ ਇਕ ਲੱਖ ਮਰਹੱਟਾ ਕਤਲ ਕੀਤਾ ਤੇ ਵਾਪਸ ਚਲਾ ਗਿਆ। ਇਸ ਘਟਨਾ ਨੂੰ ਪਾਣੀਪਤ ਦੀ ਤੀਜੀ ਲੜਾਈ ਕਰਕੇ ਜਾਣਿਆ ਜਾਂਦਾ ਹੈ। ਮੈਂ ਤਾਂ ਮਹਿਸੂਸ ਕਰਦਾ ਹਾਂ ਕਿ ਇਹ ਲੜਾਈ ਕੀ ਸੀ, ਇਹ ਤਾਂ ਇਕ ਕਿਸਮ ਦਾ ਕਤਲੇਆਮ ਸੀ। ਖੈਰ! ਮੈਂ ਜਿਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਕੀ ਇਸ ਘਟਨਾ ਦਾ ਸਿੱਖਾਂ ਨੂੰ ਪਤਾ ਨਹੀਂ ਲੱਗਿਆ ਹੋਵੇਗਾ? ਹੁਣ ਜੂਨ 1761 ਤੇ ਫਰਵਰੀ 1762 ਵਿਚ ਕਿੰਨੇ ਕੁ ਸਾਲਾਂ ਦਾ ਵਕਫ਼ਾ ਹੈ। ਉਹ ਰੱਬ ਦਾ ਬੰਦਾ ਅਬਦਾਲੀ ਜਨਵਰੀ 1762 ਵਿਚ ਫਿਰ ਚੜ੍ਹ ਕੇ ਆ ਗਿਆ। ਇਸ ਵਾਰ ਉਸ ਦਾ 'ਨਿਸ਼ਾਨਾ' ਪੰਜਾਬ ਦੇ ਸਿੱਖ ਸਨ। ਸੋ, ਉਸ ਨੇ ਸਿੱਖਾਂ ਨੂੰ ਕੁੱਪ ਰਹੀੜੇ (ਮਲੇਰਕੋਟਲੇ ਨੇੜੇ) ਘੇਰ ਕੇ ਇਕ ਦਿਨ ਵਿਚ ਹੀ ਲਗਭਗ 30 ਹਜ਼ਾਰ ਸਿੱਖ ਮਾਰ ਦਿੱਤੇ। ਮੈਂ ਕਈ ਵਾਰ ਸੋਚਦਾ ਹਾਂ ਕਿ ਦਸਵੇਂ ਪਾਤਸ਼ਾਹ ਨੇ 14 ਜੰਗਾਂ ਲੜੀਆਂ ਪਰ ਕਿਸੇ ਵੀ ਜੰਗ ਵਿਚੋਂ ਕੋਈ ਇਲਾਕਾ, ਧਨ ਦੌਲਤ ਜਾਂ ਰੁਪਈਆ ਪੈਸਾ ਲੁੱਟਣ ਦੀ ਪਿਰਤ ਨਹੀਂ ਪਾਈ। ਖੈਰ, ਜੇ ਸਮੇਂ ਦੀ ਲੋੜ ਸੀ, ਕਿਉਂਕਿ ਅਬਦਾਲੀ ਵੀ ਇਕ ਲੁਟੇਰਾ ਹੀ ਸੀ, ਲੁਟੇਰੇ ਨੂੰ ਲੁੱਟਣਾ ਕੋਈ ਪਾਪ ਤਾਂ ਨਹੀਂ ਹੋ ਸਕਦਾ। ਪਰ ਜਦੋਂ ਸਿੱਖਾਂ ਨੂੰ ਪਤਾ ਲੱਗ ਚੁੱਕਾ ਸੀ, ਕਿ ਇਸ ਨੇ ਮਰਹੱਟਿਆਂ ਨਾਲ ਕੀ ਕੀਤਾ ਹੈ, ਤਾਂ ਉਨ੍ਹਾਂ ਨੂੰ ਖ਼ਬਰਦਾਰ ਹੋ ਜਾਣਾ ਚਾਹੀਦਾ ਸੀ, ਇਸ ਘੱਲੂਘਾਰੇ ਨੂੰ ਰੋਕਣਾ ਲਈ ਕੋਈ ਉਪਰਾਲਾ ਸੋਚਣਾ ਚਾਹੀਦਾ ਸੀ। ਹਾਏ! ਐਸਾ ਨਾ ਹੋ ਸਕਿਆ।

ਸਿੱਖ ਕੌਮ ਬਾਰੇ ਸਰਦਾਰ ਕਪੂਰ ਸਿੰਘ 'ਸਰ ਫਜ਼ਲ ਹੁਸੈਨ' ਦਾ 'ਇਕ ਵੀਚਾਰ 'ਬਿਖ ਮਹਿ ਅੰਮ੍ਰਿਤ' ਕਿਤਾਬ ਦੇ ਪੰਨਾ 4 'ਤੇ ਲਿਖਦੇ ਹਨ ਕਿ ਹਿੰਦੂ ਬੜਾ ਦੂਰਦਰਸ਼ਕ ਹੈ। ਆਉਣ ਵਾਲੀ ਸਥਿਤੀ ਨੂੰ ਪਹਿਲਾ ਹੀ ਭਾਂਪ ਲੈਂਦਾ ਹੈ ਤੇ ਕੋਈ ਪ੍ਰਬੰਧ ਕਰ ਲੈਂਦਾ ਹੈ। ਪਰ ਮੁਸਲਮਾਨ ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ ਤੇ ਉਸ ਨਾਲ ਮਿਲਣ ਦਾ ਰਾਹ ਲੱਭ ਲੈਂਦਾ ਹੈ। ਪਰ ਸਿੱਖ, ਜਿੰਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਅਤੇ ਨਾ ਹੀ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ, ਫੜ੍ਹਾਂ ਮਾਰੀ ਜਾਂਦਾ ਹੈ ਤੇ ਫੋਕੇ ਦਮਗਜੇ ਮਾਰੀ ਜਾਂਦਾ ਹੈ।

ਸੰਨ 1762 ਤੋਂ 14 ਸਾਲ ਪਹਿਲਾਂ ਸਿੱਖਾਂ ਨੇ 12 ਮਿਸਲਾਂ ਦਾ ਗਠਨ ਕਰ ਲਿਆ ਸੀ। ਮੇਰਾ ਭਾਵ ਹੈ ਕਿ ਉਸ ਸਮੇਂ ਸਿੱਖਾਂ ਦੀ ਹਾਲਤ (ਫੌਜੀ ਪੱਖੋਂ) ਐਨੀ ਮਾੜੀ ਨਹੀਂ ਸੀ। ਦੂਜੀ ਗੱਲ ਜਿਸ ਸਮੇਂ ਭਾਣਾ ਵਾਪਰਿਆ ਉਸ ਵੇਲੇ ਪਟਿਆਲੇ ਵਿਚ ਬਾਬਾ ਆਲਾ ਸਿੰਘ ਦਾ ਰਾਜ ਸੀ। ਪਟਿਆਲੇ ਤੋਂ ਕੁੱਪ ਰਹੀੜਾ ਕਿੰਨੇ ਕੁ ਮੀਲ ਹੈ। ਮੇਰਾ ਖਿਆਲ ਹੈ 20-30 ਕੁ ਮੀਲ ਹੀ ਹੋਵੇਗਾ। ਖੈਰ, ਜੇ ਸਿੱਖ ਸਰਦਾਰ ਅਤੇ ਮਰਹੱਟੇ ਰਲ ਕੇ ਵੀ ਅਬਦਾਲੀ ਨੂੰ ਪੈ ਜਾਂਦੇ ਤਾਂ ਇਤਿਹਾਸ ਕੁਝ ਹੋਰ ਹੋਣਾ ਸੀ।

ਅਠਾਰਵ੍ਹੀਂ ਸਦੀ ਦੇ ਪਿਛਲੇ ਅੱਧ ਵਿਚ ਦਿੱਲੀ ਅਤੇ ਲਾਹੌਰ ਸ਼ਹਿਰਾਂ ਦੀ ਹਾਲਤ (ਸੱਤਾ ਦੇ ਪੱਖ ਤੋਂ) ਬਹੁਤ ਪਤਲੀ ਹੋ ਗਈ ਸੀ। ਭਾਵ ਕਿ ਕੋਈ ਸ਼ਕਤੀਸ਼ਾਲੀ ਰਾਜਾ ਇਨ੍ਹਾਂ ਸ਼ਹਿਰਾਂ ਵਿਚ ਸਥਾਪਤ ਨਹੀਂ ਸੀ। ਇਸ ਸਮੇਂ ਵਿਚ ਵੀ ਸਿੱਖ ਲੁੱਟ ਮਾਰ ਕਰਨਾ ਹੀ ਜਾਰੀ ਰੱਖਦੇ ਰਹੇ। ਪ੍ਰਿੰਸੀਪਲ ਸਤਿਬੀਰ ਸਿੰਘ ਜੀ 'ਪੂਰਨ ਸੱਚ ਭਰੇ' ਕਿਤਾਬ ਵਿਚ ਪੰਨਾ 228-229 'ਤੇ ਲਿਖਦੇ ਹਨ ਕਿ ਸੰਨ 1765 ਤੋਂ ਲੈ ਕੇ 1787 ਤੱਕ ਸਿੱਖਾਂ ਨੇ ਦਿੱਲੀ ਨੂੰ 15 ਵਾਰੀ ਲੁੱਟਿਆ। ਤੇ ਇਸੇ ਤਰ੍ਹਾਂ ਕਈ ਵਾਰ ਲਾਹੌਰ ਨੂੰ ਵੀ ਲੁੱਟਿਆ। ਪਰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਿੱਖਾਂ ਨੇ ਉਸ ਸਮੇਂ ਰਾਜ ਆਪਣੇ ਹੱਥਾਂ ਵਿਚ ਨਾ ਲਿਆ। ਸਿੱਖ ਇਹ ਹੀ ਕਹਿੰਦੇ ਰਹੇ ਕਿ ਸਿੱਖੀ ਪ੍ਰੇਮ ਮੂਹਰੇ ਰਾਜ ਕੀ ਅਹਿਮੀਅਤ ਰੱਖਦਾ ਹੈ। ਅਸੀਂ ਰਾਜ ਕੀ ਕਰਨਾ ਹੈ। ਉਹ ਇਹ ਭੁੱਲਦੇ ਰਹੇ ਕਿ ਰਾਜ ਆਪਣੇ ਹੱਥ ਨਾ ਹੋਣ ਦੀ ਵਜ੍ਹਾ ਕਰਕੇ ਹੀ ਐਨੇ ਸਾਲ ਸਿੱਖਾਂ ਨੂੰ ਜ਼ੁਲਮ ਸਹਿਣੇ ਪਏ।

ਦਸਮੇਂ ਪਾਤਿਸ਼ਾਹ ਜੀ ਨੇ ਰਾਜ ਦੇ ਸਬੰਧ ਵਿਚ ਬੜੇ ਸਾਫ਼ ਵਚਨ ਕੀਤੇ ਹੋਏ ਹਨ। ਸ੍ਰੀ ਮੁੱਖ ਵਾਕ ਭਨਿਓ ਗਰੀਬ ਨਿਵਾਜ, ਸ਼ਸਤਰਨ ਕੇ ਅਧੀਨ ਹੈ ਰਾਜ।

ਰਾਜ ਬਿਨਾ ਨਹਿ ਧਰਮ ਚਲੇ ਹੈ, ਧਰਮ ਬਿਨਾ ਸਭ ਦਲੇ ਮੇਲ ਹੈ।। 'ਸੂਰਜ ਪ੍ਰਕਾਸ਼' ਭਾਵ ਰਾਜ ਲੈਣਾ ਕੋਈ ਮਾੜਾ ਨਹੀਂ ਹੁੰਦਾ ਜੇਕਰ ਰਾਜ ਪਾ ਕੇ ਧਰਮ ਦਾ ਪ੍ਰਚਾਰ ਕੀਤਾ ਜਾਵੇ। ਕਿਉਂਕਿ ਪਾਠਕਾਂ ਨੂੰ ਪਤਾ ਹੀ ਹੈ ਕਿ ਜੇ ਬੁੱਧ ਧਰਮ ਭਾਰਤ ਅਤੇ ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਫੈਲਿਆ ਤਾਂ ਇਹ ਰਾਜਾ ਅਸ਼ੋਕ ਦੀ ਮਿਹਰਬਾਨੀ ਨਾਲ ਹੀ ਹੋ ਸਕਿਐ ਕਿਉਂਕਿ ਰਾਜਾ ਅਸ਼ੋਕ ਨੇ ਹੀ ਬਹੁਤ ਸਾਰੇ ਬੋਧੀ ਭਿਕਸ਼ੂ ਭਾਰਤ ਤੋਂ ਬਾਹਰਲੇ ਦੇਸ਼ਾਂ ਵਿਚ ਭੇਜੇ ਸਨ, ਜਿਨ੍ਹਾਂ ਦੀ ਮਿਹਰਬਾਨੀ ਸਦਕਾ ਬੁੱਧ ਧਰਮ ਚੀਨ, ਨੇਪਾਲ, ਬਰਮਾ, ਸ੍ਰੀ ਲੰਕਾ ਅਰਬ ਅਤੇ ਅਫਰੀਕਾ ਵਗੈਰਾ ਵਿਦੇਸ਼ਾਂ ਵਿਚ ਸਥਾਪਤ ਹੋ ਸਕਿਆ।

ਮੁਸਲਮਾਨ ਰਾਜਿਆਂ ਨੇ ਵੀ ਇਸਲਾਮ ਨੂੰ ਵੱਡੀ ਪੱਧਰ 'ਤੇ ਦੁਨੀਆ ਵਿਚ ਪ੍ਰਚਲਤ ਕਰਨ ਵਿਚ ਆਪਣਾ ਯੋਗਦਾਨ ਪਾਇਆ। ਇਸੇ ਕਰਕੇ ਈਸਾਈ, ਯਹੂਦੀ, ਇਸਲਾਮ ਤੇ ਬੁੱਧ ਧਰਮ ਦੁਨੀਆ ਵਿਚ ਪਹਿਲੇ ਅਸਥਾਨਾਂ 'ਤੇ ਸ਼ੁਮਾਰ ਕੀਤੇ ਜਾਂਦੇ ਹਨ।

ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅਜਿਹੇ ਸਮੇਂ ਸਿੱਖਾਂ ਨੇ ਰਾਜ ਹੀ ਨਹੀਂ ਲਿਆ ਧਰਮ ਦਾ ਪ੍ਰਚਾਰ ਕਿੱਥੇ ਤੇ ਕਿਸ ਨੇ ਕਰਨਾ ਸੀ। ਅੰਗਰੇਜ਼ ਵਿਦਵਾਨ 'ਮੈਕਾਲਫ' ਇਕ ਜਗ੍ਹਾ ਹਉਕਾ ਭਰ ਕੇ ਕਹਿੰਦਾ ਹੈ ਕਿ "ਕਾਸ਼ ਕਿਤੇ ਗੁਰੂ ਗੋਬਿੰਦ ਸਿੰਘ ਜੀ ਇੰਗਲੈਂਡ ਵਿਚ ਜਨਮੇ ਹੁੰਦੇ, ਅਸੀਂ ਸਾਰੀ ਦੁਨੀਆ ਵਿਚ ਸਿੱਖੀ ਦਾ ਝੰਡਾ ਝੁਲਾ ਦੇਂਦੇ।'

ਕੌਮ ਦੀਆਂ ਅਣਗਹਿਲੀਆਂ ਹੀ ਸਮਝੀਏ ਕਿ ਪਹਿਲਾਂ ਇਤਿਹਾਸ ਵਿਚ 1762 ਵਾਲੇ ਘੱਲੂਘਾਰੇ ਨੂੰ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਸੀ, ਜਿਸ ਵਿਚ ਸਿੱਖਾਂ ਦਾ 30 ਹਜ਼ਾਰ ਦਾ ਜਾਨੀ ਨੁਕਸਾਨ ਹੋਇਆ ਸੀ। ਪਰ ਜੂਨ 1984 ਵਿਚ ਦਰਬਾਰ ਸਾਹਿਬ ਵਿਚ ਐਸਾ ਘੱਲੂਘਾਰਾ ਹੋਇਆ ਜਿਸ ਵਿਚ ਜੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ, ਮੇਰਠ ਤੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਹੋਇਆ ਜਾਨੀ ਨੁਕਸਾਨ ਦੇਖਿਆ ਜਾਵੇ ਤਾਂ ਇਹ ਗਿਣਤੀ ਲਗਭਗ ਦੋ ਲੱਖ ਨੂੰ ਪਹੁੰਚ ਜਾਂਦੀ ਹੈ। ਹੁਣ ਤਾਂ ਇਸੇ ਜੂਨ 1984 ਵਾਲੇ ਘੱਲੂਘਾਰੇ ਨੂੰ ਵੱਡਾ ਘੱਲੂਘਾਰਾ ਕਹਿਣਾ ਚਾਹੀਦਾ ਹੈ। ਜੋ ਕਿ ਆਪਣੇ ਹੀ ਦੇਸ਼ ਦੀ ਕੇਂਦਰੀ ਸਰਕਾਰ ਨੇ ਗਿਣੀ ਮਿਥੀ ਸਾਜ਼ਿਸ਼ ਤਹਿਤ ਕੀਤਾ। ਇਸ ਘੱਲੂਘਾਰੇ ਬਾਰੇ ਬੀ.ਬੀ.ਸੀ. ਲੰਡਨ ਦੇ ਪੱਤਰਕਾਰ ਮਾਰਕ ਟਲੀ, ਸਤੀਸ਼ ਜੈਕਬ, ਖੁਸ਼ਵੰਤ ਸਿੰਘ, ਕੁਲਦੀਪ ਨਈਅਰ, ਪੱਤਰਕਾਰ ਦਲਬੀਰ ਸਿੰਘ, ਪੱਤਰਕਾਰ ਹਰਬੀਰ ਸਿੰਘ ਭੰਵਰ, ਏ.ਆਰ. ਦਰਸ਼ੀ, ਡਾ. ਸੰਗਤ ਸਿੰਘ ਤੇ ਹੋਰ ਕਈ ਵਿਦਵਾਨਾਂ ਨੇ ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਲੋਕਾਂ ਨੂੰ ਇਸ ਬਾਰੇ 'ਸੱਚ' ਦਾ ਪਤਾ ਨਹੀਂ ਹੈ, ਉਹ ਆਮ ਤੌਰ 'ਤੇ ਸਾਰਾ ਦੋਸ਼ ਸਿੱਖਾਂ ਸਿਰ ਹੀ ਮੜ੍ਹ ਦਿੰਦੇ ਹਨ। ਇਸ ਸਾਰੇ ਰਾਮ ਰੌਲੇ ਵਿਚ ਇਕ ਗੱਲ ਬਹੁਤ ਧਿਆਨ ਮੰਗਦੀ ਹੈ। ਜਦੋਂ ਜੂਨ 1984 ਤੋਂ ਪਹਿਲਾਂ ਸਿੱਖ ਲੀਡਰਾਂ ਦੀਆਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਪੰਜਾਬ ਸਮੱਸਿਆ ਬਾਰੇ ਮੀਟਿੰਗਾਂ ਚਲਦੀਆਂ ਸਨ ਤਾਂ ਘੱਟੋ-ਘੱਟ ਦੋ ਵਾਰੀ ਉਸ ਵੇਲੇ ਦੇ ਵਿਦੇਸ਼ ਮੰਤਰੀ ਸਵਰਨ ਸਿੰਘ ਨੇ ਦੋਹਾਂ ਧਿਰਾਂ ਵਿਚ ਪੈ ਕੇ ਦੋਹਾਂ ਧਿਰਾਂ ਨੂੰ ਮਨਾ ਕੇ ਰਾਜ਼ੀ ਕਰ ਲਿਆ ਸੀ। ਸਾਰੀ ਸਮੱਸਿਆ ਮੁੱਕ ਗਈ ਸੀ, ਬੱਸ ਸਵੇਰ ਨੂੰ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਜਾ ਕੇ ਐਲਾਨ ਕਰਨਾ ਸੀ। ਪਰ ਹਾਇ ਦੋਹਾਂ ਵੇਲੇ ਹੀ ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਜਾ ਕੇ ਐਲਾਨ ਨਾ ਕੀਤਾ। ਇਹ ਦੇਖ ਕੇ ਸਵਰਨ ਸਿੰਘ ਨੇ ਦੁਖੀ ਹੋ ਕੇ ਇਹ ਗੱਲ ਕੀਤੀ ਕਿ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਦਿਆਨਤਦਾਰ ਨਹੀਂ। ਇਹ ਗੱਲ ਪਾਠਕ ਮਾਰਕ ਟਲੀ, ਸ਼ਤੀਸ਼ ਜੈਕਬ ਦੀ ਕਿਤਾਬ 'ਇੱਛਾ ਗਾਂਧੀ ਦੀ ਅੰਤਕੀ ਲੜਾਈ' ਵਿਚ ਪੜ੍ਹ ਸਕਦੇ ਹਨ। ਜ਼ਿਆਦਾ ਵਿਸਥਾਰ ਨਾਲ ਡਾ. ਸੰਗਤ ਸਿੰਘ ਦੀ ਕਿਤਾਬ 'ਇਤਿਹਾਸ ਵਿਚ ਸਿੱਖ' ਵਿਚ ਵੀ ਪੜ੍ਹ ਸਕਦੇ ਹਨ। ਇਸ ਗੱਲ ਤੋਂ ਸਾਬਤ ਹੋ ਜਾਂਦਾ ਹੈ ਜਿਵੇਂ ਕਿ ਡਾ. ਸੰਗਤ ਸਿੰਘ ਕਹਿੰਦੇ ਹਨ ਕਿ ਪ੍ਰਧਾਨ ਮੰਤਰੀ ਨੇ ਇਹ ਕਾਰਾ ਕਰਨ ਲਈ ਪੱਕੀ ਠਾਣੀ ਹੋਈ ਸੀ 'ਭਿੰਡਰਾ ਵਾਲੇ' ਤਾਂ ਇਕ ਬਹਾਨਾ ਬਣ ਗਏ।

ਬਾਕੀ ਸਫ਼ਾ 33 'ਤੇ

# ਆਮ ਆਦਮੀ ਪਾਰਟੀ ਨੇ ਵੋਟਿੰਗ ਮਸ਼ੀਨਾਂ ਦੀ ਰਾਖੀ ਲਈ ਗੱਡੇ ਤੰਬੂ

## ਲੰਬੀ 'ਚ ਕੈਪਟਨ ਅਮਰਿੰਦਰ ਸਿੰਘ ਨੇ ਸਟਰਾਂਗ ਰੂਮ 'ਤੇ ਜੜਿਆ ਜਿੰਦਰਾ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਚਾਰ ਫਰਵਰੀ ਨੂੰ ਹੋਈ ਵੋਟਿੰਗ ਮਗਰੋਂ 11 ਮਾਰਚ ਨੂੰ ਹੋਣ ਵਾਲੀ ਵੋਟਾਂ ਦੀ ਗਿਣਤੀ ਵਿਚ ਹਾਲੇ ਕਾਫ਼ੀ ਵਕਤ ਹੈ। ਚੋਣ ਕਮਿਸ਼ਨ ਨੇ ਵੋਟਿੰਗ ਮਸ਼ੀਨਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਜ਼ਿਲ੍ਹੇ ਵਿਚ ਸਟਰਾਂਗ ਰੂਮ ਬਣਾਏ ਹਨ, ਜਿੱਥੇ ਸਖ਼ਤ ਸੁਰੱਖਿਆ ਵਿਚਾਲੇ ਸੀਲਬੰਦ ਵੋਟਿੰਗ ਮਸ਼ੀਨਾਂ ਰੱਖੀਆਂ ਗਈਆਂ ਹਨ। ਵੋਟਿੰਗ ਮਗਰੋਂ ਜਿੱਤ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਨੇ ਜਿੱਥੇ ਵੋਟਿੰਗ ਮਸ਼ੀਨਾਂ ਦੀ ਨਿਗਰਾਨੀ ਲਈ 15-15 ਵਰਕਰਾਂ ਦੀ ਟੀਮ ਬਣਾਈ ਹੈ, ਜੋ ਤੰਬੂ ਲਾ ਕੇ ਸਟਰਾਂਗ ਰੂਮ ਦੇ ਬਾਹਰ ਚੌਕਸੀ ਵਿਚ ਲੱਗੀ ਹੈ, ਉਥੇ ਕੈਪਟਨ ਅਮਰਿੰਦਰ ਸਿੰਘ ਨੇ ਲੰਬੀ ਵਿਚ ਮਲੌਟ ਇੰਸਟੀਚਿਊਟ ਫਾਰ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨਾਲੋਜੀ ਵਿਖੇ ਸਟਰਾਂਗ ਰੂਮ ਨੂੰ ਆਪਣਾ ਤਾਲਾ ਲਾ ਦਿੱਤਾ ਹੈ। ਰਿਟਰਨਿੰਗ ਅਫ਼ਸਰ ਅਨਮੋਲ ਸਿੰਘ ਧਾਲੀਵਾਲ ਨੇ ਇਸ ਦੀ ਪੁਸ਼ਟੀ ਕੀਤੀ ਹੈ। ਧਾਲੀਵਾਲ ਦਾ ਕਹਿਣਾ ਹੈ ਕਿ ਉਮੀਦਵਾਰ ਸਟਰਾਂਗ ਰੂਮ ਨੂੰ ਆਪਣਾ ਤਾਲਾ ਵੀ ਲਾ ਸਕਦਾ ਹੈ ਤੇ ਚਾਬੀਆਂ ਵੀ ਆਪਣੇ ਕੋਲ ਰੱਖ ਸਕਦਾ ਹੈ। ਚੌਵੀ ਘੰਟੇ ਪਟਿਆਲਾ ਫਿਜ਼ੀਕਲ ਐਜੂਕੇਸ਼ਨ ਕਾਲਜ ਦੇ ਬਾਹਰ ਤੰਬੂ ਵਿਚ ਗੀਤ ਗਾ ਕੇ ਤੇ ਹਾਸਾ ਮਜ਼ਾਕ ਕਰਦਿਆਂ 11 ਮਾਰਚ ਦਾ ਇੰਤਜ਼ਾਰ ਹੋ ਰਿਹਾ ਹੈ। ਵੋਟਿੰਗ ਵਾਲੇ ਦਿਨ ਤਕ ਨਾਭਾ ਤੋਂ 'ਆਪ' ਉਮੀਦਵਾਰ ਤੇ ਉਨ੍ਹਾਂ ਦੇ ਸਮਰਥਕਾਂ ਦਾ ਇਹੀ ਰੂਟੀਨ ਰਹਿਣ ਵਾਲਾ ਹੈ। 'ਆਪ' ਨੇ ਸੂਬੇ ਦੇ ਸਾਰੇ ਸਟਰਾਂਗ ਰੂਮ ਵਿਚ ਆਪਣੇ ਵਰਕਰਾਂ ਦੀ ਡਿਊਟੀ ਲਾਈ ਹੈ। ਨਾਭਾ ਤੋਂ 'ਆਪ' ਉਮੀਦਵਾਰ ਗੁਰਦੇਵ ਸਿੰਘ ਮਾਨ ਦਾ ਕਹਿਣਾ ਹੈ, 'ਮਕਸਦ ਇਹੀ ਹੈ ਕਿ ਲੋਕਾਂ ਨੇ ਜੋ ਭਰੋਸਾ ਪ੍ਰਗਟਾਇਆ ਹੈ, ਉਸ ਨੂੰ ਟੁੱਟਣ ਨਹੀਂ ਦੇਣਾ। ਚੋਣ ਕਮਿਸ਼ਨ ਨੇ ਬਹੁਤ ਚੰਗੀ ਚੋਣ ਕਰਵਾਈ ਹੈ। ਅਜਿਹਾ ਨਹੀਂ ਹੈ ਕਿ ਸਾਨੂੰ ਉਨ੍ਹਾਂ 'ਤੇ ਭਰੋਸਾ ਨਹੀਂ ਪਰ ਫਿਰ ਵੀ ਅਸੀਂ ਬਾਅਦ ਵਿਚ ਕੁਝ ਕਹਿਣ ਲਈ ਮੌਕਾ ਨਹੀਂ ਛੱਡਣਾ ਚਾਹੁੰਦੇ।' ਵੈਸੇ ਤਾਂ ਸਟਰਾਂਗ ਰੂਮ ਨੂੰ ਤਿੰਨ ਪੱਧਰੀ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਬਾਹਰ ਪੰਜਾਬ ਪੁਲੀਸ ਦੇ ਜਵਾਨ ਤਾਂ ਅੰਦਰੂਨੀ ਸੁਰੱਖਿਆ ਪੰਜਾਬ ਆਰਮਡ ਪੁਲੀਸ ਦੇ ਹਵਾਲੇ ਹੈ ਤੇ ਸਟਰਾਂਗ ਰੂਮ ਦੇ ਦਰਵਾਜ਼ੇ 'ਤੇ ਕੇਂਦਰੀ ਸੁਰੱਖਿਆ ਬਲ ਦੇ ਜਵਾਨ ਤੈਨਾਤ ਹਨ। ਚੋਣ ਕਮਿਸ਼ਨ ਦੀ ਮਰਜ਼ੀ ਬਿਨਾਂ ਇਥੇ ਪਰਿੰਦਾ ਵੀ ਪਰ੍ਹ ਨਹੀਂ ਮਾਰ ਸਕਦਾ ਪਰ ਸ਼ਿਕਾਇਤਾਂ ਫੇਰ ਵੀ ਆ ਰਹੀਆਂ ਹਨ। 'ਆਪ' ਨੇਤਾ ਐਚ.ਐਸ. ਫੂਲਕਾ ਨੇ ਦੋਸ਼ ਲਾਇਆ ਹੈ ਕਿ ਗਿੱਲ ਹਲਕੇ ਦੇ ਰਿਟਰਨਿੰਗ ਅਫ਼ਸਰ ਪੰਜ ਸੱਤ ਲੋਕਾਂ ਨੂੰ ਲੈ ਕੇ ਸਟਰਾਂਗ ਰੂਮ ਵਿਚ ਗਏ ਤੇ ਅੱਧਾ ਘੰਟਾ ਰਹੇ, ਅੰਦਰ ਕੀ ਹੋਇਆ, ਨਹੀਂ ਪਤਾ। ਜਦੋਂ ਸਾਡੇ ਵਲੰਟੀਅਰਾਂ ਨੇ ਰੌਲਾ ਪਾਇਆ ਤਾਂ ਉਹ ਲੋਕ ਬਾਹਰ ਆ ਗਏ। ਹਾਲਾਂਕਿ ਚੋਣ ਕਮਿਸ਼ਨ ਵੋਟਿੰਗ ਮਸ਼ੀਨਾਂ ਨਾਲ ਛੇੜ-ਛਾੜ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਨਿਰਾਧਾਰ ਦਸ ਰਿਹਾ ਹੈ। ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਨੇ ਕਿਹਾ, 'ਅਜਿਹੀ ਕੋਈ ਗੱਲ ਨਹੀਂ ਹੈ। ਸਟਰਾਂਗ ਰੂਮ ਵਿਚ ਪੁਖ਼ਤਾ ਸੁਰੱਖਿਆ ਹੈ। ਉਸ ਵਿਚ ਕੋਈ ਛੇੜ-ਛਾੜ ਨਹੀਂ ਕਰ ਸਕਦਾ, ਸਾਰੇ ਬੇਫ਼ਿਕਰ ਰਹਿਣ।' ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ ਵੀ ਲਾਏ ਗਏ ਹਨ।



ਪੰਜਾਬ ਦੀਆਂ ਇਲੈਕਟ੍ਰਾਨਿਕ ਵੋਟ ਮਸ਼ੀਨਾਂ ਦੀ ਸੁਰੱਖਿਆ ਬਾਰੇ ਖਦਸ਼ਿਆਂ ਨੂੰ ਵੇਖਦਿਆਂ ਖੁਦ ਦਿਨ ਰਾਤ ਰਾਖੀ ਲਈ ਤੰਬੂ ਲਾਈ ਬੈਠੇ ਆਮ ਆਦਮੀ ਪਾਰਟੀ ਦੇ ਵਰਕਰ।

## ਮੋਦੀ ਨੇ ਕੀਤੀ ਟਿੱਚਰ ਤੇ ਭਗਵੰਤ ਮਾਨ ਨੇ ਵੀ ਦਿੱਤਾ ਠੋਕਵਾਂ ਜਵਾਬ

**ਚੰਡੀਗੜ੍ਹ/ਬਿਊਰੋ ਨਿਊਜ਼ :** ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ ਨੂੰ ਸੰਸਦ ਵਿਚ ਆਹਮੋ-ਸਾਹਮਣੇ ਹੋ ਗਏ। ਮੋਦੀ ਨੇ ਸੰਸਦ ਵਿਚ ਰਾਸ਼ਟਰਪਤੀ ਦੇ ਭਾਸ਼ਨ 'ਤੇ ਬਹਿਸ ਦੌਰਾਨ ਸ਼ਰਾਬ ਵੱਲ ਇਸ਼ਾਰਾ ਕਰਕੇ ਭਗਵੰਤ ਮਾਨ ਨੂੰ ਟਿੱਚਰ ਕੀਤੀ। ਇਸ ਗੱਲ਼ ਤੋਂ ਭਗਵੰਤ ਮਾਨ ਵੀ ਤਾਅ ਵਿਚ ਆ ਗਏ। ਉਹ ਸੰਸਦ ਵਿੱਚ ਤਾਂ ਕੁਝ ਨਹੀਂ ਬੋਲੇ ਪਰ ਸੰਸਦ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਮੋਦੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਸੰਸਦ ਦੀ ਮਾਣ-ਮਰਿਆਦਾ ਨੂੰ ਠੇਸ ਪਹੁੰਚਾਈ ਹੈ।

ਮਾਨ ਨੇ ਕਿਹਾ ਕਿ ਮੋਦੀ ਨੇ ਰਾਸ਼ਟਰਪਤੀ ਦੇ ਭਾਸ਼ਨ ਦੇ ਧੰਨਵਾਦ ਪ੍ਰਸਤਾਵ 'ਤੇ ਹੋਈ ਚਰਚਾ ਦਾ ਉੱਤਰ ਦਿੰਦੇ ਹੋਏ ਦੇਸ਼ ਦੀ ਜਨਤਾ ਦੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਨਿੱਜੀ ਹਮਲੇ ਕੀਤੇ ਤੇ ਕੰਪਨੀਆਂ ਦੇ ਨਾਂ ਲਏ। ਇਸ ਤਰ੍ਹਾਂ ਦਾ ਵਰਤਾਅ ਸੰਸਦ ਵਿਚ ਨਹੀਂ ਕੀਤਾ ਜਾਂਦਾ।

ਭਗਵੰਤ ਮਾਨ ਤੋਂ ਜਦੋਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੀ ਗਈ ਟਿੱਪਣੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੋਦੀ ਨੇ ਸੰਸਦ ਦੇ ਨਿਯਮਾਂ ਨੂੰ ਤੋੜਿਆ ਹੈ। ਨਿੱਜੀ ਨਾਮ ਲਏ ਹਨ ਤੇ ਜੀਓ ਕੰਪਨੀ ਦਾ ਨਾਂ ਵੀ ਆਪਣੇ ਭਾਸ਼ਨ ਵਿਚ ਲਿਆ ਹੈ।

ਕਾਬਲੇਗੌਰ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਸੰਸਕ੍ਰਿਤ ਦਾ ਇੱਕ ਸਲੋਕ ਪੜ੍ਹਿਆ ਸੀ, ਜਿਸ ਵਿਚ ਕਰਜ਼ਾ ਲੈ ਕੇ ਘਿਓ ਪੀਣ ਦੀ ਗੱਲ ਕਹੀ ਗਈ ਹੈ। ਇਸੇ ਦੌਰਾਨ ਉਨ੍ਹਾਂ ਨੇ ਕਿਹਾ ਕਿ ਉਸ ਸਮੇਂ ਭਗਵੰਤ ਮਾਨ ਹੁੰਦੇ ਤਾਂ ਕੁਝ ਹੋਰ ਪੀਣ ਦੀ ਗੱਲ ਕਰਦੇ। ਮੋਦੀ ਦੇ ਇੰਨਾ ਕਹਿੰਦੇ ਹੀ ਭਗਵੰਤ ਮਾਨ ਸੰਸਦ ਵਿਚ ਖੜ੍ਹੇ ਹੋ ਕੇ ਜਵਾਬ ਦੇਣ ਲੱਗੇ।

## ਇੰਮੀਗਰੈਂਟਸ ਕੋਟੇ 'ਚ ਵੱਡੀ ਕਟੌਤੀ ਲਈ ਬਿੱਲ

**ਵਾਸ਼ਿੰਗਟਨ/ਬਿਊਰੋ ਨਿਊਜ਼:**
ਅਮਰੀਕਾ ਦੇ ਦੋ ਸੈਨੇਟਰਾਂ ਨੇ ਇੰਮੀਗਰੇਸ਼ਨ ਕੋਟੇ ਉੱਤੇ ਕਟੌਤੀ ਲਾਉਣ ਸਬੰਧੀ ਜਿਹੜਾ ਬਿੱਲ ਪੇਸ਼ ਕੀਤਾ ਹੈ ਉਸ ਦੇ ਪਾਸ ਹੋਣ ਦੀ ਸੂਰਤ ਵਿੱਚ ਭਾਰਤ ਤੋਂ ਹਜ਼ਾਰਾਂ ਲੋਕਾਂ ਦੇ ਅਮਰੀਕਾ ਵਿੱਚ ਪੱਕੇ ਤੌਰ ਉੱਤੇ ਵਸਣ ਸਬੰਧੀ ਵੱਡੀ ਪੱਧਰ ਉੱਤੇ ਅਸਰ ਪਵੇਗਾ। ਸੱਤਾਧਾਰੀ ਰਿਪਬਲਿਕਨ ਪਾਰਟੀ ਦੇ ਸੈਨੇਟਰ ਟੌਮ ਕੌਟਨ ਅਤੇ ਵਿਰੋਧੀ ਡੈਮੋਕਰੇਟ ਪਾਰਟੀ ਦੇ ਸੈਨੇਟਰ ਡੇਵਿਡ ਪਰਡਿਊ ਵਲੋਂ ਰੇਜ ਐਕਟ (RAISE Act) ਵਜੋਂ ਪੇਸ਼ ਕੀਤੇ ਇਸ ਬਿੱਲ ਦਾ ਮਕਸਦ ਅਮਰੀਕਾ ਲਈ ਗਰੀਨ ਕਾਰਡ ਅਤੇ ਕਾਨੂੰਨੀ ਤੌਰ ਉੱਤੇ ਪੱਕਿਆਂ ਹੋਣ ਵਾਲਿਆਂ ਦੀ ਮੌਜੂਦਾ 10 ਲੱਖ ਦੀ ਗਿਣਤੀ ਘਟਾ ਕੇ ਅੱਧੀ ਕਰਨਾ ਹੈ। ਇਸ ਬਿੱਲ, ਜਿਸਨੂੰ ਟਰੰਪ ਪ੍ਰਸ਼ਾਸ਼ਨ ਦੀ ਹਮਇਤ ਹਾਸਲ ਹੈ, ਨਾਲ ਵਰ੍ਹਿਆਂ ਤੋਂ ਗਰੀਨ ਕਾਰਡਾਂ ਅਤੇ ਰੁਜ਼ਗਾਰ ਦੇ ਆਧਾਰ ਉੱਤੇ ਅਮਰੀਕਾ ਆਵਾਸ ਕਰਨ ਵਾਲੇ ਹਜ਼ਾਰਾਂ ਭਾਰਤੀਆਂ ਦਾ ਭਵਿੱਖ ਪ੍ਰਭਾਵਿਤ ਹੋਵੇਗਾ। ਇਸ ਸਮੇਂ ਭਾਰਤੀਆਂ ਨੂੰ ਗਰੀਨ ਕਾਰਡ ਪ੍ਰਾਪਤ ਕਰਨ ਲਈ 10 ਤੋਂ 35 ਸਾਲ ਤੱਕ ਦਾ ਸਮਾਂ ਲਗਦਾ ਹੈ। ਬਿੱਲ ਦੇ ਬਾਅਦ ਤਾਂ ਹਾਲਤ ਹੋਰ ਵੀ ਮਾੜੇ ਹੋ ਜਾਣਗੇ।

# ਚੋਣ ਕਮਿਸ਼ਨ ਦੇ ਹੁਕਮਾਂ 'ਤੇ 48 ਪੋਲਿੰਗ ਬੂਥਾਂ 'ਤੇ ਮੁੜ ਵੋਟਿੰਗ 9 ਫਰਵਰੀ ਨੂੰ

### ਬਾਦਲ ਸਰਕਾਰ ਨੇ ਮੁੜ ਵੋਟਿੰਗ ਕਰਵਾਉਣ 'ਚ ਸਾਜ਼ਿਸ਼ ਰਚੀ : ਕਾਂਗਰਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੋਣ ਕਮਿਸ਼ਨ ਨੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ 16 ਅਤੇ ਪੰਜ ਵਿਧਾਨ ਸਭਾ ਹਲਕਿਆਂ ਦੇ 32 ਚੋਣ ਬੂਥਾਂ 'ਤੇ 4 ਫਰਵਰੀ ਨੂੰ ਪਈਆਂ ਵੋਟਾਂ ਦੀ ਪ੍ਰਕਿਰਿਆ ਨੂੰ ਰੱਦ ਕਰਕੇ ਇਨ੍ਹਾਂ ਕੁੱਲ 48 ਬੂਥਾਂ 'ਤੇ 9 ਫਰਵਰੀ ਨੂੰ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਮੁੜ ਮਤਦਾਨ ਕਰਾਉਣ ਦੇ ਹੁਕਮ ਦਿੱਤੇ ਹਨ। ਚੋਣ ਕਮਿਸ਼ਨ ਦੇ ਇਸ ਫੈਸਲੇ ਨਾਲ 4 ਫਰਵਰੀ ਨੂੰ ਵੋਟਾਂ ਬਾਅਦ ਥਕਾਵਟ ਲਾਹ ਰਹੇ ਸਿਆਸੀ ਆਗੂਆਂ ਨੂੰ ਮੁੜ ਪੱਬਾਂ ਭਾਰ ਕਰ ਦਿੱਤਾ ਹੈ। ਇਸ ਦੌਰਾਨ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਮੁੜ ਵੋਟਿੰਗ ਕਰਵਾਉਣ ਵਿਚ ਸਾਜ਼ਿਸ਼ ਰਚੀ ਗਈ ਹੈ ਤੇ ਇਹ ਸਾਜ਼ਿਸ਼ ਬੂਥ ਅਧਿਕਾਰੀ ਦੀ ਮਿਲੀਭੁਗਤ ਨਾਲ ਹੋਈ ਹੈ। ਲਾਲੀ ਮਜੀਠੀਆ ਦਾ ਦੋਸ਼ ਹੈ ਕਿ ਮੁੜ ਵੋਟਿੰਗ ਸਾਜ਼ਿਸ਼ ਤਹਿਤ ਹੋ ਰਹੀ ਹੈ, ਮਾਹੌਲ ਨੂੰ ਅਕਾਲੀ ਆਗੂ ਖ਼ਰਾਬ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਬਕਾ ਮੰਤਰੀ ਬਿਕਰਮ ਮਜੀਠੀਆ ਨੂੰ ਜਿਤਾਉਣ ਲਈ ਮੁੜ ਵੋਟਿੰਗ ਹੋ ਰਹੀ ਹੈ। ਚੋਣ ਕਮਿਸ਼ਨ ਨੇ ਇਨ੍ਹਾਂ ਚੋਣ ਬੂਥਾਂ ਵਾਲੇ ਖੇਤਰਾਂ ਦੇ ਵੋਟਰਾਂ ਲਈ 9 ਫਰਵਰੀ ਦੀ ਪੇਡ ਛੁੱਟੀ ਦਾ ਐਲਾਨ ਵੀ ਕੀਤਾ ਹੈ। ਚੋਣ ਕਮਿਸ਼ਨ ਨੇ ਇਹ ਫੈਸਲਾ ਰਿਟਰਨਿੰਗ ਅਫ਼ਸਰਾਂ ਤੇ ਆਬਜ਼ਰਵਰਾਂ ਦੀਆਂ ਰਿਪੋਰਟਾਂ ਅਤੇ ਹੋਰ ਤੱਥਾਂ ਦੇ ਆਧਾਰ 'ਤੇ ਲਿਆ ਹੈ। ਸੂਤਰਾਂ ਅਨੁਸਾਰ ਤਕਰੀਬਨ ਉਨ੍ਹਾਂ ਚੋਣ ਬੂਥਾਂ 'ਤੇ ਹੀ ਮੁੜ ਵੋਟਾਂ ਪੁਆਈਆਂ ਜਾ ਰਹੀਆਂ ਹਨ, ਜਿਥੇ 4 ਫਰਵਰੀ ਨੂੰ ਵੋਟ ਤੋਂ ਪਹਿਲਾਂ ਰਿਹਰਸਲ ਮੌਕੇ 'ਮੌਕ ਪੋਲਿੰਗ' ਤਹਿਤ ਪਾਈਆਂ ਵੋਟਾਂ ਰੱਦ ਨਹੀਂ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ ਜਿਨ੍ਹਾਂ ਚੋਣ ਬੂਥਾਂ 'ਤੇ ਪਹਿਲੀ ਵਾਰ ਵਰਤੀਆਂ ਵੋਟਰ-ਵੈਰੀਫਾਈਡ ਪੇਪਰ ਆਡਿਟ ਟ੍ਰਾਇਲ (ਵੀਵੀਪੀਏਟੀ) ਮਸ਼ੀਨਾਂ ਵਿਚ ਤਕਨੀਕੀ ਖਰਾਬੀ ਆਉਣ ਕਾਰਨ ਵੋਟਰਾਂ ਨੂੰ ਮੁਸ਼ਕਲ ਆਈ ਸੀ। ਸੂਤਰਾਂ ਅਨੁਸਾਰ ਮੋਗਾ ਦੇ ਇਕ ਤੇ ਸੰਗਰੂਰ ਦੇ ਛੇ ਚੋਣ ਬੂਥਾਂ 'ਤੇ ਵੋਟਾਂ ਮੁੜ ਪੁਆਉਣ ਦਾ ਕਾਰਨ ਮੌਕ ਪੋਲਿੰਗ ਤਹਿਤ ਪਾਈਆਂ ਵੋਟਾਂ ਰੱਦ ਨਾ ਕਰਨਾ ਹੈ।

ਲੋਕ ਸਭਾ ਹਲਕਾ ਅੰਮ੍ਰਿਤਸਰ ਦੇ 16 ਚੋਣ ਬੂਥਾਂ ਅਤੇ ਵਿਧਾਨ ਸਭਾ ਹਲਕਾ ਮਜੀਠਾ ਦੇ 12, ਮੋਗਾ ਦੇ 1, ਮੁਕਤਸਰ ਦੇ 9, ਸਰਦੂਲਗੜ੍ਹ ਦੇ 1 ਅਤੇ ਸੰਗਰੂਰ ਦੇ 9 ਚੋਣ ਬੂਥਾਂ 'ਤੇ ਮੁੜ ਵੋਟਾਂ ਪੈਣਗੀਆਂ। ਸੰਸਦੀ ਹਲਕੇ ਅੰਮ੍ਰਿਤਸਰ ਦੇ ਚੋਣ ਬੂਥਾਂ ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀਪੁਰ, ਸਰਕਾਰੀ ਪ੍ਰਾਇਮਰੀ ਸਕੂਲ ਜੌਹਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਡਾਲਾ ਵੀਰਾਂ, ਜੰਞ ਘਰ ਮਜੀਠਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਮਜੀਠਾ (ਰਾਈਟ ਵਿੰਗ), ਕੇਸਰਾ ਦੇਵੀ ਆਰੀਆ ਗਰਲਜ਼ ਸਕੂਲ ਮਜੀਠਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਮਜੀਠਾ (ਲੈਫਟ ਵਿੰਗ), ਬਾਬਾ ਹਰਦਿਆਲ ਸਿੰਘ ਮੈਮੋਰੀਅਲ ਚਾਈਲਡ ਲਰਨ ਸਕੂਲ ਗਾਲੋਵਾਲੀ ਕੁੱਲੀਆਂ, ਸਰਕਾਰੀ ਪ੍ਰਾਇਮਰੀ ਸਕੂਲ ਮਰੜੀ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਗੁਜਰਪੁਰਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਗ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਸੈਦਾ, ਸਰਕਾਰੀ ਪ੍ਰਾਇਮਰੀ ਸਕੂਲ ਫੱਤੂਭੀਲਾ, ਸਰਕਾਰੀ ਪ੍ਰਾਇਮਰੀ ਸਕੂਲ ਰੂਪੋਵਾਲੀ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਮੰਗਾ ਸਰਾਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੰਨਵਾ 'ਚ ਮੁੜ ਵੋਟਾਂ ਪੈਣਗੀਆਂ। ਵਿਧਾਨ ਸਭਾ ਹਲਕਾ ਮਜੀਠਾ ਦੇ ਚੋਣ ਬੂਥਾਂ ਸਰਕਾਰੀ ਪ੍ਰਾਇਮਰੀ ਸਕੂਲ ਜੌਹਲ, ਜੰਞ ਘਰ ਮਜੀਠਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਮਜੀਠਾ (ਰਾਈਟ ਵਿੰਗ), ਕੇਸਰਾ ਦੇਵੀ ਆਰੀਆ ਗਰਲਜ਼ ਸਕੂਲ ਮਜੀਠਾ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਮਜੀਠਾ (ਲੈਫਟ ਵਿੰਗ), ਸਰਕਾਰੀ ਪ੍ਰਾਇਮਰੀ ਸਕੂਲ ਮਰੜੀ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਹਰੀਆਂ, ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਸੈਦਾ, ਸਰਕਾਰੀ ਪ੍ਰਾਇਮਰੀ ਸਕੂਲ ਕੋਟ ਹਿਰਦੇ ਰਾਮ, ਸਰਕਾਰੀ ਪ੍ਰਾਇਮਰੀ ਸਕੂਲ ਬਾਬੋਵਾਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਪੰਨਵਾ 'ਚ ਮੁੜ ਵੋਟਾਂ ਪੈਣਗੀਆਂ। ਵਿਧਾਨ ਸਭਾ ਹਲਕਾ ਮੋਗਾ ਦੇ ਚੋਣ ਬੂਥ ਸਰਕਾਰੀ ਪ੍ਰਾਇਮਰੀ ਸਕੂਲ ਮੁਹੱਲਾ ਸੋਢੀਆਂ ਵਿੱਚ ਮੁੜ ਮੱਤਦਾਨ ਹੋਵੇਗਾ। ਵਿਧਾਨ ਸਭਾ ਹਲਕਾ ਮੁਕਤਸਰ ਦੇ ਚੋਣ ਬੂਥਾਂ ਐਲੀਮੈਂਟਰੀ ਸਕੂਲ ਕਾਨਿਆਂਵਾਲੀ (ਰਾਈਟ ਵਿੰਗ), ਸਰਕਾਰੀ ਐਲੀਮੈਂਟਰੀ ਸਕੂਲ ਜੰਡੋਕੇ (ਰਾਈਟ ਵਿੰਗ), ਸਰਕਾਰੀ ਐਲੀਮੈਂਟਰੀ ਸਕੂਲ ਜੰਡੋਕੇ (ਲੈਫਟ ਵਿੰਗ), ਸਰਕਾਰੀ ਐਲੀਮੈਂਟਰੀ ਸਕੂਲ ਵੱਟੂ, ਸਰਕਾਰੀ ਐਲੀਮੈਂਟਰੀ ਸਕੂਲ ਵਿਰਵਿਆਂਵਾਲੀ (ਖੱਪਿਆਂ ਵਾਲੀ) (ਰਾਈਟ ਵਿੰਗ), ਸਰਕਾਰੀ ਐਲੀਮੈਂਟਰੀ ਸਕੂਲ ਬੂੜਾਗੁੱਜਰ (ਲੈਫਟ ਵਿੰਗ), ਸਰਕਾਰੀ ਐਲੀਮੈਂਟਰੀ ਸਕੂਲ ਬਾਜਾ ਮਦਾਹਰ, ਸਰਕਾਰੀ ਐਲੀਮੈਂਟਰੀ ਸਕੂਲ ਬਰੀਵਾਲਾ (ਲੈਫਟ ਸਾਈਡ) ਅਤੇ ਵਾਈ ਐਸ ਸਕੂਲ ਥਾਂਦੇਵਾਲਾ ਵਿੱਚ ਮੁੜ ਵੋਟਾਂ ਪੈਣਗੀਆਂ। ਵਿਧਾਨ ਸਭਾ ਹਲਕਾ ਸਰਦੂਲਗੜ੍ਹ ਦੇ ਚੋਣ ਬੂਥਾਂ ਕੋਰੇਵਾਲਾ ਅਤੇ ਸੰਗਰੂਰ ਦੇ ਚੋਣ ਬੂਥ ਇੰਪਰੂਵਮੈਂਟ ਟਰੱਸਟ (ਓਲਡ) ਕੋਲਾ ਪਾਰਕ (ਐਨ) ਸੰਗਰੂਰ, ਸਰਕਾਰੀ ਰਣਬੀਰ ਕਾਲਜ ਸੰਗਰੂਰ, ਸਰਕਾਰੀ ਪ੍ਰਾਇਮਰੀ ਸਕੂਲ ਘਾਬਦਾਂ, ਸਰਕਾਰੀ ਐਲੀਮੈਂਟਰੀ ਪ੍ਰਾਇਮਰੀ ਸਕੂਲ ਸੰਤੋਖਪੁਰਾ, ਸਰਕਾਰੀ ਐਲੀਮੈਂਟਰੀ ਪ੍ਰਾਇਮਰੀ ਸਕੂਲ ਨੰਦਗੜ੍ਹ (ਐਸ), ਸਰਕਾਰੀ ਐਲੀਮੈਂਟਰੀ ਪ੍ਰਾਇਮਰੀ ਸਕੂਲ ਗਹਿਲਾਂ, ਸਰਕਾਰੀ ਐਲੀਮੈਂਟਰੀ ਪ੍ਰਾਇਮਰੀ ਸਕੂਲ ਦਿਆਲਗੜ੍ਹ, ਸਰਕਾਰੀ ਐਲੀਮੈਂਟਰੀ ਪ੍ਰਾਇਮਰੀ ਸਕੂਲ ਆਲੋਰਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਿਦਾਮਪੁਰ ਵਿਚ ਮੁੜ ਵੋਟਾਂ ਪੈਣਗੀਆਂ।

# ਸੁਪਰੀਮ ਕੋਰਟ ਦਾ ਸਿੱਖਾਂ 'ਤੇ ਬਣਨ ਵਾਲੇ ਚੁਟਕਲਿਆਂ ਨੂੰ ਰੋਕਣ ਤੋਂ ਸਾਫ਼ ਇਨਕਾਰ

### ਜੱਜ ਨੇ ਕਿੱਸਿਆਂ-ਉਦਾਹਰਣਾਂ ਨਾਲ ਸਮਝਾਇਆ ਕਿ ਸਿੱਖਾਂ 'ਤੇ ਚੁਟਕਲੇ ਕੋਈ ਰੈਗਿੰਗ ਨਹੀਂ, ਅਜਿਹੀਆਂ ਪਟੀਸ਼ਨਾਂ ਸਿੱਖਾਂ ਦਾ ਵੱਕਾਰ ਘੱਟ ਕਰਦੀਆਂ ਹਨ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਪਰੀਮ ਕੋਰਟ ਨੇ ਸਿੱਖ ਭਾਈਚਾਰੇ ਬਾਰੇ ਚੁਟਕਲਿਆਂ 'ਤੇ ਰੋਕ ਸਬੰਧੀ ਹਦਾਇਤਾਂ ਜਾਰੀ ਕਰਨ ਤੋਂ ਅਸਮਰੱਥਾ ਪ੍ਰਗਟਾਉਂਦਿਆਂ ਕਿਹਾ ਹੈ ਕਿ ਅਦਾਲਤਾਂ ਨਾਗਰਿਕਾਂ ਲਈ ਨੈਤਿਕਤਾ ਬਾਰੇ ਹਦਾਇਤਾਂ ਜਾਰੀ ਨਹੀਂ ਕਰ ਸਕਦੀਆਂ ਅਤੇ ਜੇਕਰ ਅਜਿਹੀਆਂ ਹਦਾਇਤਾਂ ਜਾਰੀ ਕਰ ਵੀ ਦਿੱਤੀਆਂ ਜਾਣ ਤਾਂ ਇਨ੍ਹਾਂ ਨੂੰ ਲਾਗੂ ਕਰਵਾਉਣਾ ਸੰਭਵ ਨਹੀਂ ਹੋਵੇਗਾ। ਦੋ ਜੱਜਾਂ ਦੇ ਬੈਂਚ ਨੇ ਕਿੱਸੇ ਤੇ ਉਦਾਹਰਣਾਂ ਸੁਣਾ ਕੇ ਚੁਟਕਲਿਆਂ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਦੀਪਕ ਮਿਸ਼ਰਾ ਨੇ ਕਿੱਸੇ-ਉਦਾਹਰਣਾਂ ਨਾਲ ਸਮਝਾਇਆ ਕਿ ਸਿੱਖ ਭਾਈਚਾਰੇ 'ਤੇ ਬਣਨ ਵਾਲੇ ਚੁਟਕਲੇ ਕੋਈ ਰੈਗਿੰਗ ਨਹੀਂ ਹੈ ਤੇ ਅਜਿਹੀਆਂ ਪਟੀਸ਼ਨਾਂ ਸਿੱਖਾਂ ਦੇ ਵੱਕਾਰ ਨੂੰ ਘਟਾਉਂਦੀਆਂ ਹਨ। ਜੇਕਰ ਕਿਸੇ ਨੂੰ ਅਜਿਹੇ ਚੁਟਕਲਿਆਂ ਨਾਲ ਪ੍ਰੇਸ਼ਾਨੀ ਹੁੰਦੀ ਹੈ ਤਾਂ ਉਸ ਲਈ ਆਈ.ਟੀ. ਐਕਟ ਜਾਂ ਆਈ.ਪੀ.ਸੀ. ਦਾ ਪ੍ਰਬੰਧ ਹੈ। ਉਹ ਕੇਸ ਦਰਜ ਕਰਵਾ ਸਕਦਾ ਹੈ। ਹਾਲਾਂਕਿ ਅਦਾਲਤ ਫੈਸਲਾ 27 ਮਾਰਚ ਨੂੰ ਸੁਣਾਏਗੀ। ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਆਰ ਬਾਨੂਮਤੀ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਅਦਾਲਤਾਂ ਲੋਕਾਂ ਨੂੰ ਜਨਤਕ ਥਾਵਾਂ 'ਤੇ 'ਇੱਕ ਵਿਸ਼ੇਸ਼ ਤਰੀਕੇ ਦਾ ਵਿਹਾਰ' ਕਰਨ ਸਬੰਧੀ ਹਦਾਇਤਾਂ ਜਾਰੀ ਨਹੀਂ ਕਰ ਸਕਦੀਆਂ ਅਤੇ ਜੇਕਰ ਉਹ ਲਾਗੂ ਕਰ ਵੀ ਦੇਣ ਤਾਂ 'ਇਨ੍ਹਾਂ ਨੂੰ ਸੜਕਾਂ 'ਤੇ ਲਾਗੂ ਕੌਣ ਕਰਵਾਏਗਾ ?'।

ਬੈਂਚ ਨੇ ਕਿਹਾ, "ਅਸੀਂ ਇਸ ਬਾਰੇ ਸਪਸ਼ਟ ਹਾਂ ਕਿ ਅਦਾਲਤਾਂ ਨਾਗਰਿਕਾਂ ਲਈ ਨੈਤਕਿਤਾ ਸਬੰਧੀ ਹਦਾਇਤਾਂ ਜਾਰੀ ਨਹੀਂ ਕਰ ਸਕਦੀਆਂ।" ਇਸ ਮੁੱਦੇ 'ਤੇ ਆਪਣੀ ਰਾਇ ਦਿੰਦਿਆਂ ਬੈਂਚ ਨੇ ਕਿਹਾ ਕਿ ਇੰਟਰਨੈੱਟ, ਐਸਐਮਐਸ ਤੇ ਸੰਚਾਰ ਦੇ ਹੋਰ ਮਾਧਿਅਮਾਂ ਰਾਹੀਂ ਸਿੱਖਾਂ ਬਾਰੇ ਫੈਲਾਏ ਜਾਂਦੇ 'ਭੱਦੇ' ਚੁਟਕਲਿਆਂ ਖ਼ਿਲਾਫ਼ ਪਾਈਆਂ ਗਈਆਂ ਪਟੀਸ਼ਨਾਂ ਸਬੰਧੀ ਉਹ ਰਸਮੀ ਫ਼ੈਸਲਾ ਦੇਣਗੇ। ਅਦਾਲਤ ਨੇ ਵਿਸ਼ਾਖ਼ਾ ਫੈਸਲੇ, ਜਿਸ ਵਿੱਚ ਸੁਪਰੀਮ ਕੋਰਟ ਨੇ ਕੰਮਕਾਜੀ ਸਥਾਨਾਂ 'ਤੇ ਔਰਤਾਂ ਦੀ ਸੁਰੱਖਿਆ ਸਬੰਧੀ ਨਿਰਦੇਸ਼ ਦਿੱਤੇ ਸਨ, ਵਾਂਗ ਇਸ ਮਾਮਲੇ ਵਿੱਚ ਹਦਾਇਤਾਂ ਜਾਰੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ, "ਵਿਸ਼ਾਖ਼ਾ ਅਤੇ ਛੇੜਛਾੜ ਮਾਮਲਿਆਂ ਸਬੰਧੀ ਸੂਬਾ ਸਰਕਾਰ ਇੱਕ ਧਿਰ ਸੀ। ਇਸ ਕੇਸ ਵਿੱਚ ਅਦਾਲਤ ਲੋਕਾਂ ਖ਼ਿਲਾਫ਼ ਹਦਾਇਤਾਂ ਕਿਵੇਂ ਜਾਰੀ ਕਰ ਸਕਦੀ ਹੈ।"

ਬੈਂਚ ਨੇ ਕਿਹਾ, "ਕੁਝ ਗੱਲਾਂ ਸਮੂਹ ਲਈ ਹੁੰਦੀਆਂ ਹਨ ਅਤੇ ਕੁਝ ਵਿਅਕਤੀਗਤਸ਼.ਕੁਝ ਲੋਕ ਚੁਟਕਲੇ ਸੁਣ ਕੇ ਹੱਸਦੇ ਹਨ ਜਦਕਿ ਕੁਝ ਚੁੱਪ ਹੋ ਜਾਂਦੇ ਹਨ। ਅਸੀਂ ਇਸ ਬਾਰੇ ਹਦਾਇਤਾਂ ਕਿਵੇਂ ਦੇ ਸਕਦੇ ਹਾਂ ਕਿ ਲੋਕ ਕਿਹੋ-ਜਿਹਾ ਵਰਤਾਅ ਕਰਨ ?" ਬੈਂਚ ਨੇ ਕਿਹਾ ਕਿ ਪੂਰਾ ਮੁਲਕ ਸਰਹੱਦ ਨੇੜਲੇ ਖੇਤਰਾਂ, ਜਿਨ੍ਹਾਂ ਵਿੱਚ ਪੰਜਾਬ ਵੀ ਸ਼ਾਮਲ ਹੈ, ਦੇ ਬਾਸ਼ਿੰਦਿਆਂ ਦੀ ਉਨ੍ਹਾਂ ਦੀ ਬਹਾਦਰੀ ਕਰਕੇ ਇੱਜ਼ਤ ਕਰਦਾ ਹੈ ਅਤੇ ਇਤਿਹਾਸ ਇਸ ਦਾ ਗਵਾਹ ਵੀ ਹੈ। ਅਦਾਲਤ ਨੇ ਕਿਹਾ "ਸਿੱਖਾਂ ਦਾ ਬਹੁਤ ਮਾਣਮੱਤਾ ਭਾਈਚਾਰਾ ਹੈ ਪਰ ਤੁਸੀਂ ਚੁਟਕਲਿਆਂ 'ਤੇ ਪਾਬੰਦੀ ਦੀ ਮੰਗ ਸਬੰਧੀ ਕੇਸ ਕਰ ਕੇ ਇਸ ਭਾਈਚਾਰੇ ਨੂੰ ਨੀਵਾਂ ਕਰ ਰਹੇ ਹੋ।"

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਆਖਰੀ ਭਾਗ)**

# ਰੱਤ ਕਾ ਕੁੰਗੂ

**ਜੇ.ਕੇ. ਕਾਲੋਨੀ...ਐਚ.ਏ.ਐਲ.ਕਲੋਨੀ**

ਇਹ ਇਲਾਕਾ ਪੁਰਾਣਾ ਕਾਨਪੁਰ ਜਾਜਮਾਊ ਤੇ ਛਾਉਣੀ ਵਿਚ ਹੈ। ਇਸ ਦੇ ਨੇੜੇ ਜੇ.ਕੇ. ਰੇਆਨ, ਹਿੰਦੁਸਤਾਨ ਏਰੋਨਾਟਿਕਸ ਲਿਮਟਿਡ (ਐਚ.ਏ.ਐਲ.) ਹਵਾਈ ਫੌਜ ਅੱਡਾ ਚਕੇਰੀ ਤੇ ਚਮੜੇ ਦੀਆਂ ਟੈਨਰੀਆਂ ਹਨ। ਇਥੋਂ ਦੀ ਆਬਾਦੀ ਬਹੁਤੀ ਮਜ਼ਦੂਰਾਂ ਤੇ ਫੌਜੀਆਂ ਦੀ ਹੈ।

ਜੇ.ਕੇ. ਰੇਆਨ ਵਿਚ ਪਿਛਲੇ ਕਈ ਸਾਲਾਂ ਤੋਂ ਮਾਰਕਸਵਾਦੀ ਪਾਰਟੀ ਨਾਲ ਸਬੰਧਤ ਸੀਟੂ ਯੂਨੀਅਨ ਅਤੇ ਇੰਕਾ ਨਾਲ ਜੁੜੀ ਇੰਟਕ ਯੂਨੀਅਨ ਵਿਚ ਸੰਘਰਸ਼ ਚਲ ਰਿਹਾ ਹੈ। ਇਹ ਰੇਆਨ ਕਾਰਖ਼ਾਨਿਆਂ ਦੀ ਬੰਦੀ ਤੋਂ ਬਾਅਦ ਵੀ ਚਲਦਾ ਰਿਹਾ ਹੈ। ਏਸੇ ਆਬਾਦੀ ਨਾਲ ਲਾਲ ਬੰਗਲਾ ਹੈ, ਜਿਸ ਦੇ ਨੇੜੇ ਕਈ ਪਿੰਡ ਵਸੇ ਹੋਏ ਨੇ ਤੇ ਖੇਤੀ ਕਰਨ ਵਾਲਿਆਂ ਤੋਂ ਇਲਾਵਾ ਸ਼ਹਿਰ ਵਿਚ ਕੰਮ ਕਰਨ ਵਾਲੇ ਨੌਕਰੀਪੇਸ਼ਾ ਵੀ ਰਹਿੰਦੇ ਨੇ, ਇਨ੍ਹਾਂ ਕਾਰਨਾਂ ਕਰਕੇ ਗਵਾਂਢੀ ਆਪਸ ਵਿਚ ਬਹੁਤੇ ਮਿਲਦੇ ਵਰਤਦੇ ਨਹੀਂ।

ਇਸ ਇਲਾਕੇ ਵਿਚ ਇਕ ਨਵੰਬਰ ਨੂੰ ਪੰਜਾਬ ਲੋਕਾਂ ਦੀ ਭੀੜ ਨੇ ਜੇ.ਕੇ. ਕਲੋਨੀ ਦੇ ਸਿੱਖਾਂ ਤੋਂ ਉਨ੍ਹਾਂ ਦੀਆਂ ਪੱਗਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਤੇ ਸਭ ਪੱਗਾਂ ਲੈ ਕੇ ਅੱਗ ਲਾ ਦਿੱਤੀ ਗਈ। ਸ. ਪ੍ਰੇਮ ਸਿੰਘ 115/708, ਜੇ.ਕੇ. ਕਲੋਨੀ ਵਿਚ ਅਸੀਂ ਇੰਟਰਵਿਊ ਲੈਣ ਲਈ ਗਏ ਤਾਂ ਘਰ ਦੀ ਹਾਲਤ ਵੇਖ ਕੇ ਦਿਲ ਦਹਿਲ ਗਿਆ। ਬਿਜਲੀ ਦੇ ਮੀਟਰ ਟੁੱਟੇ ਪਏ ਸਨ, ਦਰਵਾਜ਼ੇ ਸੜੇ ਹੋਏ ਸਨ ਤੇ ਖਿਡਿਆ-ਪੁੰਡਿਆ ਘਰ, ਉਨ੍ਹਾਂ ਦੀਆਂ ਦੋ ਖ਼ੂਬਸੂਰਤ ਮਾਸੂਮ ਨੂੰਹਾਂ ਜਿਨ੍ਹਾਂ ਵਿਚੋਂ ਇਕ ਗਰਭਵਤੀ ਵੀ ਸੀ, ਉੱਜੜੇ ਹੋਏ ਚਿਹਰਿਆਂ ਨਾਲ ਬੈਠੀਆਂ ਸਨ, ਪ੍ਰੇਮ ਸਿੰਘ ਦੀ ਬਾਂਹ ਨੂੰ ਪਲਸਤਰ ਲਗਾ ਹੋਇਆ ਸੀ। ਉਨ੍ਹਾਂ ਦਾ ਇਕ ਲੜਕਾ ਜੋ ਆਗਰੇ ਏਅਰਫੋਰਸ ਵਿਚ ਕੰਮ ਕਰਦਾ ਹੈ, ਵੀ ਛੁੱਟੀ 'ਤੇ ਆਇਆ ਹੋਇਆ ਸੀ। ਉਹ ਪੂਰਾ ਟੱਬਰ ਏਨੇ ਦੁੱਖ ਅਤੇ ਗੁੱਸੇ ਵਿਚ ਸੀ ਕਿ ਪਹਿਲਾਂ ਤਾਂ ਉਨ੍ਹਾਂ ਸਾਡੇ ਨਾਲ ਕਿਸੇ ਕਿਸਮ ਦੀ ਗੱਲ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਕਿ 'ਸਾਨੂੰ ਸਾਡੇ ਹਾਲ 'ਤੇ ਛੱਡ ਦਿਉ' ਅੱਜ ਤਕ ਸਾਰੇ ਤਮਾਸ਼ਾ ਹੀ ਵੇਖਣ ਆਉਂਦੇ ਰਹੇ ਹਨ, ਤੁਸੀਂ ਸਾਡਾ ਕੀ ਸੁਆਰ ਲਉਗੇ?"

ਬਾਅਦ ਵਿਚ ਉਨ੍ਹਾਂ ਦਸਿਆ ਕਿ, "ਮੈਂ ਛੇਵੀਂ ਜਮਾਤ ਤੋਂ ਹੀ ਕਾਂਗਰਸ ਦਾ ਵਰਕਰ ਸਾਂ। ਮੈਂ ਗਾਂਧੀ ਜੀ ਨਾਲ ਬਿਆਵਰ ਵੀ ਰਿਹਾ ਤੇ 1937 ਅਕਤੂਬਰ ਵਿਚ ਇਕ ਰਾਤ ਨਹਿਰੂ ਜੀ ਨਾਲ ਰਹਿਣ ਦਾ ਸੁਭਾਗ ਵੀ ਮਿਲਿਆ। 1944 ਵਿਚ ਮੈਂ ਏਅਰਫੋਰਸ ਵਿਚ ਭਰਤੀ ਹੋ ਗਿਆ। ਮੈਂ ਲਾਹੌਰ ਇਕ ਪਾਰਟੀ ਬਣਾਈ ਜਿਸ ਦਾ ਨਾਂ 'ਭਾਰਤ ਸਵਤੰਤਰ ਸੈਨਾ' ਰੱਖਿਆ ਤੇ ਅਬਦੁੱਲ ਕਲਾਮ ਆਜ਼ਾਦ ਨੂੰ ਪਰਸ ਭੇਟ ਕੀਤਾ। ਇਸ ਤੋਂ ਬਾਅਦ ਮੇਰੀ ਪੋਸਟਿੰਗ ਅੰਬਾਲੇ ਕਰ ਦਿੱਤੀ ਗਈ। ਸਾਰੀ ਉਮਰ ਮੈਂ ਕਾਂਗਰਸ ਦਾ ਹਮਾਇਤੀ ਰਿਹਾ ਤੇ ਆਪਣੇ ਦੇਸ਼ ਦਾ ਹਮੇਸ਼ਾ ਭਲਾ ਚਾਹਿਆ ਹੈ। ਅੱਜ ਮੇਰੀ ਇਹ ਦੁਰਦਸ਼ਾ ਕੀਤੀ ਗਈ ਤੇ ਦੇਸ਼ ਧਰੋਹੀ ਕਰਾਰ ਦੇ ਦਿੱਤਾ ਹੈ।

ਸਾਡੇ ਅੰਮ੍ਰਿਤਧਾਰੀ ਹੋਣ ਕਰਕੇ ਰੈਣ ਸਬਾਈ ਕੀਰਤਨ ਆਮ ਤੌਰ 'ਤੇ ਸਾਡੇ ਘਰ ਹੁੰਦਾ ਰਹਿੰਦਾ ਸੀ। ਪਹਿਲੀ ਤਾਰੀਖ਼ ਸਵੇਰੇ ਅਸਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤੇ ਵਾਕ ਲਿਆ। ਹਾਲੀ ਅਸੀਂ ਨਾਸ਼ਤਾ ਕਰ ਹੀ ਰਹੇ ਸਾਂ ਤੇ ਨਾਲ ਟੀ.ਵੀ. ਵੇਖ ਰਹੇ ਸਾਂ ਕਿ ਬਾਹਰੋਂ ਰੌਲਾ ਆਇਆ। ਲੋਕਾਂ ਦੀ ਭੀੜ ਨੇ ਸਾਡਾ ਘਰ ਘੇਰ ਲਿਆ ਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਫਿਰ ਉਨ੍ਹਾਂ ਬੂਹੇ ਭੰਨੇ ਤੇ ਅੱਗ ਲਾ ਦਿੱਤੀ। ਅਸੀਂ ਪਿਛਲੇ ਦਰਵਾਜ਼ੇ ਤੋਂ ਬਚਣ ਲਈ ਬਾਹਰ ਦੌੜੇ ਤਾਂ ਉਨ੍ਹਾਂ ਮੈਨੂੰ ਫੜ ਲਿਆ ਤੇ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਖ਼ੂਨ ਨਾਲ ਸਾਰਾ ਮੂੰਹ ਭਰ ਗਿਆ ਤੇ ਬਾਂਹ ਟੁੱਟ ਗਈ। ਮੈਂ ਹੇਠਾਂ ਡਿੱਗਾ ਤਾਂ ਇਕ ਪੁਲੀਸ ਵਾਲਾ ਪਤਾ ਨਹੀਂ ਕਿਧਰੋਂ ਆਇਆ ਤੇ ਮੈਨੂੰ ਬਾਹੋਂ ਫੜ ਕੇ ਉਠਾ ਲਿਆ। ਉਸੇ ਨੇ ਮੈਨੂੰ ਏਅਰਫ਼ੋਰਸ ਹਸਪਤਾਲ ਪਹੁੰਚਾਇਆ, ਜਿੱਥੇ ਫੌਰਨ ਚੰਗਾ ਇਲਾਜ ਮਿਲਣ ਕਰਕੇ ਮੇਰੀ ਜਾਨ ਬੱਚ ਗਈ। ਘਰ ਦੀਆਂ ਔਰਤਾਂ ਤੇ ਮੇਰੇ ਦੋਹਾਂ ਪੁੱਤਰਾਂ ਨਰਿੰਦਰ ਸਿੰਘ ਤੇ ਸੁਰਿੰਦਰ ਸਿੰਘ ਨੂੰ ਬਾਹਰ ਘਸੀਟ ਲਿਆ ਗਿਆ। ਦੋਹਾਂ ਪੁੱਤਰਾਂ ਨੂੰ ਵੱਟੇ ਮਾਰ ਮਾਰ ਕੇ ਉਨ੍ਹਾਂ ਦੀਆਂ ਵਹੁਟੀਆਂ ਤੇ ਮਾਂ ਦੇ ਸਾਹਮਣੇ ਮਾਰ ਦਿੱਤਾ ਗਿਆ। ਕੁਝ ਲੋਕ ਮੇਰੀਆਂ ਦੋਹਾਂ ਨੂੰਹਾਂ ਨੂੰ ਫੜ ਕੇ ਜ਼ਬਰਦਸਤੀ ਲਿਜਾ ਰਹੇ ਸਨ ਤੇ ਉਹ ਚੀਕਦੀਆਂ ਹੋਈਆਂ ਆਪਣਾ ਆਪ ਛੁਡਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ ਕਿ ਕੋਨੇ ਦੇ ਇਕ ਪੰਜਾਬੀ ਹਿੰਦੂ ਪਰਿਵਾਰ ਤੇ ਗੁਆਂਢੀਆਂ ਨੇ ਮਿਲ ਕੇ ਛੁੜਾ ਲਈਆਂ ਤੇ ਆਪਣੇ ਘਰ ਪਨਾਹ ਦਿੱਤੀ। ਬਾਅਦ ਵਿਚ ਸਾਰੇ ਪਰਿਵਾਰ ਨੂੰ ਕੈਂਪ ਵਿਚ ਪਹੁੰਚਾਇਆ ਗਿਆ। ਅੱਖੀਂ ਵੇਖਣ ਵਾਲਿਆਂ ਦਸਿਆ ਕਿ ਭੀੜ ਵਿਚ ਉਸੇ ਕਲੋਨੀ ਦੇ ਕੁਝ ਮੁੰਡੇ, ਨੇੜਲੇ ਪਿੰਡ ਤਿਵਾਰੀ ਤੇ ਗੋਸ਼ਾਲਾ ਪਿੰਡ ਦੇ ਲੋਕੀਂ ਸਨ। ਭੀੜ ਦੇ ਨਾਅਰੇ ਸਨ "ਇੰਦਰਾ ਗਾਂਧੀ ਜ਼ਿੰਦਾਬਾਦ, ਇੰਦਰਾ ਗਾਂਧੀ ਅਮਰ ਰਹੇ, ਖ਼ੂਨ ਕਾ ਬਦਲ ਖ਼ੂਨ ਸੇ ਲੇਂਗੇ।" ਭੀੜ ਦੇ ਆਗੂ ਕਾਂਗਰਸੀ ਵਰਕਰ ਸਨ। ਇਨ੍ਹਾਂ ਦੇ ਨਾਂ ਪੱਤਰੂ ਸੇਂਗਰ ਅਤੇ ਵਾਸਦੇਵ ਮਿਸ਼ਰ ਦੱਸੇ ਗਏ।




ਵਾਸਦੇਵ ਮਿਸ਼ਰ ਪਹਿਲਾਂ ਜੇ.ਕੇ. ਰੇਆਨ ਵਿਚ ਕੰਮ ਕਰਦਾ ਸੀ ਤੇ ਉਥੋਂ ਚੋਰੀ ਦੇ ਅਪਰਾਧ ਵਿਚ ਕੱਢੇ ਜਾਣ 'ਤੇ ਆਪ ਕਾਰਖਾਨੇਦਾਰ ਬਣ ਬੈਠਾ ਸੀ ਤੇ ਕੰਪਨੀ ਦਾ ਸਪਲਾਇਰ ਵੀ ਸੀ। ਪੱਤਰੂ ਨੂੰ ਵੀ ਲੋਕੀਂ ਚੰਗਾ ਆਦਮੀ ਨਹੀਂ ਸਮਝਦੇ। ਕਲੋਨੀ ਦੇ ਲੋਕਾਂ ਆਪ ਉਹਨੂੰ ਮਾਲ ਲੁੱਟਦਿਆਂ ਵੇਖਿਆ। ਘਟਨਾ ਦੀ ਥਾਂ ਤੋਂ ਕੁਝ ਦੂਰ ਸ੍ਰੀ ਅੰਬਿਕਾ ਪ੍ਰਸਾਦ ਸ਼ੁਕਲਾ ਸ਼ਾਲ ਕਰਕੇ ਖਲੋਤਾ ਸੀ ਤੇ ਦਿਸ਼ਾ ਨਿਰਦੇਸ਼ ਦੇ ਰਿਹਾ ਸੀ। ਸ਼ੁਕਲਾ ਇਲਾਕੇ ਦਾ ਮੰਨਿਆ ਪ੍ਰਮੰਨਿਆ ਕਾਂਗਰੇਸੀ ਨੇਤਾ ਹੈ ਤੇ ਕੇਂਦਰ ਦੇ ਵੱਡੇ ਨੇਤਾਵਾਂ ਨਾਲ ਸਿੱਧਾ ਸੰਪਰਕ ਰੱਖਦਾ ਹੈ।

ਪੁਲੀਸ ਨੇ ਦੰਗਾਈਆਂ ਦਾ ਪੂਰਾ ਸਾਥ ਦਿੱਤਾ। ਜਿੱਥੇ ਇਨ੍ਹਾਂ ਦੋਹਾਂ ਭਰਾਵਾਂ ਨੂੰ ਮਾਰਿਆ ਗਿਆ, ਉਥੇ ਵੀ ਪੁਲੀਸ ਮੌਜੂਦ ਸੀ। ਮਾਰਨ ਦੀ ਸ਼ੈਲੀ ਇੰਜ ਸੀ ਕਿ ਜਿਥੇ ਮਾਰਿਆ ਜਾਂਦਾ ਸੀ, ਉਸ ਥਾਂ 'ਤੇ ਦੋ ਪੁਲੀਸ ਦੇ ਬੰਦੇ ਤੈਨਾਤ ਰਹਿੰਦੇ ਸਨ ਤੇ ਬਾਕੀ ਆਸ ਪਾਸ ਘੁੰਮਦੇ ਰਹਿੰਦੇ ਸਨ। ਲੁੱਟਮਾਰ ਦੇ ਦੌਰ ਵਿਚ ਪੁਲੀਸ ਨੇ ਬੜੀ ਸੂਝਬੂਝ ਤੋਂ ਕੰਮ ਲਿਆ। ਉਹ ਸੋਨਾ, ਨਕਦੀ ਤੇ ਜ਼ਵੇਰਾਤ ਆਪ ਰੱਖ ਲੈਂਦੀ ਸੀ ਤੇ ਟੀ.ਵੀ. ਤੇ ਹੋਰ ਸਾਮਾਨ ਦੂਜੇ ਲੁੱਟਣ ਵਾਲਿਆਂ ਨੂੰ ਦੇ ਰਹੀ ਸੀ।

ਬਾਅਦ ਵਿਚ ਪੁਲੀਸ ਨੇ ਛਾਪੇ ਮਾਰੇ, ਨਿਰਦੋਸ਼ਾਂ ਨੂੰ ਹੀ ਫੜਿਆ ਤੇ ਰਕਮ ਵਸੂਲ ਕੇ ਛੱਡ ਦਿੱਤਾ। ਪੁਲੀਸ ਤੇ ਪੇਸ਼ੇਵਰ ਅਪਰਾਧੀਆਂ ਨੇ ਰਲ ਕੇ ਲੁੱਟ ਮਚਾਈ। ਇਸ ਕਲੋਨੀ ਵਿਚ 150 ਸਿੱਖ ਪਰਿਵਾਰ ਰਹਿੰਦੇ ਨੇ। ਲੁੱਟਮਾਰ ਤੋਂ ਇਲਾਵਾ ਬਹੁਤ ਮੌਤਾਂ ਇੱਧਰ ਨਹੀਂ ਹੋਈਆਂ। ਮਾਰਕਸਵਾਦੀ ਪਾਰਟੀ ਦੇ ਪ੍ਰਧਾਨ ਪ੍ਰਭਾਤ ਨੇ ਟੀਮ ਬਣਾ ਕੇ ਬਚਾਉਣ ਵਿਚ ਸਹਾਇਤਾ ਕੀਤੀ। ਬਹੁਤ ਸਾਰੇ ਮੁਸਲਮਾਨ ਵੀ ਭੈਭੀਤ ਸਨ। ਇਨ੍ਹਾਂ ਨੂੰ ਧਮਕੀ ਮਿਲਣ ਦੇ ਬਾਵਜੂਦ ਰਿਜ਼ਵੀ ਸਾਹਿਬ ਨੇ ਆਪਣੇ ਘਰ ਪਨਾਹ ਦਿੱਤੀ। ਇਸੇ ਤਰ੍ਹਾਂ ਐਚ.ਏ.ਐਲ. ਕਲੋਨੀ ਦੇ ਗੰਗਾਰਾਮ ਕੁਰੀਲ ਨੇ ਆਪਣੇ ਸਹਿਯੋਗੀ ਸਟਾਫ਼ ਦੇ ਪੰਜ ਮੈਂਬਰਾਂ ਦੇ ਪਰਿਵਾਰ ਦੀ ਸੰਭਾਲ ਕੀਤੀ। ਭੀੜ ਤੋਂ ਬਚਾਉਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਿਹਾ ਗਿਆ ਤੇ ਧਮਕੀ ਦਿੱਤੀ ਗਈ ਕਿ ਜੇ ਕਿਸੇ ਆਨੰਦਪੁਰ ਸਾਹਿਬ ਪ੍ਰਸਤਾਵ ਦਾ ਨਾਂ ਵੀ ਲਿਆ ਤਾਂ ਉਹਦੀ ਗਰਦਨ ਕੱਟ ਦਿੱਤੀ ਜਾਵੇਗੀ। ਲੋਕਾਂ ਦਾ ਕਹਿਣਾ ਸੀ ਕਿ ਦੂਰਦਰਸ਼ਨ 'ਤੇ "ਖ਼ੂਨ ਕਾ ਬਦਲਾ ਖ਼ੂਨ" ਨਾਅਰੇ ਨੇ ਲੋਕਾਂ ਨੂੰ ਭੜਕਾਉਣ ਦਾ ਉਚੇਚਾ ਕੰਮ ਕੀਤਾ।



**ਤਾਰਨ ਗੁਜਰਾਲ**
ਫ਼ੋਨ 98557-19660

ਇਸ ਸਾਰੇ ਇਲਾਕੇ ਦੇ ਬਾਜ਼ਾਰਾਂ ਵਿੱਚੋਂ ਸਿੱਖਾਂ ਦੀਆਂ ਦੁਕਾਨਾਂ ਚੁਣ ਚੁਣ ਕੇ ਲੁੱਟੀਆਂ ਤੇ ਸਾੜੀਆਂ ਗਈਆਂ। ਗੁਰਦੁਆਰੇ ਵੀ ਸਾੜ ਦਿੱਤੇ ਗਏ ਤੇ ਗ੍ਰੰਥੀਆਂ ਨੂੰ ਮਾਰ ਮਾਰ ਕੇ ਭਜਾ ਦਿੱਤਾ।

**ਆਰਮਾਪੁਰ ਅਸਟੇਟ**

ਇਹ ਡੀਫੈਂਸ ਦੀ ਹੀ ਰਿਹਾਇਸ਼ ਹੈ। ਉਥੋਂ ਦਾ ਗੁਰਦੁਆਰਾ 31 ਅਕਤੂਬਰ ਸ਼ਾਮ ਹੀ ਸਾੜ ਦਿੱਤਾ ਗਿਆ।

ਪਹਿਲੀ ਨਵੰਬਰ ਸਵੇਰੇ ਦਸ ਵਜੇ ਭੀੜ ਨੇ ਵਜ਼ੀਰ ਸਿੰਘ ਦੇ ਘਰ 'ਤੇ ਹਮਲਾ ਕੀਤਾ। ਸਾਰਾ ਘਰ ਲੁੱਟ ਲਿਆ ਤੇ ਵਜ਼ੀਰ ਸਿੰਘ ਨੂੰ ਧੂਹ ਕੇ ਬਾਹਰ ਖਿੱਚ ਲਿਆ। ਉਸ ਨੂੰ ਕਿਹਾ ਗਿਆ ਕਿ ਵਾਲ ਕਟਾ ਦੇਵੇ... ਉਹ ਨਹੀਂ ਮੰਨਿਆ ਤਾਂ ਉਨ੍ਹਾਂ ਡੰਡਿਆਂ ਤੇ ਪੱਥਰਾਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਉਸ ਦੀ ਪਤਨੀ ਉਨ੍ਹਾਂ ਦੇ ਤਰਲੇ ਲੈਂਦੀ ਰਹੀ ਕਿ ਰੋਜ਼ ਤਾਂ ਮੇਰੇ ਘਰ ਰੋਟੀਆਂ ਖਾ ਕੇ ਜਾਂਦੇ ਰਹੇ ਹੋ... ਤੁਸੀਂ ਮੇਰੇ ਪੁੱਤਰ ਹੋ, ਇੰਜ ਨਾ ਕਰੋ" ਏਨੇ ਵਿਚ ਕਿਸੇ ਨੇ ਉਨ੍ਹਾਂ ਦੇ ਲੁਕੇ ਹੋਏ ਲੜਕੇ ਨੂੰ ਵੀ ਵੇਖ ਲਿਆ ਤੇ ਉਸ ਨੂੰ ਵੀ ਬਾਹਰ ਕੱਢ ਕੇ ਏਸੇ ਤਰ੍ਹਾਂ ਕੁੱਟਿਆ। ਵਜ਼ੀਰ ਸਿੰਘ ਦੀ ਪਤਨੀ ਪੁੱਤਰ ਨੂੰ ਬਚਾਉਣ ਲਈ ਅਹੁਲੀ ਤਾਂ ਕਿਸੇ ਨੇ ਉਸ ਦੇ ਮੱਥੇ 'ਤੇ ਪੱਥਰ ਮਾਰਿਆ, ਜਿਸ ਨਾਲ ਉਹ ਬੇਹੋਸ਼ ਹੋ ਗਈ... ਤੇ ਬਹੁਤ ਸਾਰਾ ਖ਼ੂਨ ਵਹਿ ਗਿਆ।

ਬਿਆਨ ਮੁਤਾਬਕ ਜਦ ਉਸ ਨੂੰ ਹੋਸ਼ ਆਈ, ਉਸ ਨੇ ਪਤੀ ਤੇ ਪੁੱਤਰ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਦਰਵਾਜ਼ੇ ਦੇ ਵਿਚਕਾਰ ਫ਼ਰਨੀਚਰ ਨੂੰ ਤੋੜ ਕੇ ਅੱਗ ਲਾਈ ਹੋਈ ਸੀ, ਵਿੱਚ ਦੋਹਾਂ ਪਿਉ-ਪੁੱਤਰ ਦੀਆਂ ਦੇਹਾਂ ਸੜ ਰਹੀਆਂ ਸਨ। ਵਜ਼ੀਰ ਸਿੰਘ ਦੀ ਇਕ ਲੱਤ ਤੇ ਪੈਰ ਹੀ ਉਸ ਨੂੰ ਦਿਸੇ। ਉਨ੍ਹਾਂ ਦੀਆਂ ਦੋ ਜੁਆਨ ਧੀਆਂ ਰਾਤੀਂ ਗੁਆਂਢੀਆਂ ਨੇ ਆਪਣੇ ਘਰ ਲੁਕਾ ਲਈਆਂ ਹੋਈਆਂ ਸਨ, ਜਿਨ੍ਹਾਂ ਨੂੰ ਪਿਛੋਂ ਇਕ ਕ੍ਰਿਸਚੀਅਨ ਦੋਸਤ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਕੱਢ ਕੇ ਲੈ ਗਿਆ ਤੇ ਕਈ ਦਿਨ ਸੁਰੱਖਿਅਤ ਆਪਣੇ ਘਰ ਵਿਚ ਰੱਖਿਆ। ਸੁਆਣੀ ਕਈ ਦਿਨ ਸੀਰੀਅਸ ਹਾਲਤ ਵਿਚ ਹਸਪਤਾਲ ਰਹੀ ਅਤੇ ਜਾਣੂ ਅਫ਼ਸਰਾਂ ਤੇ ਸਟਾਫ਼ ਦੀ ਬਹੁਤ ਚਗੀ ਤਰ੍ਹਾਂ ਦੇਖਭਾਲ ਹੋਣ ਕਰਕੇ ਬੱਚ ਗਈ। ਉਸ ਵੇਲੇ ਤਕ ਫੌਜ ਆ ਚੁੱਕੀ ਹੋਈ ਸੀ। ਸਵੇਰੇ 9 ਵਜੇ ਕਰਫ਼ਿਊ ਵੀ ਲਾ ਦਿੱਤਾ ਗਿਆ ਸੀ, ਪਰ ਕੋਈ ਵੀ ਬਚਾਉਣ ਲਈ ਨਹੀਂ ਬਹੁੜਿਆ। ਕੁਝ ਟੱਬਰਾਂ ਨੇ ਫ਼ੀਲਡ ਗਨ ਹਾਊਸ ਵਿਚ ਪਨਾਹ ਲੈ ਲਈ।

ਆਰਮਾਪੁਰ ਵਿਚ ਹੱਲਾ ਕਰਨ ਵਾਲੇ ਟ੍ਰੇਨੀਜ਼ ਤੇ ਫੈਕਟਰੀ ਵਿਚ ਕੰਮ ਕਰਨ ਵਾਲੇ ਹੀ ਸਨ। ਉਨ੍ਹਾਂ ਵਿਚ ਬਾਹਰਲਾ ਕੋਈ ਆਦਮੀ ਨਹੀਂ ਸੀ। ਪਛਾਣੇ ਹੋਏ ਬੰਦਿਆਂ ਦੇ ਖ਼ਿਲਾਫ਼ ਨਾਮਜ਼ਦ ਰਿਪੋਰਟਾਂ ਲਿਖਵਾਉਣ ਦੇ ਬਾਵਜੂਦ ਕੋਈ ਐਕਸ਼ਨ ਨਹੀਂ ਲਿਆ ਗਿਆ।

ਆਰਮਾਪੁਰ ਐਸਟੇਟ ਵਿਚ ਮਰਨ ਵਾਲੇ ਸਨ ਵਜ਼ੀਰ ਸਿੰਘ ਤੇ ਸਤਨਾਮ (585 ਜੀ ਆਈ) ਪ੍ਰੀਤਮ ਸਿੰਘ ਤੇ ਦਲੀਲ ਸਿੰਘ (ਐਫ ਟੀ/88), ਜਗਤ ਸਿੰਘ ਭਾਟੀਆ (ਜੀ ਆਈ/3/61) ਅਤੇ ਬੇਦੀ ਸਾਹਿਬ।

**ਔਰਡੀਨੈਂਸ ਫੈਕਟਰੀ**

ਇਸ ਵਿਚ ਤਿੰਨ ਫੈਕਟਰੀਆਂ ਨੇ। ਆਰਡੀਨੈਂਸ ਫੈਕਟਰੀ, ਫੀਲਡ ਗਨ ਫੈਕਟਰੀ ਅਤੇ ਸਮਾਲ ਆਰਮ ਫੈਕਟਰੀ। ਇਹ ਫੈਕਟਰੀ ਕਾਲਪੀ ਰੋਡ 'ਤੇ ਹੈ ਅਤੇ ਇਸ ਵਿਚ 400 ਦੇ ਲਗਭਗ ਸਿੱਖ ਕੰਮ ਕਰਦੇ ਹਨ।

ਸ਼ਾਮ ਛੇ ਵਜੇ ਸਿਫ਼ਟ ਖ਼ਤਮ ਹੋਈ ਤੇ ਸਵਾ ਛੇ ਵਜੇ 5 ਏ.ਐਫ਼. ਬੰਦ ਹੋ ਗਿਆ। ਡਿਊਟੀ ਕਰਕੇ ਬਾਹਰ ਆਏ ਸਿੱਖ ਵਰਕਰਾਂ ਨੂੰ ਲੋਕਾਂ ਵਿਜੇ ਨਗਰ ਚੌਕ ਵਿਚ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਕੁਝ ਤਾਂ ਭੀੜ ਵਿਚੋਂ ਬਚਦੇ ਬਚਾਉਂਦੇ ਨਿਕਲ ਗਏ, ਜਿਨ੍ਹਾਂ ਵਿਚੋਂ ਭਗਵਾਨ ਸਿੰਘ ਨੂੰ ਬਹੁਤ ਸਾਰੀਆਂ ਸੱਟਾਂ ਵੱਜੀਆਂ। ਘਰ ਤਾਂ ਉਹ ਪਹੁੰਚ ਗਿਆ ਪਰ ਪਹਿਲੀ ਨਵੰਬਰ ਸਵੇਰੇ ਉਨ੍ਹਾਂ ਦਾ ਘਰ ਲੁੱਟਣ ਤੋਂ ਬਾਅਦ... ਸਰਦਾਰ ਨੂੰ ਸਰੀਆਂ ਨਾਲ ਕੁੱਟ ਕੁੱਟ ਮਾਰਿਆ ਤੇ ਜਿਉਂਦਾ ਅੱਗ ਵਿਚ ਸਾੜ ਦਿੱਤਾ ਗਿਆ।

ਕੁਝ ਕੁ ਨੇ ਵਾਪਸ ਫੈਕਟਰੀ ਵਿਚ ਦੌੜ ਕੇ ਡੀਫੈਂਸ ਸਕਿਊਰਿਟੀ ਕੌਰਪਸ ਵਿਚ ਪਨਾਹ ਲਈ। ਸ਼ਾਮ ਦੀ ਸਿਫ਼ਟ ਸਮਾਲ ਆਰਮ ਫੈਕਟਰੀ ਵਿਚ ਡਿਊਟੀ 'ਤੇ ਆਏ ਵਰਕਰਾਂ ਨੇ ਇਨ੍ਹਾਂ ਸਿੱਖਾਂ 'ਤੇ ਹੱਲਾ ਬੋਲ ਦਿੱਤਾ। ਸਭ ਦੀਆਂ ਘੜੀਆਂ ਤੇ ਕੈਸ਼ ਖੋਹ ਲਿਆ ਤੇ ਸਾਈਕਲਾਂ ਸਕੂਟਰਾਂ ਨੂੰ ਅੱਗ ਲਾ ਦਿੱਤੀ। ਫਿਰ ਉਨ੍ਹਾਂ ਸਿੱਖ ਕਾਮਿਆਂ 'ਤੇ ਪੱਥਰ ਵਰ੍ਹਾਉਣੇ ਸ਼ੁਰੂ ਕਰ ਦਿੱਤੇ।

ਸਿੱਖਾਂ ਨੇ ਦੌੜ ਕੇ ਕੈਂਟੀਨ ਵਿਚ ਪਨਾਹ ਲਈ। ਸਕਿਊਰਟੀ ਗਾਰਡ ਚੁੱਪਚਾਪ ਤਮਾਸ਼ਾ ਵੇਖਦੇ ਰਹੇ। ਭੀੜ ਲਗਾਤਾਰ ਪੱਥਰ ਸੁੱਟ ਰਹੀ ਸੀ ਤੇ ਗਾਲ੍ਹਾਂ ਕੱਢ ਰਹੀ ਸੀ। ਉਨ੍ਹਾਂ ਕੈਂਟੀਨ ਦੀਆਂ ਕੁਰਸੀਆਂ ਤੇ ਫ਼ਰਨੀਚਰ ਵੀ ਚੁੱਕ ਚੁੱਕ ਕੇ ਮਾਰਿਆ। ਕਈਆਂ ਨੂੰ ਗੰਭੀਰ ਸੱਟਾਂ ਵੀ ਵੱਜੀਆ, ਪਰ ਉਨ੍ਹਾਂ ਵਿਚੋਂ ਮੌਤ ਕਿਸੇ ਦੀ ਨਹੀਂ ਹੋਈ। ਲਾਂਸ ਨਾਇਕ ਨੇਗੀ ਨੇ ਇਕ ਹਵਾਈ ਫਾਇਰ ਕੀਤਾ ਕਿਉਂਕਿ ਕੁਝ ਵਰਕਰ ਇਕ ਸਿੱਖ ਨੂੰ ਮਾਰਨ ਲਈ ਘਸੀਟ ਰਹੇ ਸਨ। ਕੁਝ ਅਫ਼ਸਰਾਂ ਨੇ ਮਸਾਂ ਥੋੜ੍ਹਾ ਬਹੁਤ ਕੰਟਰੋਲ ਕੀਤਾ ਤੇ ਫੌਜ ਨੂੰ ਬੁਲਾਇਆ ਗਿਆ, ਪਰ ਭੀੜ 'ਤੇ ਕਿਸੇ ਕਿਸਮ ਦਾ ਦਬਾਅ ਨਹੀਂ ਪਾਇਆ ਗਿਆ, ਸਗੋਂ ਟਰੱਕ ਅੰਦਰ ਤੱਕ ਲਿਆ ਕੇ ਦੋਹਾਂ ਪਾਸੇ ਜੁਆਨਾਂ ਦੀਆਂ ਲਾਈਨਾਂ ਖੜ੍ਹੀਆਂ ਕਰਕੇ ਸਿੱਖਾਂ ਦੀਆਂ ਪੱਗਾਂ ਉਤਰਵਾ ਕੇ ਟਰੱਕਾਂ ਵਿਚ ਬਿਠਾਇਆ। ਭੀੜ ਨਾਅਰੇ ਮਾਰਦੀ ਰਹੀ। ਪਰ ਇਕ ਹਵਾਈ ਫ਼ਾਇਰ ਤੱਕ ਨਹੀਂ ਕੀਤਾ ਗਿਆ। ਡੀਫੈਂਸ ਦੀ ਫੈਕਟਰੀ ਵਿਚ ਅਜਿਹੀ ਘਟਨਾ ਨਾ ਮਿਟ ਸਕਣ ਵਾਲਾ ਧੱਬਾ ਹੈ।

ਡੀਫੈਂਸ ਸਕਿਊਰਿਟੀ ਕੌਰਪਸ ਫੌਜ ਦੇ ਹਥਿਆਰਬੰਦ ਅਫ਼ਸਰਾਂ ਤੇ ਸਿਪਾਹੀਆਂ ਦੇ ਅਧੀਨ ਹੈ। ਫੌਜ ਦੇ ਰੈਗੂਲਰ ਅਫ਼ਸਰ ਉਥੇ ਤਾਇਨਾਤ ਹੁੰਦੇ ਹਨ। ਉਨ੍ਹਾਂ ਵਿਚ ਇਕ ਮੇਜਰ, ਇਕ ਲੈਫ਼ਟੀਨੈਂਟ ਕਰਨਲ ਹੁੰਦੇ ਹਨ ਅਤੇ ਆਰਡੀਨੈਂਸ ਫੈਕਟਰੀ ਵਿਚ ਇਕ ਮੇਜਰ ਫੀਲਡ ਗਨ ਫੈਕਟਰੀ ਵਿਚ ਤੇ ਇਕ ਸਮਾਲ ਆਰਮਜ਼ ਫੈਕਟਰੀ ਵਿਚ ਹੁੰਦਾ ਹੈ।

ਇਕ ਨਵੰਬਰ ਆਰਡੀਨੈਂਸ ਫੈਕਟਰੀ ਵਿਚ ਛੇ ਸਿੱਖ ਡਿਊਟੀ 'ਤੇ ਪਹੁੰਚੇ, ਕਿਉਂਕਿ ਇਹ ਫੈਕਟਰੀ ਕਦੀ ਵੀ ਬੰਦ ਨਹੀਂ ਹੁੰਦੀ। ਉਨ੍ਹਾਂ ਵਿਚੋਂ ਨਰਿੰਦਰ ਸਿੰਘ, ਜਿਸ ਨੇ ਇਹ ਸਭ ਕੁਝ ਆਪਣੀ ਅਖੀਂ ਵੇਖਿਆ... ਨੇ ਦੱਸਿਆ ਕਿ ਉਹ ਫੈਕਟਰੀ ਪੌਣੇ ਅੱਠ ਵਜੇ ਪਹੁੰਚ ਗਿਆ ਸੀ। ਉਸ ਨੂੰ ਗੇਟ 'ਤੇ ਬਣੇ ਕਮਰੇ ਵਿਚ ਪੁਚਾ ਦਿੱਤਾ ਗਿਆ। ਉਥੇ ਦੋ ਸਿੱਖ ਅਫ਼ਸਰ ਪਹਿਲਾਂ ਹੀ ਬੈਠੇ ਹੋਏ ਸਨ ਤੇ ਇਕ ਪੰਦਰਾਂ ਮਿੰਟਾਂ ਬਾਅਦ ਲਿਆਂਦਾ ਗਿਆ।

ਜਦੋਂ ਕਾਮੇ ਸਿੱਖਾਂ ਨੂੰ ਲੁੱਟ ਰਹੇ ਸਨ ਤਾਂ ਡੀ.ਐਸ.ਸੀ. ਨੇ ਉਨ੍ਹਾਂ ਸਿੱਖਾਂ ਨੂੰ ਕਮਰੇ ਵਿਚ ਬੰਦ ਕਰ ਦਿੱਤਾ। ਅੰਦਰ ਚਾਰ ਸਿੱਖ ਸਨ ਤੇ ਬਾਹਰ ਦੋ ਕੁ ਹਜ਼ਾਰ ਦਾ ਹਜੂਮ।

ਨੌਂ ਵਜੇ ਮਾਤਮੀ ਮੀਟਿੰਗ ਕਰਨ ਤੋਂ ਬਾਅਦ ਫੈਕਟਰੀ ਬੰਦ ਕਰ ਦਿੱਤੀ ਗਈ। ਉਸੇ ਵੇਲੇ ਹਜੂਮ ਨੇ ਕਮਰੇ ਦਾ ਦਰਵਾਜ਼ਾ ਤੋੜ ਦਿੱਤਾ। ਨਰਿੰਦਰ ਸਿੰਘ ਕਮਰੇ ਵਿਚ ਲੱਗੇ ਕੂਲਰ ਵਿਚ ਛੁਪ ਗਿਆ। ਬਾਕੀ ਤਿੰਨਾਂ ਨੂੰ ਧੂਹ ਕੇ ਬਾਹਰ ਖਿੱਚ ਲਿਆ ਗਿਆ ਤੇ ਮਾਰਨਾ ਸ਼ੁਰੂ ਕਰ ਦਿਤਾ। ਮਾਰਨ ਵਾਲਿਆਂ ਵਿਚ ਐਸ.ਏ.ਐਫ਼. ਦੇ ਬੰਦੇ ਵੀ ਸਨ, ਜੋ ਚੀਕ ਰਹੇ ਸਨ ਕਿ ਇਨ੍ਹਾਂ ਨੂੰ ਬਾਹਰ ਸੜਕ 'ਤੇ ਸੁੱਟ ਕੇ ਸਾੜ ਦਿਉ।

ਉਨ੍ਹਾਂ ਤਿੰਨਾਂ ਵਿਚੋਂ ਸੁਰਜੀਤ ਸਿੰਘ (ਨਿਊ ਸੈੱਲ ਮਸ਼ੀਨ ਸੈਕਸ਼ਨ) ਨੂੰ ਲੋਹੇ ਦੇ ਡੰਡਿਆਂ ਤੇ ਸ਼ੈਲਜ਼ ਨਾਲ ਮਾਰ ਦਿੱਤਾ ਗਿਆ। ਕੁਲਵੰਤ ਸਿੰਘ ਤੇ ਮੋਹਣ ਸਿੰਘ ਨੂੰ ਵੀ ਏਸੇ ਤਰ੍ਹਾਂ ਮਾਰਿਆ ਗਿਆ ਤੇ ਫੇਰ ਗੇਟ ਤੋਂ ਬਾਹਰ ਸੁੱਟ ਪੈਟਰੋਲ ਪਾ ਕੇ ਅੱਗ ਲਾ ਦਿੱਤੀ। ਫ਼ੋਰਮੈਨ ਆਰ ਕੇ ਭਾਟੀਆ ਨੇ ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੀ ਮਾਰਿਆ ਗਿਆ। ਬਾਅਦ ਵਿਚ ਸਕਿਊਰਿਟੀ ਗਾਰਡਾਂ ਨੇ ਉਸ ਨੂੰ ਜ਼ਖ਼ਮੀ ਤੇ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਪੁਚਾਇਆ ਜਿੱਥੇ ਉਸ ਦੀ ਜਾਨ ਬਚ ਗਈ।

ਗੰਨ ਫੈਕਟਰੀ ਦੇ ਸਿੱਖ ਵਰਕਰਾਂ ਨੇ ਆਪਣਾ ਬਚਾਅ ਨਾ ਕਰ ਸਕਣ ਵਾਲੀ ਡੀਫੈਂਸ ਅਥਾਰਟੀ ਨੂੰ ਰੋਸ ਪੱਤਰ ਭੇਜਿਆ ਤੇ ਆਪਣੇ ਬਚਾਅ ਲਈ ਭਰੋਸਾ ਮੰਗਿਆ, ਦੋਸ਼ੀਆਂ ਨੂੰ ਸਜ਼ਾ ਦੇਣ ਲਈ ਅਪੀਲ ਵੀ ਕੀਤੀ।

ਵੀਹ ਤਾਰੀਖ਼ ਤੱਕ ਕੋਈ ਸਿੱਖ ਵਰਕਰ ਫੈਕਟਰੀ ਵਿਚ ਨਹੀਂ ਗਿਆ ਅਤੇ 20 ਦਿਨਾਂ ਤੱਕ ਕਿਸੇ ਇਕ ਵੀ ਅਪਰਾਧੀ ਜਿਸ ਨੇ ਐਨਾ ਘਿਨਾਉਣਾ ਅਪਰਾਧ ਕੀਤਾ... ਕਰਨਲ ਅਤੇ ਮੇਜਰ ਦੀਆਂ ਅੱਖਾਂ ਸਾਹਮਣੇ ਕੀਤਾ, ਜੋ ਜ਼ਿੰਮੇਵਾਰ ਡੀਫੈਂਸ ਅਫ਼ਸਰ ਸਨ... ਕਿਸੇ ਇਕ ਨੂੰ ਵੀ ਸਜ਼ਾ ਨਹੀਂ ਦਿੱਤੀ ਗਈ ਤੇ ਨਾ ਹੀ ਕਿਸੇ ਕਿਸਮ ਦਾ ਕੋਈ ਐਕਸ਼ਨ ਹੀ ਲਿਆ ਗਿਆ।

(ਸਮਾਪਤ)


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
№ 1001
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW



# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

**ਅਨੁਵਾਦ : ਬੂਟਾ ਸਿੰਘ**

## ਜਿਸ ਬੰਦੇ (ਮੋਦੀ) ਦੀ ਪਰਵਰਿਸ਼ ਆਰ ਐੱਸ ਐੱਸ ਦੇ ਕਾਡਰ ਵਜੋਂ ਹੋਈ ਸੀ, ਉਸਨੇ ਉਨ੍ਹਾਂ ਦੀਆਂ ਮੰਗਾਂ ਅੱਗੇ ਝੁਕਣਾ ਹੀ ਸੀ : ਚੱਕਰਵਰਤੀ

**ਰਾਣਾ ਅਯੂਬ**

'ਹੁਣ ਕੌਣ ਲੋਕ ਨੇ ਜੋ ਫ਼ਸਾਦਾਂ ਵਿਚ ਹਿੱਸਾ ਲੈਂਦੇ ਹਨ। ਗਰੀਬ ਲੋਕ...। ਇਥੇ ਸਾਰੇ ਹੀ ਅਮੀਰ ਲੋਕ ਸੜਕਾਂ ਉਪਰ ਨਿਕਲੇ ਹੋਏ ਸਨ। ਕੁਝ ਲੋਕ ਫ਼ੋਨ ਕਰਕੇ ਦੱਸ ਰਹੇ ਸਨ :

"ਸਰ, ਸੌਂਪਰਜ਼ ਸਟਾਪ ਮੇਂ ਮਰਸਡੀਜ਼ ਮੇਂ ਲੋਗ ਆਕਰ ਲੂਟ ਰਹੇ ਹੈ।"

'ਮੁੱਢ ਕਦੀਮ ਤੋਂ ਇਤਿਹਾਸ ਹਿੰਦੂਆਂ ਨੂੰ ਇਹੀ ਸਿਖਾਉਂਦਾ ਹੈ ਕਿ



ਗ਼ਜ਼ਨੀ ਅਤੇ ਬਾਬਰ ਨੇ ਹਿੰਦੁਸਤਾਨ ਉਪਰ ਹਮਲੇ ਕੀਤੇ ਅਤੇ ਸੋਮਨਾਥ ਦੀ ਲੁੱਟਮਾਰ ਕੀਤੀ। ਇਸੇ ਕਰਕੇ ਇਥੇ ਵੀ ਹਿੰਦੂਆਂ ਦੀ ਜ਼ਿਹਨੀਅਤ ਵਿਚ ਇਹੀ ਵਸਿਆ ਹੋਇਆ ਹੈ। ਅਤੇ ਹਿੰਦੁਸਤਾਨ ਵਿਚ ਫ਼ਸਾਦ ਤਾਂ ਸੰਨ 1965 ਤੋਂ ਹੁੰਦੇ ਆ ਰਹੇ ਹਨ। ਹਜ਼ਾਰਾਂ ਲੋਕ ਪਹਿਲਾਂ ਵੀ ਮਾਰੇ ਗਏ ਸਨ।'

ਸਵਾਲ: ਮੇਰਾ ਅੰਦਾਜ਼ਾ ਹੈ ਕਿ ਜਿਹੜੀ ਗੱਲ ਮੋਦੀ ਦੇ ਖਿਲਾਫ਼ ਗਈ ਸੀ ਉਹ ਇਹ ਤੱਥ ਸੀ ਕਿ ਉਹ ਆਰ ਐੱਸ ਐੱਸ ਨਾਲ ਸਬੰਧਤ ਸੀ ਅਤੇ ਉਸਨੇ ਫ਼ਸਾਦਾਂ ਦੌਰਾਨ ਆਰ ਐੱਸ ਐੱਸ ਅਤੇ ਵੀ ਐੱਚ ਪੀ ਦੀ ਮਦਦ ਕੀਤੀ?

ਜਵਾਬ: ਇਹ ਦਬਾਓ ਅਟੱਲ ਸੀ। ਜਿਸ ਬੰਦੇ ਦੀ ਪਰਵਰਿਸ਼ ਆਰ ਐੱਸ ਐੱਸ ਦੇ ਕਾਡਰ ਵਜੋਂ ਹੋਈ ਸੀ, ਉਸਨੇ ਉਨ੍ਹਾਂ ਦੀਆਂ ਮੰਗਾਂ ਅੱਗੇ ਝੁਕਣਾ ਹੀ ਸੀ।

ਸਵਾਲ: ਮੈਨੂੰ ਇਹੀ ਦਸਿਆ ਗਿਆ ਸੀ ਕਿ ਫ਼ਸਾਦਾਂ ਦੌਰਾਨ ਉਹ ਆਰ ਐੱਸ ਐੱਸ ਅੱਗੇ ਝੁਕ ਗਿਆ।

ਜਵਾਬ: ਉਹ ਜਿਸ ਪੁਜੀਸ਼ਨ ਵਿਚ ਸੀ ਇਸ ਤੋਂ ਛੁੱਟ ਹੋਰ ਕੁਝ ਕਰ ਹੀ ਨਹੀਂ ਸਕਦਾ ਸੀ, ਖ਼ਾਸ ਕਰਕੇ ਜੇ ਤੁਹਾਡੀ ਪੜ੍ਹਾਈ ਲਿਖਾਈ ਇਕ ਸੰਸਥਾ ਵੱਲੋਂ ਕੀਤੀ ਗਈ ਹੋਵੇ ਜੋ ਇਸ ਵਾਰ ਸ਼ਾਮਲ ਸੀ। ਅਤੇ ਖ਼ਾਸ ਕਰਕੇ ਤੁਸੀਂ ਸੱਤਾ ਦੇ ਭੁੱਖੇ ਵਜ਼ੀਰ ਹੋਵੋਂ।

ਸਵਾਲ: ਕੀ ਉਸਨੂੰ ਸੱਤਾ ਦੀ ਬਹੁਤ ਜ਼ਿਆਦਾ ਭੁੱਖ ਹੈ?

ਜਵਾਬ: ਹਾਂ। ਇਹ ਮੈਂ ਤਹਿਲਕਾ ਦੇ ਹਵਾਲੇ ਨਾਲ ਕਹਿ ਰਿਹਾ ਹਾਂ।

ਸਵਾਲ: ਉਹ ਕੀ ਸ਼ੈਅ ਹੈ?

ਜਵਾਬ: ਇਹ ਤਰੁਣ ਤੇਜਪਾਲ ਵਲੋਂ ਛਾਪਿਆ ਜਾਂਦਾ ਰਸਾਲਾ ਹੈ, ਤੁਸੀਂ ਇਸ ਬਾਰੇ ਲਾਜ਼ਮੀ ਸੁਣਿਆ ਹੋਵੇਗਾ।

ਇਹ ਕਹਿੰਦਾ ਹੈ ਕਿ ਫ਼ਸਾਦਾਂ ਦੌਰਾਨ ਸਾਰੇ ਅਫ਼ਸਰਾਂ ਨੂੰ ਨਿਵਾਜ਼ਿਆ ਗਿਆ। ਕੁਝ ਵੀ ਜ਼ਾਤੀ ਨਹੀਂ ਪਰ ਮੈਨੂੰ ਕੀ ਹਾਸਲ ਹੋਇਆ। ਇਹ ਸਭ ਸਹੀ ਹੈ, ਪਰ ਸਾਰਿਆਂ ਨੂੰ ਇਕੋ ਰੱਸੇ ਬੰਨ੍ਹਣਾ ਗ਼ਲਤ ਹੈ, ਇਹ ਤੁਅੱਸਬ ਹੈ।

ਸਵਾਲ: ਕੀ ਇਸ ਦੀ ਵਜ੍ਹਾ ਇਹ ਨਹੀਂ ਕਿ ਤੁਹਾਡੇ ਨਾਲ ਜੋ ਜ਼ਿਆਦਾਤਰ ਲੋਕ ਕੰਮ ਕਰ ਰਹੇ ਸਨ ਉਹ ਵਿਵਾਦਾਂ 'ਚ ਘਿਰ ਗਏ ਜਾਂ ਉਨ੍ਹਾਂ ਨੇ ਇਕ ਭੂਮਿਕਾ ਨਿਭਾਈ ਇਸ ਕਰਕੇ ਤੁਸੀਂ ਵੀ ਨਿਸ਼ਾਨੇ ਦੀ ਮਾਰ ਹੇਠ ਆ ਗਏ?

ਜਵਾਬ: ਪਰ ਫਿਰ ਤੁਸੀਂ ਬਹੁਤਾ ਕੁਝ ਨਹੀਂ ਕਰ ਸਕਦੇ।

ਸਵਾਲ: ਪਰ ਤੁਸੀਂ ਜਿਸ ਤਰ੍ਹਾਂ ਦੇ ਵਿਅਕਤੀ ਹੋ ਤੁਹਾਡੀ ਤਾਂ ਗੁਜਰਾਤ ਦੇ ਡੀ ਜੀ ਪੀ ਦੇ ਤੌਰ 'ਤੇ ਹੋਂਦ ਹੀ ਮੁਸ਼ਕਲ ਹੋ ਗਈ ਹੋਵੇਗੀ?

ਜਵਾਬ: ਮੇਰੀ ਪਹੁੰਚ ਇਹ ਸੀ ਕਿ ਆਪਣੇ ਅਧਿਕਾਰਾਂ ਦੇ ਅੰਦਰ ਰਹਿ ਕੇ ਮੈਂ ਆਪਣੀ ਪੂਰੀ ਵਾਹ ਲਾਵਾਂਗਾ। ਮੈਂ ਵਾਹ ਲੱਗਦੀ ਵੱਧ ਤੋਂ ਵੱਧ ਮੁਸਲਮਾਨਾਂ ਦੀ ਮਦਦ ਕਰਨ ਦੇ ਯਤਨ ਕੀਤੇ। ਵੱਡੀ ਤਾਦਾਦ 'ਚ ਲੋਕਾਂ ਦੀਆਂ ਜਾਨਾਂ ਬਚਾਈਆਂ ਗਈਆਂ, ਬਸ ਇਸ ਕਰਕੇ ਕਿ ਅਹਿਸਾਨ ਜਾਫ਼ਰੀ ਦੀ ਜਾਨ ਨਹੀਂ ਬਚਾਈ ਜਾ ਸਕੀ...

ਸਵਾਲ: ਅਹਿਸਾਨ ਜਾਫ਼ਰੀ ਕੌਣ ਸੀ?

ਜਵਾਬ: ਉਹ ਇਕ ਸਾਬਕਾ ਮੁਸਲਿਮ ਐੱਮ ਪੀ ਸੀ ਜਿਸ ਨੂੰ ਬਚਾਇਆ ਨਹੀਂ ਜਾ ਸਕਿਆ। ਹਜੂਮ ਨੇ ਉਸ ਦੀ ਹੱਤਿਆ ਕਰ ਦਿੱਤੀ। ਉਸਦਾ ਘਰ ਸਾੜ ਦਿੱਤਾ ਗਿਆ। ਉਸ ਪੂਰੇ ਇਲਾਕੇ ਉਪਰ ਹਮਲਾ ਕੀਤਾ ਗਿਆ। ਪੁਲਿਸ ਵਕਤ ਸਿਰ ਉੱਥੇ ਨਹੀਂ ਪਹੁੰਚ ਸਕੀ।

ਸਵਾਲ: ਕੀ ਇਸਦੀ ਵਜ੍ਹਾ ਇਹ ਹੈ ਕਿ ਤੁਸੀਂ ਡੀ ਜੀ ਸੀ ਇਸ ਕਰਕੇ ਤੁਸੀਂ ਨਿਸ਼ਾਨਾ ਬਣੇ?

ਜਵਾਬ: ਦੇਖੋ, ਮੇਰੇ ਮਤਹਿੱਤ ਬਹੁਤ ਸਾਰੇ ਲੋਕ ਕੰਮ ਕਰਦੇ ਹਨ.... ਇਕ ਪੂਰੀ ਦਰਜੇਬੰਦੀ ਹੈ। ਅਹਿਮਦਾਬਾਦ ਦਾ ਕਮਿਸ਼ਨਰ, ਉਸਦਾ ਆਈ ਜੀ ਅਤੇ ਫਿਰ ਉਸਦਾ ਜੂਨੀਅਰ। ਮੈਂ ਕਮਿਸ਼ਨਰ ਨੂੰ ਹੁਕਮ ਦਿੱਤੇ, ਮੈਂ ਤਾਂ ਉਸਨੂੰ ਹੀ ਕਹਿਣਾ ਸੀ ਪਰ ਕਮਿਸ਼ਨਰ ਕਹਿੰਦਾ ਹੈ ਕਿ ਉਸਨੇ ਆਪਣੇ ਅਫ਼ਸਰਾਂ ਨੂੰ ਅਦੇਸ਼ ਦੇ ਦਿੱਤਾ ਸੀ ਪਰ ਜਦੋਂ ਉਹ ਪਹੁੰਚੇ ਉਹ (ਅਹਿਸਾਨ ਜਾਫ਼ਰੀ) ਪਹਿਲਾਂ ਹੀ ਮਾਰਿਆ ਜਾ ਚੁੱਕਾ ਸੀ, ਨੁਕਸਾਨ ਹੋ ਚੁੱਕਾ ਸੀ। ਇਸ ਕਰਕੇ ਨਾਨਾਵਤੀ ਕਮਿਸ਼ਨ ਇਸ ਦੀ ਜਾਂਚ ਕਰ ਰਿਹਾ ਹੈ ਅਤੇ ਇਹ ਸੁਪਰੀਮ ਕੋਰਟ ਦੇ ਵੀ ਧਿਆਨ 'ਚ ਹੈ।



*ਭਾਗ ਨੌਵਾਂ*

ਸਵਾਲ: ਮੈਂ ਇਹੀ ਕਹਿ ਰਹੀ ਹਾਂ। ਤੁਸੀਂ ਉਹ ਭੁਗਤ ਰਹੇ ਹੋ ਜੋ ਦੂਜਿਆਂ ਨੇ ਕੀਤਾ ਅਤੇ ਉਹ ਹੁਣ ਸਟੇਟ ਤੋਂ ਇਨਾਮ ਸਨਮਾਨ ਹਾਸਲ ਕਰ ਰਹੇ ਹਨ?

ਜਵਾਬ: ਇਹ ਅਟੱਲ ਹੈ।

ਇਸੇ ਕਰਕੇ ਮੈਂ ਕਹਿ ਰਿਹਾ ਹਾਂ ਕਿ ਮੀਡੀਆ ਤੁਅੱਸਬੀ ਰਿਹਾ ਹੈ, ਇਸਨੇ ਕਹਾਣੀ ਦੇ ਦੋਵੇਂ ਪੱਖ ਨਹੀਂ ਸੁਣੇ।

ਸਵਾਲ: ਫ਼ਸਾਦਾਂ ਦੌਰਾਨ ਸਟੈਂਡ ਲੈਣ ਕਾਰਨ ਤੁਸੀਂ ਕਦੇ ਵੀ ਉਨ੍ਹਾਂ ਦੇ ਚਹੇਤੇ ਅਫ਼ਸਰ ਨਹੀਂ ਰਹੇ, ਕੀ ਇਹ ਸਹੀ ਹੈ?

ਜਵਾਬ: ਮੇਰਾ ਇਹੀ ਵਿਸ਼ਵਾਸ ਹੈ। ਮੈਂ ਇੰਝ ਕਦੇ ਨਹੀਂ ਬਣ ਸਕਿਆ। ਕਿਸੇ ਵੀ ਸੂਰਤ 'ਚ ਮੈਂ ਹਮੇਸ਼ਾ ਜੋ ਕੀਤਾ ਉਸੇ ਤਰ੍ਹਾਂ ਆਪਣੀ ਗੱਲ ਕਹਿੰਦਾ ਰਿਹਾ ਹਾਂ। ਇਹ ਬੇਥਵ੍ਹੀਆਂ ਨਹੀਂ ਸਨ।

ਸਵਾਲ: ਓਦੋਂ ਫ਼ਸਾਦਾਂ ਦੌਰਾਨ ਤੁਸੀਂ ਨਾਖ਼ੁਸ਼ੀ ਜ਼ਾਹਿਰ ਕੀਤੀ ਸੀ?

ਜਵਾਬ: ਹਾਂ, ਮੈਂ ਕੁਝ ਗੱਲਾਂ ਧਿਆਨ 'ਚ ਲਿਆਂਦੀਆਂ ਪਰ ਉੱਥੇ ਅਫ਼ਸਰਾਂ ਦੀ ਦਰਜੇਬੰਦੀ ਹੈ ਜਿਸਦਾ ਤੁਹਾਨੂੰ ਸਾਹਮਣਾ ਕਰਨਾ ਪੈਂਦਾ ਹੈ।

ਸਵਾਲ: ਤੁਹਾਡੀ ਮੁੱਖ ਮੰਤਰੀ ਤੱਕ ਸਿੱਧੀ ਪਹੁੰਚ ਨਹੀਂ ਸੀ?

ਜਵਾਬ: ਦੇਖੋ, ਉੱਥੇ ਇਕ ਤੰਤਰ ਹੈ, ਤੁਸੀਂ ਸਰਕਾਰ ਨੂੰ ਹੁਕਮ ਨਹੀਂ ਦੇ ਸਕਦੇ।

ਉੱਥੇ ਕਾਰਵਾਈ ਦਾ ਇਕ ਤੌਰ ਤਰੀਕਾ ਹੈ, ਇਕ ਤੰਤਰ ਹੈ। ਇਕ ਹੱਦ ਤੋਂ ਅੱਗੇ ਤੁਸੀਂ ਬਹੁਤਾ ਕੁਝ ਨਹੀਂ ਕਰ ਸਕਦੇ। ਤੁਸੀਂ ਸਰਕਾਰ ਦੇ ਧਿਆਨ ਵਿਚ ਕੁਝ ਚੀਜ਼ਾਂ ਲਿਆਉਂਦੇ ਹੋ ਅਤੇ ਜੇ ਉਹ ਕਾਰਵਾਈ ਨਹੀਂ ਕਰਦੇ ਉਸ ਤੋਂ ਅੱਗੇ ਤੁਸੀਂ ਕੀ ਕਰ ਸਕਦੇ ਹੋ?

ਸਵਾਲ: ਤੁਸੀਂ ਇਸਨੂੰ ਲੈ ਕੇ ਪ੍ਰੇਸ਼ਾਨ ਹੋਵੇਗੇ ਕਿ ਤੁਸੀਂ ਜੋ ਇਤਲਾਹ ਦੇ ਰਹੇ ਸੀ ਉਸਦਾ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ ਸੀ?

ਜਵਾਬ: ਹਾਂ, ਪਰ ਇਹ ਤਾਂ ਖੇਡ ਦਾ ਹਿੱਸਾ ਹੈ।

ਸਵਾਲ: ਪਰ ਤੁਹਾਨੂੰ ਇਸ ਬਾਰੇ ਲਿਖਣਾ ਜਾਂ ਬੋਲਣਾ ਚਾਹੀਦਾ ਹੈ? ਫ਼ਸਾਦਾਂ ਦੌਰਾਨ ਕੀ ਕੁਝ ਹੋਇਆ?

ਜਵਾਬ: ਮੇਰੀ ਬੇਟੀ ਵੀ ਇਹੀ ਕਹਿ ਰਹੀ ਹੈ ਕਿ...

ਸਵਾਲ: ਫ਼ਸਾਦਾਂ ਦੀ ਜਾਂਚ ਲਈ ਬਿਠਾਈਆਂ ਇਨਕੁਆਰੀਆਂ ਬਾਰੇ ਕੀ ਕਹਿਣਾ ਚਾਹੋਗੇ?

ਜਵਾਬ: ਇਕ ਬੈਨਰਜੀ ਕਮਿਸ਼ਨ ਰਿਪੋਰਟ ਸੀ ਜਿਸਨੇ ਕਿਹਾ ਕਿ ਉੱਥੇ ਸਾਜ਼ਿਸ਼ ਕੰਮ ਕਰ ਰਹੀ ਸੀ, ਪਰ ਉਸਦਾ ਅਦਾਲਤੀ ਅਮਲ ਨਾਲ ਕੋਈ ਲਾਗਾਦੇਗਾ ਨਹੀਂ ਸੀ ਇਸ ਕਰਕੇ ਉਸਨੂੰ ਵਿਚਾਰਿਆ ਨਹੀਂ ਜਾ ਸਕਦਾ ਕਿਉਂਕਿ ਐਸੀਆਂ ਕੋਈ ਗਵਾਹੀਆਂ ਨਹੀਂ ਸਨ ਜਿਨ੍ਹਾਂ ਨੂੰ ਲੈ ਕੇ ਜਿਰ੍ਹਾ ਕੀਤੀ ਗਈ ਹੋਵੇ। ਫਿਰ ਸੁਪਰੀਮ ਕੋਰਟ ਦੀ ਬਣਾਈ ਸਿਟ ਹੈ ਜੋ ਵਿਅਕਤੀਗਤ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਇਸ ਤੋਂ ਅੱਗੇ ਰਾਜ ਵੱਲੋਂ ਬਣਾਇਆ ਨਾਨਾਵਤੀ ਕਮਿਸ਼ਨ ਹੈ।

ਸਵਾਲ: ਇਨ੍ਹਾਂ ਸਾਰਿਆਂ ਨੇ ਤੁਹਾਡੇ ਤੋਂ ਪੁੱਛਗਿੱਛ ਕੀਤੀ?

ਜਵਾਬ: ਹਾਂ।

ਸਵਾਲ: ਕਿਹੜੀ ਜਾਂਚ ਵਧੇਰੇ ਅਸਰਦਾਇਕ ਸੀ?

ਜਵਾਬ: ਉਨ੍ਹਾਂ ਵਿਚੋਂ ਨਾਨਾਵਤੀ (ਕਮਿਸ਼ਨ) ਵਧੇਰੇ ਅਸਰਦਾਇਕ ਸੀ। ਤੁਸੀਂ ਜਾਣਦੇ ਹੋ ਮੈਂ ਕੀ ਕਹਿ ਰਿਹਾ ਹਾਂ।

ਸਵਾਲ: ਤੁਹਾਡੀ ਮੁਰਾਦ ਸਰਕਾਰ ਤੋਂ ਹੈ?

ਜਵਾਬ: ਬਿਲਕੁਲ ਸਹੀ। ਦੇਖੋ, ਉਨ੍ਹਾਂ ਦੇ ਬੰਦੇ, ਮੁਕੱਦਮਾ, ਬਚਾਓ ਪੱਖ ਦੇ ਮੁਸਲਮਾਨ ਵਕੀਲ। ਦੇਖੋ, ਮੈਂ ਮੀਡੀਆ ਵਿਚ ਗੱਲ ਨਹੀਂ ਲਿਜਾਵਾਂਗਾ, ਮੈਂ ਢੁੱਕਵੇਂ ਕਮਿਸ਼ਨ ਅੱਗੇ ਆਪਣੀ ਗੱਲ ਰੱਖਾਂਗਾ।

ਸਵਾਲ: ਅਤੇ ਸੁਪਰੀਮ ਕੋਰਟ ਵੱਲੋਂ ਬੈਠਾਈ ਜਾਂਚ ਤਾਂ ਨਿਰਪੱਖ ਹੋਵੇਗੀ?

ਜਵਾਬ: ਇਹ ਇਸ ਕਰਕੇ ਹੋਇਆ ਕਿ ਅਹਿਸਾਨ ਜਾਫ਼ਰੀ ਦੀ ਵਿਧਵਾ ਪਤਨੀ ਨੇ ਸ਼ਿਕਾਇਤ ਕੀਤੀ ਸੀ।

ਸਵਾਲ: ਤੁਹਾਡੇ ਗ੍ਰਹਿ ਮੰਤਰੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ? ਕੀ ਤੁਸੀਂ ਉਸਦੇ ਮਾਤਹਿਤ ਕੰਮ ਕਰਦੇ ਸੀ?

ਜਵਾਬ: ਹਾਂ, ਮੇਰੀ ਉਸ ਨਾਲ ਹਮੇਸ਼ਾ ਖੜਕਦੀ ਰਹਿੰਦੀ ਸੀ।

ਸਵਾਲ: ਫ਼ਸਾਦਾਂ ਦੌਰਾਨ?

ਜਵਾਬ: ਨਹੀਂ, ਫ਼ਸਾਦਾਂ ਤੋਂ ਬਾਅਦ, ਉਹ ਅਕਸ਼ਰਧਾਮ ਹਮਲੇ ਤੋਂ ਬਾਅਦ ਮੰਤਰੀ ਬਣਿਆ।

ਸਵਾਲ: ਅਤੇ ਤੁਸੀਂ ਐਸੇ ਬੰਦੇ ਦੇ ਮਤਹਿਤ ਕੰਮ ਕਰ ਨਹੀਂ ਸਕਦੇ ਸੀ ਜੋ ਭ੍ਰਿਸ਼ਟ ਸੀ?

ਜਵਾਬ: ਨਿਰਾ ਭ੍ਰਿਸ਼ਟਾਚਾਰ ਦਾ ਮਾਮਲਾ ਨਹੀਂ, ਇਹ ਮਾਨਸਿਕਤਾ ਦਾ ਸਵਾਲ ਵੀ ਹੈ। ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਫ਼ੋਨ ਕਾਲਾਂ ਦਾ ਰਿਕਾਰਡ ਮੌਜੂਦ ਸੀ ਜੋ ਜੁਰਮ ਵਿਚ ਸ਼ਾਮਲ ਹੋਣ ਦਾ ਸਬੂਤ ਸੀ।

ਸਵਾਲ: ਤੁਸੀਂ ਉਸਦੇ ਮਤਹਿਤ ਕਿਸ ਅਹੁਦੇ ਉਪਰ ਕੰਮ ਕਰ ਰਹੇ ਸੀ?

ਜਵਾਬ: ਮੈਂ ਡੀ ਜੀ ਪੀ ਸੀ।

ਸਵਾਲ: ਫਿਰ ਤੁਹਾਡਾ ਬਚਾਓ ਕੀਤਾ ਗਿਆ?

ਜਵਾਬ: ਬਿਲਕੁਲ ਨਹੀਂ, ਉਸਨੇ ਮੇਰੇ ਲਈ ਵਾਹਵਾ ਪ੍ਰੇਸ਼ਾਨੀ ਖੜ੍ਹੀ ਕੀਤੀ।

ਸਵਾਲ: ਕੀ ਫ਼ਸਾਦਾਂ ਦੌਰਾਨ ਤੁਸੀਂ ਘੁੱਟਣ ਮਹਿਸੂਸ ਕਰ ਰਹੇ ਸੀ? ਕੀ ਤੁਸੀਂ ਇਸਦਾ ਵਿਰੋਧ ਕੀਤਾ?

ਜਵਾਬ: ਹਾਂ, ਮੈਂ ਲੜਾਈ ਲੜੀ। ਅੰਦਰੋਂ ਲੜਾਈ ਲੜਨ ਲਈ ਵੱਖਰੀ ਤਰ੍ਹਾਂ ਦੀਆਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਇਕ ਚੀਜ਼ ਹੈ ਬਹਾਦਰ ਹੋਣਾ ਜਾਂ ਲੋਕਾਂ ਵਿਚ ਅਤੇ ਪ੍ਰੈੱਸ ਵਿਚ ਜਾਣਾ। ਦਰਅਸਲ, ਟਾਈਮਜ਼ ਆਫ਼ ਇੰਡੀਆ ਨੇ ਮੇਰੇ ਖਿਲਾਫ਼ ਲਿਖਿਆ ਸੀ ਕਿ ਜੇ ਸ੍ਰੀਮਾਨ ਚਕਰਵਰਤੀ ਦੀ ਜ਼ਮੀਰ ਹੁੰਦੀ ਤਾਂ ਉਹ ਅਸਤੀਫ਼ਾ ਦੇ ਦਿੰਦਾ। ੩ਮੈਂ ਅਸਤੀਫ਼ਾ ਕਿਉਂ ਦਿੰਦਾ?

### ਮੋਦੀ ਪ੍ਰਤੀ ਮਾਇਆ ਕੋਡਨਾਨੀ ਨੂੰ ਬੇਹੱਦ ਘਿਰਣਾ ਸੀ

ਮੈਂ ਅਹਿਮਦਾਬਾਦ ਵਿਚ ਤਕਰੀਬਨ ਜ਼ਿੰਦਗੀ ਦਾ ਆਨੰਦ ਲੈਣਾ ਸ਼ੁਰੂ ਕਰ ਦਿੱਤਾ ਸੀ, ਜਾਂ ਜਿਵੇਂ ਅਜੇ ਕਹੇਗਾ, ਇੰਝ ਲਗਦਾ ਸੀ ਕਿ ਮੈਂ ਸੱਚੀਂ ਅਮਦਾਬਾਦੀ ਬਣਦੀ ਜਾ ਰਹੀ ਸੀ। ਮੈਂ ਜਾਣਦੀ ਸੀ ਕਿ ਅਹਿਮਦਾਬਾਦ ਦੀ ਅੱਪਰ ਕਰੱਸਟ (ਇਕ ਮਸ਼ਹੂਰ ਬੇਕਰੀ) ਵਾਲੇ ਬੰਦੇ ਨੂੰ ਰਾਤ ਦੇ ਇਕ ਵਜੇ ਕਾਬੂ ਕਿਵੇਂ ਕਰਨਾ ਹੈ। ਹੋਸਟਲ ਦੀਆਂ ਕੁੜੀਆਂ ਅਤੇ ਮੈਂ ਰਾਤ ਦੇ ਦੋ ਵਜੇ ਅੰਡੇ ਖਾਣ ਬਾਹਰ ਨਿਕਲ ਤੁਰਦੀਆਂ। ਦੁਰਗਾ ਪੂਜਾ ਦਾ ਪੰਡਾਲ ਅਤੇ ਗਰਬਾ ਦੇ ਨੌਂ ਦਿਨਾਂ ਦਰਮਿਆਨ ਪਾਨੀ ਅਤੇ ਮੈਂ ਨੱਚ ਨੱਚ ਕੇ ਅੱਡੀਆਂ ਲਾਲ ਕਰ ਲੈਂਦੀਆਂ।

ਅਸੀਂ ਦੁਪਹਿਰ ਦਾ ਖਾਣਾ ਖਾਣ ਦਾ ਟਿਕਾਣਾ ਲੱਭ ਲਿਆ ਸੀ ਜੋ ਲਾਲ ਮਿਰਚਾਂ ਨਾਲ ਦਿਲਕਸ਼ ਤਰੀਕੇ ਨਾਲ ਸਜਾਈ ਕਾਠੀਆਵਾੜੀ ਘਾਟੀਆ ਅਤੇ ਦੁਪਹਿਰ ਦੇ ਖਾਣੇ ਦੀਆਂ ਥਾਲੀਆਂ ਪਰੋਸਦਾ ਸੀ। ਇਕ ਵਾਰ ਜਦੋਂ ਮੈਨੂੰ ਤਿੰਨ ਦਿਨ ਲਈ ਨਹਿਰੂ ਫਾਊਂਡੇਸ਼ਨ ਦਾ ਕਮਰਾ ਖਾਲੀ ਕਰਨਾ ਪਿਆ ਤਾਂ ਮੈਂ ਬਤੌਰ ਇਕ ਵਿਦਿਆਰਥਣ ਐੱਨ ਆਈ ਡੀ ਵਿਖੇ ਜਗ੍ਹਾ ਲੱਭ ਲਈ ਸੀ। ਮੈਂ ਇਕ ਐਸੀ ਵਿਦਿਆਰਥਣ ਨੂੰ ਮਿਲ ਕੇ ਉਸਦੇ ਕਮਰੇ ਵਿਚ ਰਹਿਣ ਲੱਗੀ ਜੋ ਪਹੁ ਫੁੱਟਣ ਤੱਕ ਆਪਣੇ ਮਿੱਤਰ ਨਾਲ ਚੈਟਿੰਗ ਕਰਦੀ ਹੋਈ ਜਾਗਦੀ ਰਹਿੰਦੀ। ਆਪਣੀ ਪੂਰੀ ਵਿਦਿਆਰਥੀ ਜ਼ਿੰਦਗੀ ਦੌਰਾਨ ਹੋਸਟਲ ਵਿਚ ਰਹਿਣ ਦੀ ਖ਼ਾਹਿਸ਼ ਰਹੀ ਹੋਣ ਕਰਕੇ ਅਹਿਮਦਾਬਾਦ ਵਿਚ ਮੈਂ ਸੱਚੀਂਮੁੱਚੀਂ ਆਪੇ ਵਕਤ ਦੇ ਇਸ ਰੰਗ ਢੰਗ ਦਾ ਮਜ਼ਾ ਲੈ ਰਹੀ ਸੀ।

ਫਿਰ ਵੀ, ਹਰ ਚੀਜ਼ ਮੈਨੂੰ ਖ਼ੁਸ਼ੀ ਦੇਣ ਵਾਲੀ ਨਹੀਂ ਸੀ। ਓੜਕ ਮਾਈਕ ਦੇ ਵਿਦਾ ਹੋਣ ਦਾ ਵਕਤ ਆ ਗਿਆ ਸੀ। ਅਸੀਂ ਉਸਦੀ ਵਿਦਾਇਗੀ ਦਾਅਵਤ ਲਈ ਉਸਦੇ ਮਨਭਾਉਂਦੇ ਥਾਲੀ ਜੁਆਇੰਟ ਵਿਖੇ ਚਲੇ ਗਏ। ਉਸਦੇ ਲੈਪਟਾਪ ਵਿਚ ਅਹਿਮਦਾਬਾਦ ਦੀਆਂ ਕੁਝ ਕਮਾਲ ਦੀਆਂ ਤਸਵੀਰਾਂ ਸਨ, ਅਤੇ ਹੁਣ ਉਸਨੇ ਵਧੀਆ ਹਿੰਦੀ ਬੋਲਣੀ ਸਿੱਖ ਲਈ ਸੀ। ਆਪੋ ਆਪਣੇ ਕਮਰਿਆਂ ਵਿਚ ਜਾਣ ਤੋਂ ਪਹਿਲਾਂ ਅਸੀਂ ਪੂਰੀ ਰਾਤ ਗੱਲਾਂ ਕਰਦੇ ਰਹੇ। ਸਵੇਰੇ ਦਸ ਵਜੇ ਉਸਨੇ ਦਿੱਲੀ ਦੀ ਉਡਾਣ ਫੜਨੀ ਸੀ। ਅਗਲੀ ਸਵੇਰ ਮੈਨੂੰ ਅਪਾਣੇ ਦਰਵਾਜ਼ੇ ਹੇਠੋਂ ਦੀ ਅੰਦਰ ਸੁੱਟੀ ਇਕ ਤਸਵੀਰ ਅਤੇ ਮੋਰ ਦਾ ਖੰਭ ਮਿਲੇ। ਤਸਵੀਰ ਭਗਵਾਨ ਕ੍ਰਿਸ਼ਨ ਦੀ ਸੀ, ਅਤੇ ਇਸਦੇ ਪਿੱਛੇ ਮਾਈਕ ਨੇ ਹਿੰਦੀ ਵਿਚ ਲਿਖਿਆ ਹੋਇਆ ਸੀ, ਪਿਆਰੀ ਮੈਥਿਲੀ, ਅਪਨਾ ਖ਼ਿਆਲ ਰਖਨਾ। ਮੇਰਾ ਮਿੱਤਰ, ਮੇਰਾ ਚੈਨ ਅਤੇ ਜੁਰਮ ਵਿਚ ਮੇਰਾ ਭਾਈਵਾਲ ਮੇਰੇ ਤੋਂ ਵਿਦਾ ਹੋ ਗਿਆ ਸੀ। ਮੇਰੇ ਕੋਲ ਹੁਣ ਗੱਲਾਂ ਕਰਨ ਲਈ ਕੋਈ ਨਹੀਂ ਸੀ ਜੋ ਰਾਣਾ ਅਯੂਬ ਨੂੰ ਜਾਣਦਾ ਹੋਵੇ। ਬਾਅਦ ਵਿਚ ਮਾਈਕ 2011 'ਚ ਇਕ ਦਿਨ ਮੁੜ ਆਖ਼ਰੀ ਝਾਕੀ ਲਈ ਅਹਿਮਦਾਬਾਦ ਆਵੇਗਾ।

ਜਦੋਂ ਮੈਂ ਦੁਬਾਰਾ ਅਹਿਮਦਾਬਾਦ ਵਿਚ ਦਾਖ਼ਲ ਹੋਈ, ਇਹ ਕੁਝ ਦਸਤਾਵੇਜ਼ ਹਾਸਲ ਕਰਨ ਲਈ 2013 ਦਾ ਕੋਈ ਸਮਾਂ ਸੀ। ਮਾਇਆ ਕੋਡਨਾਨੀ ਮੁੜ ਸੀਖਾਂ ਪਿੱਛੇ ਬੰਦ ਸੀ। ਸਟਿੰਗ ਪੂਰਾ ਹੋ ਗਿਆ ਸੀ ਅਤੇ ਮੈਂ ਤਹਿਲਕਾ ਲਈ ਕੰਮ ਜਾਰੀ ਰੱਖਦੀ ਹੋਈ ਹਾਲੇ ਵੀ ਇਸਦੇ ਛਪਣ ਦਾ ਇੰਤਜ਼ਾਰ ਕਰ ਰਹੀ ਸੀ। ਜਿਸ ਅਫ਼ਸਰ ਨੂੰ ਮੈਂ ਦਸਤਾਵੇਜ਼ਾਂ ਲਈ ਮਿਲੀ ਉਸਨੇ ਮੈਨੂੰ ਦਸਿਆ ਕਿ ਉਹ ਮਾਇਆਬੇਨ ਨੂੰ ਜੇਲ੍ਹ ਵਿਚ ਮਿਲਿਆ ਸੀ। ਉਸਨੇ ਦਸਿਆ ਕਿ ਉਹ ਜੇਲ੍ਹ ਵਿਚ ਮਾਇਆਬੇਨ ਨੂੰ ਓਸ਼ੋ ਦੀਆਂ ਕਿਤਾਬਾਂ ਭੇਜਣ ਦੀ ਸੋਚ ਰਿਹਾ ਸੀ। ਮੈਂ ਉਸਦੇ ਬਿਆਨ ਤੋਂ ਹੈਰਾਨ ਸੀ। ਉਸਨੇ ਦਸਿਆ, ਉਹ ਉੱਚੀ ਉੱਚੀ ਰੋਂਦੀ ਰਹੀ, ਕਹਿੰਦੀ ਮੈਨੂੰ ਕਿਸੇ ਤਰ੍ਹਾਂ ਬਾਹਰ ਲੈ ਜਾਓ, ਉਹ ਪਾਗਲ ਹੋਣ ਵਾਲੀ ਸੀ। ਮੈਂ ਸੋਚਿਆ ਰੂਹਾਨੀਅਤ ਉਸਦੀ ਮਦਦ ਕਰ ਸਕਦੀ ਸੀ। ਸਟਿੰਗ ਦੌਰਾਨ ਮਾਇਆਬੇਨ ਦੇ ਘਰ ਦੁਪਹਿਰ ਦੇ ਖਾਣੇ ਦੇ ਇਕ ਮੌਕੇ 'ਤੇ ਉਸਨੇ ਮੈਨੂੰ ਅੰਬ ਦਾ ਰਸ ਪਿਆਇਆ ਸੀ। ਅੰਬਾਂ ਦੀ ਰੁੱਤ ਲੰਘ ਚੁੱਕੀ ਸੀ ਪਰ ਉਸਨੇ ਰਸ ਬਣਾ ਕੇ ਆਪਣੇ ਬੇਟੇ, ਜੋ ਅਮਰੀਕਾ ਤੋਂ ਆਉਣ ਵਾਲਾ ਸੀ, ਲਈ ਫਰੀਜ਼ਰ ਵਿਚ ਸਾਂਭਿਆ ਹੋਇਆ ਸੀ। ਫਿਰ ਉਸਨੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਕਿਹਾ ਤੂੰ ਖਾ ਲੈ, ਮੈਨ ਸਮਝਾਂਗੀ ਮੇਰਾ ਪੁੱਤ ਖਾ ਰਿਹਾ ਹੈ। ਤੂੰ ਵੀ ਮੇਰੀ ਧੀ ਸਮਾਨ ਏ ਮੈਥਿਲੀ।

ਉਸ ਦੁਪਹਿਰ ਮੈਂ ਉਸਨੂੰ ਗੀਤਾ ਦਾ ਸਾਰ ਸੁਣਾਇਆ ਸੀ ਜੋ ਮੈਂ ਕਥਿਤ ਤੌਰ 'ਤੇ ਆਪਣੇ ਸੰਸਕ੍ਰਿਤ ਦੇ ਉਸਤਾਦ ਬਾਪ ਤੋਂ ਸਿੱਖਿਆ ਸੀ। ਉਹ ਪ੍ਰਭਾਵਿਤ ਸੀ ਕਿ ਪਰਦੇਸ਼ ਵਿਚ ਰਹਿੰਦੀ ਇਕ ਕੁੜੀ ਨੂੰ ਧਰਮ ਦਾ ਇਥੇ ਵਸਦੇ ਲੋਕਾਂ ਤੋਂ ਵੱਧ ਗਿਆਨ ਸੀ। ਮੈਂ ਤਾਂ ਕਹਿੰਦੀ ਹਾਂ ਮੈਥਿਲੀ, ਅਸੀਂ ਆਪਣੀ ਪੂਰੀ ਸੰਸਕ੍ਰਿਤੀ ਗੁਆ ਚੁੱਕੇ ਹਾਂ। ਇਨ੍ਹਾਂ ਮੁਸਲਮਾਨਾਂ ਵੱਲ ਦੇਖੋ, ਇਨਾਂ ਦੇ ਬੱਚੇ ਵੀ ਕਿੰਨੇ ਕੱਟੜ ਨੇ। ਮੈਂ ਸਿਰ ਹਿਲਾ ਕੇ ਹਾਮੀ ਭਰੀ। ਦੁਪਹਿਰ ਦਾ ਖਾਣਾ ਸਾਦਾ ਜਿਹਾ ਸੀ ਦੋ ਸਬਜ਼ੀਆਂ, ਪਾਪੜ ਅਤੇ ਪੂਰੀਆਂ। ਮਾਇਆਬੇਨ ਨੇ ਆਪਣੇ ਹੱਥੀਂ ਖਾਣਾ ਬਣਾਇਆ ਸੀ ਅਤੇ ਜਦੋਂ ਮੈਂ ਖਾ ਰਹੀ ਸੀ ਤਾਂ ਖ਼ੁਦ ਦੀ ਪਰੋਸਦੀ ਰਹੀ ਸੀ।

ਉਸ ਸ਼ਾਮ ਨੂੰ ਅਸੀਂ ਗੱਲਬਾਤ ਸ਼ੁਰੂ ਕੀਤੀ। ਉਸ ਨਫ਼ਰਤ ਨੂੰ ਲੈ ਕੇ ਕੋਈ ਸ਼ੱਕ ਨਹੀਂ ਸੀ ਜੋ ਉਸਦੇ ਦਿਲ ਅੰਦਰ ਮੁਸਲਿਮ ਭਾਈਚਾਰੇ ਪ੍ਰਤੀ ਭਰੀ ਹੋਈ ਸੀ ਪਰ ਮੇਰੇ ਨਾਲ ਗੱਲਬਾਤ ਦੌਰਾਨ ਸਭ ਤੋਂ ਵੱਧ ਜੋ ਸਾਹਮਣੇ ਆਇਆ ਉਹ ਸੀ ਮੋਦੀ ਪ੍ਰਤੀ ਘਿਰਣਾ। ਇਹ ਦਸਦਿਆਂ ਉਸਨੇ ਕੋਈ ਸੰਕੋਚ ਨਹੀਂ ਕੀਤਾ ਕਿ ਮੋਦੀ ਨੇ ਉਸਦੇ ਗੋਰਧਨ ਜ਼ੜਫੀਆ ਵਿਰੁੱਧ ਮਾਮਲਿਆਂ ਨੂੰ ਉਨ੍ਹਾਂ ਲੋਕਾਂ ਦਾ ਸਫ਼ਾਇਆ ਕਰਨ ਲਈ ਇਸਤੇਮਾਲ ਕੀਤਾ ਸੀ ਜੋ ਉਸਨੂੰ ਪਸੰਦ ਨਹੀਂ ਸਨ।

ਇਸ ਨਵੀਂ ਪੀੜ੍ਹੀ ਦੇ ਪੱਲੇ ਕੁਝ ਨਹੀਂ, ਕੋਈ ਵਿਚਾਰਧਾਰਾ ਨਹੀਂ, ਜੇ ਕੁਝ ਵਾਪਰਦਾ ਹੈ ਇਹ ਕਦੇ ਵੀ ਸੜਕਾਂ ਉਪਰ ਨਹੀਂ ਆਵੇਗੀ।

'ਦੇਖੋ ਸਾਡੇ ਧਰਮ ਵਿਚ ਕੀ ਸਿਖਾਇਆ ਜਾਂਦਾ ਹੈ, ਕੀੜੀ ਨੂੰ ਵੀ ਦੁੱਖ ਨਾ ਦਿਓ ਅਤੇ ਮੁੱਢ ਤੋਂ ਸਾਡੇ ਬੱਚੇ ਨੂੰ ਇਹ ਸਿਖਾਇਆ ਜਾਂਦਾ ਹੈ। ਅਤੇ ਇਹ ਲੋਕ ਬਚਪਨ ਤੋਂ ਹੀ ਕੀ ਸਿੱਖਦੇ ਹਨ ਕਿ ਤੁਸੀਂ ਹਤਿਆ ਕਰਨੀ ਹੈ, ਜੇ ਤੁਸੀਂ ੱਸ ਹਤਿਆ ਕਰਦੇ ਹੋ ਫਿਰ ਹੀ ਤੁਸੀਂ ਮੁਸਲਮਾਨ ਹੋ। ਯੇ ਲੋਕ ਕਯਾ ਸਿਖਾਤੇ ਹੈਂ ਕੀ ਆਪ ਏਕ ਆਦਮੀ ਕੋ ਭੀ ਮੁਸਲਮਾਨ ਬਨਾਓ ਤੋਂ ਆਪਕੋ ਜੱਨਤੀ ਪਰੀ

ਮਿਲੇਗੀ। ਅਤੇ ਇਹ ਸਾਰਾ ਕੁਝ ਮਦਰੱਸਿਆਂ ਵਿਚ ਸਿਖਾਇਆ ਜਾਂਦਾ ਹੈ। ਪਰ ਆਪਣੇ ਬੱਚਿਆਂ ਨੂੰ ਘੱਟੋਘੱਟ ਇਹ ਤਾਂ ਸਿਖਾਓ ਕਿ ਉਹ ਭਾਰਤੀ ਹਨ। ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਜਦੋਂ ਪਾਸਿਕਤਾਨ ਜਿੱਤ ਜਾਵੇ ਤਾਂ ਤੁਸੀਂ ਪਟਾ ਕੇ ਚਲਾਓ।

ਸਵਾਲ: ਅਭੀ ਇਨ ਲੋਗੋਂ ਕੋ 2002 ਕੇ ਬਾਦ ਕਮ ਨਹੀਂ ਹੂਆ?

ਜਵਾਬ: ਹਾਂ ਅਭੀ ਥੋੜ੍ਹਾ ਕਮ ਹੂਆ ਹੈ।

ਸਵਾਲ: ਤਾਂ ਫਿਰ ਤੁਸੀਂ ਅੱਠ ਘੰਟੇ ਅਦਾਲਤ ਵਿਚ ਗੁਜ਼ਰਾਦੇ ਹੋ?

ਜਵਾਬ: ਕੀ ਕਰਨਾ ਹੈ? ਮੇਰੀ ਪ੍ਰੈਕਟਿਸ ਹੱਥੋਂ ਨਿਕਲਦੀ ਜਾ ਰਹੀ ਹੈ। ਪਰ ਉਹ ਮੈਨੂੰ ਅਦਾਲਤ ਤੋਂ ਨਹੀਂ ਬਚਾ ਸਕਦੇ ਕਿਉਂਕਿ 80 ਹੋਰ ਹਨ। ਤੀਸਤਾ ਵਰਗੇ ਲੋਕ ਚੀਕਣਾ ਸ਼ੁਰੂ ਕਰ ਦੇਣਗੇ।

ਸਵਾਲ: ਪਰ, ਇਹ ਦੱਸੋ, ਨਰਿੰਦਰ ਮੋਦੀ ਦੇ ਆਲੇ ਦੁਆਲੇ ਕੀ ਚਾਪਲੂਸੀ ਕੁਝ ਜ਼ਿਆਦਾ ਨਹੀਂ ਹੈ? ਮਤਲਬ ਕਿ ਕੁਝ ਚੰਗੇ ਕੰਮ ਦਾ ਸਿਹਰਾ ਉਸੇ ਨੂੰ ਜਾਂਦਾ ਹੈ?

ਜਵਾਬ: ਅਜੇ ਤਾਂ ਇਹ ਠੀਕ ਹੈ ਪਰ ਦੂਰ ਦੀ ਸੋਚੀਏ ਤਾਂ ਇਹ ਇਹ ਮਾੜਾ ਹੋਵੇਗਾ।

ਸਵਾਲ: ਕੀ ਤੁਸੀਂ ਉਨ੍ਹਾਂ ਦੇ ਚਹੇਤਿਆਂ ਵਿਚੋਂ ਹੋ?

ਜਵਾਬ: ਮੈਂ ਹੁੰਦੀ ਸੀ।

ਸਵਾਲ: ਚਾਹੇ ਕੁਝ ਵੀ ਹੋਵੇ, ਤੁਸੀਂ ਗੁਜਰਾਤੀਆਂ ਲਈ ਜੋ ਕੀਤਾ ਹੈ ਉਸਦੇ ਲਈ ਲੋਕ ਤੁਹਾਨੂੰ ਕਦੇ ਨਹੀਂ ਭੁੱਲਣਗੇ।

ਜਵਾਬ: ਉਹ ਇਸ ਨੂੰ ਕਦੇ ਨਹੀਂ ਭੁੱਲਣਗੇ। ਸਾਰੇ ਮੇਰੇ ਨਾਲ ਨੇ।

ਸਵਾਲ: ਉਹ ਅਮਿਤ ਸ਼ਾਹ ਵਾਲੇ ਮਾਮਲੇ ਤੋਂ ਬਾਅਦ ਮੋਦੀ ਨੂੰ ਕੀ ਹੋ ਗਿਆ ਹੈ?

ਜਵਾਬ: ਆਪਣੀ ਗ੍ਰਿਫ਼ਤਾਰੀ ਅਤੇ ਜ਼ਮਾਨਤ ਤੋਂ ਬਾਅਦ ਮੈਂ ਉਨ੍ਹਾਂ ਨਾਲ ਕੋਈ ਗੱਲ ਨਹੀਂ ਕੀਤੀ। ਸ਼ਾਇਦ ਦੋ ਮੌਕਿਆਂ ਉਪਰ ਅਸੀਂ ਬਸ ਮਿਲੇ ਹੀ ਹਾਂ।

ਸਵਾਲ: ਤੁਹਾਨੂੰ ਦੇਖ ਕੇ ਉਸਦਾ ਪ੍ਰਤੀਕਰਮ ਕਿਹਾ ਜਿਹਾ ਹੁੰਦਾ ਹੈ?

ਜਵਾਬ: ਕੋਈ ਪ੍ਰਤੀਕਰਮ ਨਹੀਂ ਹੁੰਦਾ, ਉਹ ਕੁਝ ਨਹੀਂ ਕਹਿੰਦੇ। ਮੈਂ ਵੀ ਕੁਝ ਨਹੀਂ ਕਹਿੰਦੀ। ਕੁਝ ਵੀ ਹੋਵੇ, ਇਹ ਮੇਰਾ ਮਸਲਾ ਹੈ। ਮੈਂ ਨਜਿੱਠ ਲਵਾਂਗੀ। ਪ੍ਰਮਾਤਮਾ ਮੇਰੀ ਮਦਦ ਕਰੇਗਾ। ਆਖ਼ਿਰ ਮੈਂ ਹੋਰਨਾਂ ਤੋਂ ਮਦਦ ਦੀ ਉਮੀਦ ਕਿਉਂ ਕਰਾਂ। ਮੈਂ ਜਾਣਦੀ ਹਾਂ ਕਿ ਮੈਂ ਬੇਕਸੂਰ ਹਾਂ ਅਤੇ ਪ੍ਰਮਾਤਮਾ ਮੇਰੀ ਮਦਦ ਕਰੇਗਾ। ਮੈਥਿਲੀ, ਮੈਂ ਉੱਥੇ ਹੈ ਹੀ ਨਹੀਂ ਸੀ। ਮੈਂ ਤਾਂ ਵੀਹ ਕਿਲੋਮੀਟਰ ਦੂਰ ਬੈਠੀ ਸੀ। ਮੈਂ ਸੋਲਾ ਵਿਚ ਸੀ। ਮੈਂ ਸਾਢੇ ਅੱਠ ਵਜੇ ਅਸੰਬਲੀ ਵਿਚ ਗਈ ਸੀ। ਮੈਂ ਆਪਣੇ ਘਰੋਂ, ਆਨੰਦੀਬੇਨ ਦੇ ਦਫ਼ਤਰ ਗਈ। ਅਸੀਂ ਉੱਥੇ ਪਹੁੰਚੇ। ਅਸੀਂ ਉੱਥੇ ਗੱਲਬਾਤ ਕੀਤੀ।

ਸਵਾਲ: ਯਾਨੀ, ਆਨੰਦੀਬੇਨ ਤੋਂ ਵੀ ਪੁੱਛਗਿੱਛ ਕੀਤੀ ਗਈ ਹੋਵੇਗੀ?

ਜਵਾਬ: ਪਤਾ ਨਹੀਂ। ਉੱਥੋਂ ਮੈਂ ਹਸਪਤਾਲ ਚਲੀ ਗਈ ਕਿਉਂਕਿ ਸਾਰੀਆਂ ਲਾਸ਼ਾਂ ਸੋਲਾ ਸਿਵਲ ਹਸਪਤਾਲ ਵਿਚ ਹੀ ਸਨ। ਮੇਰੀ ਨਰਸ ਦੇ ਪਿਤਾ ਗੋਧਰਾ ਕਾਂਡ ਵਿਚ ਸ਼ਿਕਾਰ ਹੋਏ ਸਨ ਅਤੇ ਮੈਂ ਉਨ੍ਹਾਂ ਦੀ ਲਾਸ਼ ਦੀ ਸ਼ਨਾਖ਼ਤ ਕਰਨ ਲਈ ਉੱਥੇ ਗਈ ਸੀ। ਅਮਿਤ ਸ਼ਾਹ ਅਤੇ ਮੈਂ ਹਸਪਤਾਲ ਗਏ ਸੀ। ਉੱਥੇ ਤਾਂ ਹਿੰਦੂਆਂ ਨੇ ਵੀ ਮੈਨੂੰ ਹੀ ਤੰਗ ਕੀਤਾ, ਉਹ ਐਨਾ ਗੁੱਸੇ ਵਿਚ ਸਨ। ਉਹ ਮੇਰੇ ਅਤੇ ਅਮਿਤ ਸ਼ਾਹ ਦੇ ਖਿਲਾਫ਼ ਜ਼ੋਰ ਜ਼ੋਰ ਨਾਲ ਚਿਲਾ ਰਹੇ ਸਨ। ਪੁਲਿਸ ਇੰਸਪੈਕਟਰ ਨੇ ਮੈਨੂੰ ਸੁਰੱਖਿਆ ਦੇ ਕੇ ਆਪਣੀ ਕਾਰ ਵਿਚ ਬਿਠਾ ਕੇ ਉੱਥੋਂ ਕੱਢਿਆ।

ਸਵਾਲ: ਫਿਰ ਇਲਜ਼ਾਮ ਕੀ ਹੈ?

ਜਵਾਬ: ਉਹ ਗਵਾਹਾਂ ਦਾ ਇਸਤੇਮਾਲ ਕਰਕੇ ਸਾਬਤ ਕਰ ਰਹੇ ਹਨ ਕਿ ਫ਼ਸਾਦ ਮੈਂ ਭੜਕਾ ਰਹੀ ਸੀ ਅਤੇ ਹਜੂਮ ਦੀ ਅਗਵਾਈ ਕਰ ਰਹੀ ਸੀ। ਮੈਂ ਆਪਣੇ ਹਸਪਤਾਲ ਆਈ... ਇਕ ਜਣੇਪੇ ਦਾ ਕੇਸ ਦੇਖਿਆ। ਤਿੰਨ ਵਜੇ ਮੈਂ ਹਸਪਤਾਲ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਮੇਰੇ ਮੋਬਾਈਲ ਦੀ ਲੋਕੇਸ਼ਨ ਓਦੋਂ ਉੱਥੇ ਇਕ ਖ਼ਾਸ ਇਲਾਕੇ ਦੇ ਅੰਦਰ ਮੌਜੂਦ ਸੀ ਇਸ ਕਰਕੇ ਮੈਂ ਉੱਥੇ ਮੌਜੂਦ ਸੀ।

ਸਵਾਲ: ਗੋਰਧਨ ਜ਼ੜਫੀਆ ਉਦੋਂ ਗ੍ਰਹਿ ਮੰਤਰੀ ਸੀ। ਉਸ ਨੂੰ ਵੀ ਇਸੇ ਕਾਰਨ ਹਟਾਇਆ ਗਿਆ ਸੀ?

ਜਵਾਬ: ਨਹੀਂ, ਉਸ ਨੂੰ ਇਸ ਲਈ ਹਟਾਇਆ ਗਿਆ ਕਿਉਂਕਿ ਉਹ ਮੁੱਖ ਮੰਤਰੀ ਨੂੰ ਪਸੰਦ ਨਹੀਂ ਸੀ।

ਸਵਾਲ: ਯਾਨੀ, ਮੁੱਖ ਮੰਤਰੀ ਨੇ ਗੋਰਧਨ ਭਾਈ ਨੂੰ ਬਚਾਉਣ ਲਈ ਗਵਾਹਾਂ ਦਾ ਇਸਤੇਮਾਲ ਨਹੀਂ ਕੀਤਾ, ਜਿਵੇਂ ਉਨ੍ਹਾਂ ਨੇ ਅਮਿਤ ਸ਼ਾਹ ਦੇ ਮਾਮਲੇ ਵਿਚ ਕੀਤਾ ਸੀ?

ਜਵਾਬ: ਨਹੀਂ (ਹੱਸਦੇ ਹੋਏ)।

ਸਵਾਲ: ਯਾਨੀ, ਫ਼ਸਾਦਾਂ ਦੇ ਪੱਜ ਉਨ੍ਹਾਂ ਨੇ ਗੋਰਧਨ ਜ਼ੜਫੀਆਂ ਤੋਂ ਖਹਿੜਾ ਛੁਡਾ ਲਿਆ?

ਜਵਾਬ: ਹਾਂ, ਉਸਨੂੰ ਚਲਦਾ ਕਰ ਦਿੱਤਾ।

ਸਵਾਲ: ਯਾਨੀ, ਜੋ ਲੋਕ ਉਸ ਨੂੰ ਪਸੰਦ ਨਹੀਂ ਸਨ, ਉਨ੍ਹਾਂ ਨਾਲ ਨਜਿੱਠਣ ਲਈ ਫ਼ਸਾਦ ਇਕ ਵਧੀਆ ਬਹਾਨਾ ਮਿਲ ਗਿਆ?

ਜਵਾਬ: ਹਾਂ।

ਸਵਾਲ: ਅਤੇ ਅਮਿਤ ਸ਼ਾਹ ਦਾ ਕੀ ਮਾਮਲਾ ਹੈ?

ਜਵਾਬ: ਉਹ ਤਾਂ ਉਸੇ ਦਾ ਬੰਦਾ ਹੈ, ਬੇਹੱਦ ਕਰੀਬੀ।

ਸਵਾਲ: ਮੈਂ ਸੋਚਦੀ ਸੀ ਕਿ ਆਨੰਦੀਬੇਨ ਉਸ ਦੇ ਜ਼ਿਆਦਾ ਕਰੀਬੀ ਹੈ?

ਜਵਾਬ: ਆਨੰਦੀਬੇਨ ਸੱਜਾ ਹੱਥ ਹੈ ਅਤੇ ਇਹ ਖੱਬਾ। ਅਮਿਤ ਸ਼ਾਹ ਨੂੰ ਬਾਹਰ ਲਿਆਉਣ ਲਈ ਉਸ ਨੇ ਜੋ ਹੋ ਸਕਦਾ ਸੀ ਕੀਤਾ। ਅਡਵਾਨੀ ਆ ਕੇ ਉਸ ਨੂੰ ਮਿਲਿਆ। ਸੁਸ਼ਮਾ ਸਵਰਾਜ ਉਸਦੇ ਘਰ ਆਈ ਸੀ।

ਸਵਾਲ: ਪਰ ਜਦੋਂ ਤੁਹਾਡੀ ਗ੍ਰਿਫ਼ਤਾਰੀ ਹੋਈ ਓਦੋਂ ਇੰਝ ਨਹੀਂ ਹੋਇਆ?

ਜਵਾਬ: ਕੀ ਕਰਨਾ ਹੈ...ਪ੍ਰਮਾਤਮਾ ਸਭ ਦੇਖ ਰਿਹਾ ਹੈ। ਐਸਾ ਲਗਦਾ ਹੈ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਇਆ ਜਾਵੇਗਾ। ਉਸ ਕੋ ਟੱਕਰ ਦੇਨੇ ਵਾਲਾ ਭੀ ਕੋਈ ਨਹੀਂ ਹੈ। ਉਹ ਆਨੰਦੀਬੇਨ ਨੂੰ ਮੁੱਖ ਮੰਤਰੀ ਬਣਾਏਗਾ।

ਸਵਾਲ: ਯੇ ਸਬ ਲੋਗ ਕਿਤਨਾ ਬੋਲਤੇ ਹੈਂ ਉਨਕੇ ਪੀਛੇ। ਯੇ ਆਪ ਕੇ ਐਨਕਾਊਂਟਰ ਕਾਪਸ ਭੀ ਯਹੀ ਬੋਲਤੇ ਹੈਂ ਕੀ ਯੂਜ਼ ਐਂਡ ਥਰੋਅ ਕੀਯਾ?

ਜਵਾਬ: ਹਾਂ, ਵਨਜਾਰਾ ਬਹੁਤ ਚੰਗਾ ਸੀ। ਦੇਖੋ, ਐਨਕਾਊਂਟਰ ਤੋਂ ਕੀਯਾ ਇਨ ਲੋਗੋਂ ਨੇ, ਲੇਕਿਨ ਇਸਕੀ ਸਹੀ ਵਜ੍ਹਾ ਕਯਾ ਹੈ ਯੇ ਕਿਉਂ ਨਹੀਂ ਸਾਮਨੇ ਆ ਰਹਾ? ਜੈਸੇ ਕੀ ਸੋਹਰਾਬੂਦੀਨ ਕੋ ਮਾਰਾ ਟੈਰਰਿਸਟ ਬੋਲ ਕੇ, ਉਸਦੀ ਵਾਈਫ਼ ਕੋ ਕਿਉਂ ਮਾਰਾ, ਵੋਹ ਤੋਂ ਟੈਰਰਿਸਟ ਨਹੀਂ ਥਾ। ਵੋਹ ਕੌਸਰ ਬੀ। ਉਹ ਮਾੜਾ ਬੰਦਾ ਸੀ, ਇਸ ਲਈ ਤੁਸੀਂ ਉਸ ਨੂੰ ਮਾਰ ਦਿੱਤਾ, ਲੇਕਿਲ ਉਸਦੀ ਪਤਨੀ ਨੂੰ ਕਿਉਂ ਮਾਰਿਆ?

ਸਵਾਲ: ਗੋਰਧਨ ਭਾਈ ਤੋਂ ਠੀਕ ਥੇ, ਹਰੇਨ ਪਾਂਡਿਆ ਬਹੁਤ ਡਾਈਨਾਮਿਕ ਇਨਸਾਨ ਸਨ।

ਸਵਾਲ: ਲੇਕਿਨ ਗੋਰਧਨ ਭਾਈ ਕੋ ਭੀ ਤੋਂ ਫ਼ਸਾਦੋਂ ਮੇਂ ਯੂਜ਼ ਕਰਕੇ ਫੇਂਕ ਦੀਯਾ ਇਸਨੇ?

ਜਵਾਬ: ਹਾਂ, ਹਾਂ... ਪੂਰੇ ਗੁਜਰਾਤ ਵਿਚ ਫ਼ਸਾਦ ਹੋਏ ਸਨ। ਲੇਕਿਨ ਉਹ ਨਰੋਦਾ ਦੀ ਵਿਧਾਇਕ ਦੇ ਯਾਨੀ ਮੇਰੇ ਪਿੱਛੇ ਪਏ ਹੋਏ ਸਨ।

ਸਵਾਲ: ਤੁਹਾਨੂੰ ਬਲੀ ਦਾ ਬਕਰਾ ਬਣਾ ਦਿੱਤਾ?

ਜਵਾਬ: ਹਾਂ।

ਸਵਾਲ: ਮੋਦੀ ਤੋਂ ਪੁੱਛਗਿੱਛ ਦਾ ਕੀ ਬਣਿਆ?

ਜਵਾਬ: ਉਹ ਵੀ ਐੱਸ ਆਈ ਟੀ ਅੱਗੇ ਗਿਆ ਸੀ ਲੇਕਿਨ ਉਸ ਨੂੰ ਛੱਡ ਦਿੱਤਾ ਗਿਆ। ਸਵਾਲ: ਲੇਕਿਨ ਜਿਸ ਅਧਾਰ 'ਤੇ ਤੁਹਾਨੂੰ ਦੋਸ਼ੀ ਠਹਿਰਾਇਆ ਗਿਆ, ਉਸੇ ਅਧਾਰ 'ਤੇ ਉਸ ਦੀ ਗ੍ਰਿਫ਼ਤਾਰੀ ਵੀ ਹੋ ਜਾਣੀ ਚਾਹੀਦੀ ਸੀ?

ਜਵਾਬ: ਹਾਂ ਹਾਂ.... (ਸਿਰ ਹਿਲਾਉਂਦੀ ਹੈ)।

ਸਵਾਲ: ਕੱਲ੍ਹ ਮੈਂ ਤੁਹਾਡੇ ਮੋਦੀ ਨੂੰ ਮਿਲਣ ਜਾ ਰਹੀ ਹਾਂ।



ਜਵਾਬ: ਮਿਲਣ 'ਤੇ ਪੁੱਛਣਾ ਕਿ ਉਹ ਏਨਾ ਵਿਵਾਦਪੂਰਨ ਬੰਦਾ ਕਿਉਂ ਹੈ?

ਸਵਾਲ: ਵਾਕਈ?

ਜਵਾਬ: ਉਹ ਸਾਰਾ ਕੁਝ ਆਪਣੇ ਪੱਖ ਵਿਚ ਕਰ ਲੈਂਦਾ ਹੈ।

ਸਵਾਲ: ਇਹ ਲੋਕ ਤੁਹਾਨੂੰ ਜੇਲ੍ਹ ਵਿਚ ਮਿਲਣ ਆਏ ਸੀ?

ਜਵਾਬ: ਨਾ, ਕੋਈ ਨਹੀਂ ਆਇਆ।

ਸਵਾਲ: ਯਾਨੀ, ਤੁਹਾਨੂੰ ਕਿਸੇ ਵੀ ਦਿਨ ਜੇਲ੍ਹ ਭੇਜਿਆ ਜਾ ਸਕਦਾ ਹੈ?

ਜਵਾਬ: ਕਿਸੇ ਵੀ ਦਿਨ, ਜਦੋਂ ਫੈਸਲਾ ਆ ਗਿਆ।

ਸਵਾਲ: ਮੈਂ ਮੋਦੀ ਨੂੰ ਕੀ ਸਵਾਲ ਪੁੱਛਾਂ, ਉਹ ਤਾਂ ਟਾਲ ਦੇਵੇਗਾ (ਮੇਰੇ ਸਵਾਲਾਂ ਨੂੰ)?

ਜਵਾਬ: ਆਪਣਾ ਸਵਾਲ ਘੁੰਮਾ-ਫਿਰਾ ਕੇ ਪੁੱਛ ਲਈਂ। ਪਹਿਲਾਂ ਉਸਦੀ ਤਾਰੀਫ਼ ਕਰ ਦੇਈਂ, ਫਿਰ ਸਵਾਲ ਪੁੱਛ ਲਈ।

ਸਵਾਲ: ਤੁਹਾਡੇ ਬਾਰੇ?

ਜਵਾਬ: ਕਿਸੇ ਹੋਰ ਤਰੀਕੇ ਨਾਲ ਪੁੱਛ ਲਈ, ਜਿਵੇਂ ਇਹ ਕਿ ਉਸ ਦੇ ਕੁਝ ਮੰਤਰੀਆਂ ਦਾ ਨਾਂ ਕਿਉਂ ਵਿਚ ਆਉਂਦਾ ਹੈ। ਪੀ ਸੀ ਪਾਂਡੇ ਨੂੰ ਪੁੱਛ ਲੈਣਾ, ਉਹ ਸਭ ਜਾਣਦਾ ਹੈ। ਉਹ ਅਹਿਮਦਾਬਾਦ ਦਾ ਕਮਿਸ਼ਨਰ ਸੀ।

ਸਵਾਲ: ਫਿਰ ਉਹ ਸੱਚ ਕਿਉਂ ਨਹੀਂ ਬੋਲਦਾ?

ਜਵਾਬ: ਪਤਾ ਨਹੀਂ।

ਸਵਾਲ: ਹੁਣ ਮੈਂ ਸਮਝੀ ਕਿ ਉਸਦਾ ਚਿਹਰਾ ਕਿਉਂ ਲਟਕਾ ਗਿਆ ਸੀ (ਜਦੋਂ ਕੋਡਨਾਨੀ ਬਾਰੇ ਸਵਾਲ ਪੁੱਛਿਆ ਸੀ)।

ਜਵਾਬ: ਮੇਰੇ ਬਾਰੇ ਵਿਚ ਉਹ ਹੁਣ ਕਿਉਂ ਬੋਲੇਗਾ।

ਸਵਾਲ: ਮੋਦੀ ਬਾਰੇ ਹੋਰ?

ਜਵਾਬ: ਪਹਿਲਾਂ ਉਸਦੀ ਅਤੇ ਉਸਦੇ ਕੰਮਾਂ ਦੀ ਤਾਰੀਫ਼ ਕਰੀਂ, ਫਿਰ ਉਹ ਤੇਰੇ ਨਾਲ ਗੱਲ ਕਰੇਗਾ। ਉਸ ਦਾ ਘੜਿਆ ਘੜਾਇਆ ਜਵਾਬ ਹੈ, 'ਮੈਂ ਵਿਵੇਕਾਨੰਦ ਨੂੰ ਮੰਨਦਾ ਹਾਂ, ਸਰਕਾਰ ਪਟੇਲ ਨੂੰ ਮੰਨਦਾ ਹਾਂ। ਮੇਰੇ ਬਾਰੇ ਪੁੱਛੇਂਗੀ ਤਾਂ ਜਵਾਬ ਹੋਵੇਗਾ, 'ਅੱਛਾ, ਹਮ ਕਯਾ ਕਰੇਂ, ਐੱਸ ਆਈ ਟੀ ਜਾਂਚ ਕਰ ਰਹੀ ਸੀ, ਫੋਨ ਕਾਲ ਕੇ ਰਿਕਾਰਡ ਮਿਲ ਗਏ ਜਾਂ ਫਿਰ ਨਿੱਕਾ ਜਿਹਾ ਸੁਹਣਾ ਜਿਹਾ ਜਵਾਬ ਦੇਵੇਗਾ, ਮਾਮਲਾ ਅਦਾਲਤ ਵਿਚ ਹੈ।

ਸਵਾਲ: ਫਿਰ ਇਹ ਸਾਰੇ ਨੁਕਤੇ ਤਾਂ ਉਸ ਉਪਰ ਵੀ ਲਾਗੂ ਹੁੰਦੇ ਹਨ?

ਜਵਾਬ: ਹਾਂ ਹਾਂ...ਉਸੇ ਤੋਂ ਪੁੱਛ ਲਈਂ।

ਸਵਾਲ: ਵੈਸੇ, ਮੈਂ ਜਯੰਤੀ ਰਵੀ ਨੂੰ ਮਿਲਣਾ ਸੀ, ਅਤੇ ਮੈਂ ਨਹੀਂ ਸੀ ਜਾਣਦੀ, ਕੀ ਉਹ ਗੋਧਰਾ ਦੌਰਾਨ ਉੱਥੇ ਸੀ?

ਜਵਾਬ: ਹਾਂ ਸੱਚ, ਉਹ ਗੋਧਰਾ ਵਿਚ ਕੁਲੈਕਟਰ ਸੀ, ਪ੍ਰਸ਼ਾਸਨਿਕ ਮੁੱਖੀ। ਉਦੋਂ ਉਹ ਆਨੰਦੀਬੇਨ ਨੂੰ ਫ਼ਸਾਦਾਂ ਵਿਚ ਕੁਝ ਕਰਨ ਦੀ ਇਜਾਜ਼ਤ ਨਾ ਦੇਣ ਕਰਕੇ ਨਿਸ਼ਾਨੇ 'ਤੇ ਸੀ। ਲਿਹਾਜ਼ਾ ਸਰਕਾਰ ਨੂੰ ਉਹ ਪਸੰਦ ਨਹੀਂ ਸੀ। ਹੁਣ ਉਸ ਨੂੰ ਵਾਪਸ ਲੈ ਲਿਆ ਗਿਆ ਹੈ। ਤਫ਼ਸੀਲ ਮੈਂ ਨਹੀਂ ਜਾਣਦੀ। ਜਦੋਂ ਤੂੰ ਉਸ ਨੂੰ ਮਿਲੇਂ ਤਾਂ ਉਸਨੂੰ ਇਹ ਨਾ ਦੱਸੀਂ ਕਿ ਤੂੰ ਮੈਨੂੰ ਜਾਣਦੀ ਏਂ ਜਾਂ ਕਿ ਤੂੰ ਮੈਨੂੰ ਮਿਲੀ ਸੀ, ਕਿਉਂਕਿ ਇਹ ਗੱਲ ਉਹ ਦਿਮਾਗ ਵਿਚ ਰੱਖੇਗਾ।

ਇਨ੍ਹਾਂ ਅਫ਼ਵਾਹਾਂ ਬਾਰੇ ਕੋਈ ਸ਼ੱਕ ਨਹੀਂ ਕਿ ਮਾਇਆ ਕੋਡਨਾਨੀ ਨੇ ਆਰ ਐੱਸ ਐੱਸ ਕੋਲ ਰੋਣਾ ਰੋਇਆ ਸੀ ਕਿ ਉਸ ਨੂੰ ਦੋਸ਼ੀ ਠਹਿਰਾ ਦਿੱਤਾ ਗਿਆ ਜਦਕਿ ਐੱਸ ਆਈ ਟੀ ਨੇ ਮੋਦੀ ਨੂੰ ਬਰੀ ਕਰ ਦਿੱਤਾ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਮਾਇਆ ਕੋਡਨਾਨੀ ਨੂੰ ਨਾ ਕੇਵਲ ਇਹ ਯਕੀਨ ਸੀ ਕਿ ਅਮਿਤ ਸ਼ਾਹ ਮੋਦੀ ਦੇ ਕਰੀਬ ਸੀ ਸਗੋਂ ਇਹ ਵੀ ਕਿ ਸ਼ਾਹ ਨੂੰ ਬਚਾਉਣ ਲਈ ਮੋਦੀ ਕਿਸੇ ਹੱਦ ਤੱਕ ਵੀ ਜਾਵੇਗਾ। ਮੇਰੇ ਨਾਲ ਗੱਲਬਾਤ ਦੌਰਾਨ, ਉਸ ਨੇ ਇਹ ਤੱਥ ਜ਼ੋਰ ਦੇ ਕੇ ਰੱਖੇ ਜੋ ਮੈਂ ਪਹਿਲਾਂ ਵੀ ਕਈ ਵਾਰ ਸੁਣ ਚੁੱਕੀ ਸੀ ਕਿ ਅਫ਼ਸਰਾਂ ਨੂੰ ਆਪਣੇ ਫ਼ਾਇਦੇ ਲਈ ਇਸਤੇਮਾਲ ਕੀਤਾ ਗਿਆ ਅਤੇ ਫਿਰ ਉਨ੍ਹਾਂ ਤੋਂ ਪਾਸਾ ਵੱਟ ਲਿਆ ਗਿਆ।

**ਗੀਤਾ ਜੌਹਰੀ**

ਉਸ ਸਵੇਰ ਨੂੰ ਮੈਂ ਪਾਨੀ ਨੂੰ ਛੇਤੀ ਜਗਾ ਲਿਆ, ਉਸ ਦੀ ਜ਼ਰੂਰਤ ਸੀ। ਪਾਨੀ ਅਜੇ ਅਠਾਰਾਂ ਕੁ ਸਾਲ ਦੀ ਸੀ, ਅਤੇ ਉੱਥੇ ਗ੍ਰੀਨਲੈਂਡ ਵਿਚ ਉਹ ਹਲਵਾਈ ਦੀ ਦੁਕਾਨ ਉਪਰ ਖਾਨਸਾਮੇ ਦੀ ਨੌਕਰੀ ਕਰਦੀ ਸੀ। ਉਹ ਬਹੁਤ ਸੁਹਣੇ ਕੱਪੜੇ ਪਹਿਨਦੀ। ਫਾਊਂਡੇਸ਼ਨ ਵਿਖੇ ਉਹ ਮਹਿਫਿਲ ਦੀ ਜਿੰਦ ਜਾਨ ਸੀ। ਹਰ ਵਾਰ ਜਦੋਂ ਵੀ ਅਸੀਂ 'ਸ਼ੀਲਾ ਕੀ ਜਵਾਨੀ' ਦੀ ਧੁਨ ਗੁਣਗੁਣਾਉਂਦੇ ਉਸਦੇ ਚਿਹਰਾ 'ਤੇ ਚਮਕ ਆ ਜਾਂਦੀ ਅਤੇ ਉਹ ਝਟਪਟ ਨੱਚਣਾ ਸ਼ੁਰੂ ਕਰ ਦਿੰਦੀ। ਇਕ ਵਾਰ ਉਸਨੇ ਮੁੰਬਈ ਹਵਾਈ ਅੱਡੇ ਉਪਰ ਨੱਚਣਾ ਸ਼ੁਰੂ ਕਰ ਦਿੱਤਾ ਜਦੋਂ ਅਸੀਂ ਅਹਿਮਦਾਬਾਦ ਨੂੰ ਜਾ ਰਹੀਆਂ ਸੀ। ਮੇਰੇ ਮਨ ਵਿਚ ਇਕ ਯੋਜਨਾ ਸੀ ਪਰ ਮੈਨੂੰ ਪੱਕਾ ਯਕੀਨ ਨਹੀਂ ਸੀ ਕਿ ਪਾਨੀ ਮੇਰੀ ਸਹਾਇਤਾ ਕਰ ਸਕੇਗੀ। ਉਹ ਜਿਸਨੂੰ ਲੈ ਕੇ ਉਤਸ਼ਾਹ ਵਿਚ ਸੀ ਉਹ ਸੀ ਨਵਾਂ ਗੀਤ ਸੰਗੀਤ ਜੋ ਉਹ ਉਸ ਦਿਨ ਸੁਣ ਰਹੀ ਸੀ।

ਮੈਂ ਉਸ ਨੂੰ ਚਬੂਤਰੇ 'ਤੇ ਜਾ ਕੇ ਸਿਗਰਟ ਪੀਣ ਦਾ ਸੱਦਾ ਦਿੱਤਾ ਅਤੇ ਉਸਦਾ ਮਨ ਟੋਹਣਾ ਚਾਹਿਆ ਕਿ ਕੀ ਉਹ ਇਕ ਇਨ ਲਈ ਰਾਜਕੋਟ ਦੇ ਟੂਰ 'ਤੇ ਜਾਣਾ ਚਾਹੇਗੀ। ਮੇਰੀ ਉੱਥੇ ਇਕ ਮੀਟਿੰਗ ਹੈ ਜੋ ਘੰਟੇ ਕੁ ਦੀ ਹੋਵੇਗੀ ਅਤੇ ਮੈਨੂੰ ਉਸਦੀ ਮਦਦ ਦੀ ਲੋੜ ਸੀ, ਮੈਂ ਉਸਨੂੰ ਦੱਸਿਆ। ਕੀ ਤੁਸੀਂ ਬਸ ਉਪਰ ਜਾ ਰਹੇ ਹੋ? ਉਸਨੇ ਸੰਭਾਵਨਾ ਬਾਰੇ ਉਤਸ਼ਾਹਿਤ ਹੁੰਦਿਆਂ ਪੁਛਿਆ। ਹਾਂ, ਮੈਂ ਕਿਹਾ, ਛੇ ਘੰਟੇ ਦਾ ਸਫ਼ਰ ਹੈ ਅਤੇ ਅਸੀਂ ਇਕ ਹੋਟਲ ਵਿਚ ਰੁਕਾਂਗੇ। ਮੈਨੂੰ ਪਾਨੀ ਦੀ ਇਕ ਹੋਰ ਮਕਸਦ ਲਈ ਵੀ ਜ਼ਰੂਰਤ ਸੀ। ਉਸਦਾ ਪਾਸਪੋਰਟ। ਅਹਿਮਦਾਬਾਦ ਵਿਚ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਰੈਣ ਬਸੇਰੇ ਦਾ ਜੁਗਾੜ ਕਰ ਲਿਆ ਸੀ ਪਰ ਰਾਜਕੋਟ ਦੇ ਹੋਟਲ ਲਈ ਤਾਂ ਜ਼ਰੂਰੀ ਸਬੂਤਾਂ ਦੀ ਜ਼ਰੂਰਤ ਪਵੇਗੀ ਅਤੇ ਇਸ ਪੱਖੋਂ ਪਾਨੀ ਬੇਥਾਹ ਸਹਾਈ ਹੋ ਸਕਦੀ ਸੀ।

ਅਗਲੇ ਦਿਨ ਅਸੀਂ ਰਾਜਕੋਟ ਦੀ ਬਸ ਫੜ ਲਈ। ਮੈਂ ਆਪਣੇ ਕੈਮਰਿਆਂ ਨਾਲ ਲੈਸ ਸੀ ਅਤੇ ਪਿੱਠੂ ਬੈਗ ਵਿਚ ਚਿੱਪਾਂ, ਲੈਪਟਾਪ, ਸੰਗੀਤ ਦਾ ਨਿੱਕਸੁੱਕ ਅਤੇ ਚਾਕਲੇਟ ਤੁੰਨੇ ਹੋਏ ਸਨ। ਜਦੋਂ ਬਸ ਕੁਝ ਖਾਣ ਪੀਣ ਲਈ ਰੁਕੀ ਤਾਂ ਪਾਨੀ ਸਿੱਧੀ ਲੱਸੀ ਵਾਲੇ ਕੋਲ ਜਾ ਪਹੁੰਚੀ। ਬਸ ਮਰਦਾਂ ਨਾਲ ਭਰੀ ਹੋਈ ਸੀ, ਜੋ ਜ਼ਿਆਦਾਤਰ ਵਪਾਰੀ ਸਨ, ਤੇ ਜਦੋਂ ਪਾਨੀ ਨੇ ਸਿਗਰਟ ਲਾਈ ਤਾਂ ਇਸਨੇ ਸੁਭਾਵਿਕ ਹੀ ਉਨ੍ਹਾਂ ਦਾ ਧਿਆਨ ਖਿੱਚ ਲਿਆ। ਮੈਂ ਉਸਦਾ ਹੱਥ ਫੜ ਕੇ ਖੜ੍ਹੀ ਰਹੀ ਜਿਵੇਂ ਕਿ ਉਸਨੂੰ ਅਣਚਾਹੀਆਂ ਨਜ਼ਰਾਂ ਤੋਂ ਬਚਾਉਣਾ ਚਾਹੁੰਦੀ ਹੋਵਾਂ। ਜਦੋਂ ਤਕ ਅਸੀਂ ਅਹਿਮਦਾਬਾਦ ਵਾਪਸ ਨਹੀਂ ਆ ਜਾਂਦੀਆਂ ਪਾਨੀ ਦਾ ਖਿਆਲ ਰੱਖਣਾ ਮੇਰੀ ਜ਼ਿੰਮੇਵਾਰੀ ਸੀ। ਮੈਂ ਉਸ ਨਾਲ ਅਜੀਬ ਤਰ੍ਹਾਂ ਦਾ ਰਿਸ਼ਤਾ ਮਹਿਸੂਸ ਕੀਤਾ। ਉਹ ਮੇਰੀ ਛੋਟੀ ਭੈਣ ਸਮਾਨ ਸੀ ਜੋ ਰਿਸ਼ਤਾ ਮੈਨੂੰ ਨਸੀਬ ਨਹੀਂ ਹੋਇਆ ਸੀ।

ਜਦੋਂ ਅਸੀਂ ਹੋਟਲ ਪਹੁੰਚੀਆਂ, ਪਾਨੀ ਦੇ ਪਾਸਪੋਰਟ ਨੇ ਬਹੁਤ ਮਦਦ ਕੀਤੀ। ਮੈਂ ਮੈਥਿਲੀ ਵਜੋਂ ਰਜਿਸਟ੍ਰੇਸ਼ਨ ਕਰਵਾਈ ਅਤੇ ਉਹ ਬਹੁਤ ਹੀ ਉਤਸ਼ਾਹ ਨਾਲ ਕਮਰੇ ਵਿਚ ਜਾ ਵੜੀ। ਗੁਸਲਖ਼ਾਨੇ ਵਿਚ ਨਹਾਉਣ ਵਾਲਾ ਟੱਬ ਲੱਗਿਆ ਹੋਇਆ ਸੀ ਅਤੇ ਸ਼ੀਸ਼ੇ ਵਾਲੀ ਖਿੜਕੀ ਵਿਚੋਂ ਉਹ ਪੂਰਾ ਸ਼ਹਿਰ ਦੇਖ ਸਕਦੀ ਸੀ। ਉਹ ਬਹੁਤ ਖੁਸ਼ ਸੀ ਅਤੇ ਮੈਂ ਬੇਚੈਨ ਸੀ। ਉਸ ਜ਼ਮਾਨੇ ਦੀ ਇਕ ਸਭ ਤੋਂ ਵਿਵਾਦਪੂਰਨ ਅਫ਼ਸਰ ਗੀਤਾ ਜੌਹਰੀ ਨੇ ਮੇਰੇ ਨਾਲ ਮਿਲਣ ਦਾ ਸਮਾਂ ਰੱਖਿਆ ਹੋਇਆ ਸੀ। ਮੈਂ ਉਸਨੂੰ ਦਸਿਆ ਕਿ ਮੈਂ ਆਪਣੀ ਫਿਲਮ ਲਈ ਇਕ ਮੱਲਾਂ ਮਾਰਨ ਵਾਲੀ ਔਰਤ ਦੇ ਤੌਰ 'ਤੇ ਉਸਦਾ ਰੇਖਾ ਚਿੱਤਰ ਤਿਆਰ ਕਰਨਾ ਹੈ ਅਤੇ ਉਸਨੂੰ ਮੈਂ ਇਕ ਐਵੇਂ ਮੁੱਚੀਂ ਦੀ ਪਟਕਥਾ ਵੀ ਭੇਜ ਦਿੱਤੀ ਸੀ।

ਜਦੋਂ ਅਸੀਂ ਜੌਹਰੀ ਨੂੰ ਮਿਲਣ ਗਈਆਂ, ਉਸਨੇ ਸਾਨੂੰ ਜੀ ਆਇਆਂ ਨੂੰ ਆਖਿਆ, ਆਪਣੇ ਕਮਰੇ ਵਿਚ ਲੈ ਗਈ ਅਤੇ ਦਸਿਆ ਕਿ ਉਹ ਤਾਂ ਬਹੁਤ ਹੀ ਤਾਂਘ ਨਾਲ ਸਾਡਾ ਇੰਤਜ਼ਾਰ ਕਰ ਰਹੀ ਸੀ। ਉਸਦੀ ਨਿਯੁਕਤੀ ਰਾਜਕੋਟ ਦੀ ਕਮਿਸ਼ਨਰ ਵਜੋਂ ਨਹੀਂ ਸੀ ਅਤੇ ਸਾਨੂੰ ਉਸਨੂੰ ਲੱਭਣ ਵਿਚ ਕੋਈ ਮੁਸ਼ਕਲ ਨਹੀਂ ਆਈ ਸੀ। ਉਹ ਮਿੰਟਾਂ ਵਿਚ ਹੀ ਪਾਨੀ ਨਾਲ ਗੱਲੀਂ ਜੁੱਟ ਗਈ ਜਿਸਨੇ ਉਤਸ਼ਾਹ ਨਾਲ ਬਸ ਸਫ਼ਰ ਦਾ ਹਾਲ ਬਿਆਨ ਕੀਤਾ। ਫਿਰ ਜੌਹਰੀ ਬੋਲੀ ਕਿ ਅੱਠ ਸਾਲ ਅਮਰੀਕਾ ਵਿਚ ਰਹਿ ਕੇ ਮੈਂ ਪੂਰੀ ਫਿਰੰਗਣ ਬਣੀ ਹੋਈ ਸੀ। 'ਤੇਰਾ ਬੋਲਣ ਦਾ ਅੰਦਾਜ਼ ਕਿੰਨਾ ਜ਼ਬਰਦਸਤ ਏ।' ਉਸਨੇ ਆਪਣੀ ਧੀ ਬਾਰੇ ਦਸਿਆ ਜੋ ਬਦੇਸ਼ ਰਹਿੰਦੀ ਸੀ ਅਤੇ ਕਿਵੇਂ ਉਸਦੇ ਮਿੱਤਰ ਮੇਲੀ ਅਕਸਰ ਹੀ ਉਨ੍ਹਾਂ ਕੋਲ ਰਾਜਕੋਟ ਆ ਕੇ ਠਹਿਰਦੇ ਸਨ। ਉਸਨੇ ਪਾਨੀ ਨੂੰ ਪੇਸ਼ਕਸ਼ ਕੀਤੀ ਕਿ ਅਗਲੀ ਵਾਰ ਜਦੋਂ ਉਹ ਆਵੇ ਤਾਂ ਉਨ੍ਹਾਂ ਦੇ ਘਰ ਆ ਕੇ ਰਹੇ ਅਤੇ ਪਾਨੀ ਝੱਟਪੱਟ ਮੰਨ ਗਈ। ਮੈਂ ਵੀ ਹਾਮੀ ਭਰ ਦਿੱਤੀ। ਇਹ ਅਸਹਿਮਤੀ ਦਿਖਾਉਣ ਦਾ ਮੌਕਾ ਨਹੀਂ ਸੀ। ਇਹ ਗੱਲਾਂ ਮੈਂ ਪਾਨੀ ਨੂੰ ਬਾਅਦ ਵਿਚ ਸਮਝਾ ਸਕਦੀ ਸੀ।

ਮੈਂ ਉਸਦੀ ਬਹਾਦਰੀ ਦੇ ਵੇਰਵਿਆਂ ਤੋਂ ਗੱਲ ਸ਼ੁਰੂ ਕੀਤੀ ਅਤੇ ਫਿਰ ਹੈਰਾਨੀ ਜ਼ਾਹਿਰ ਕੀਤੀ ਕਿ ਇਕ ਰਿਪੋਰਟ ਵਿਚ ਉਸ ਬਾਰੇ ਕੁਝ ਨਾਂਹਪੱਖੀ ਦਿੱਤਾ ਹੋਇਆ ਸੀ। 'ਅੱਛਾ, ਇਹ ਸੋਹਰਾਬੂਦੀਨ ਮੁਕਾਬਲੇ ਨੂੰ ਲੈ ਕੇ ਹੈ, ਤੁਹਾਨੂੰ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਹੋਵੇਗੀ। ਇਹ ਇਕ ਹੱਤਿਆ ਸੀ ਜਿਸਨੂੰ ਲੈ ਕੇ ਗੁਜਰਾਤ ਦੇ ਸਾਰੇ ਅਧਿਕਾਰੀਆਂ ਦੀ ਜਾਂਚ ਹੋ ਰਹੀ ਹੈ।'

ਹਾਂ, ਮੈਂ ਅੱਖਾਂ ਅੱਡ ਕੇ ਉਸਨੂੰ ਦਸਿਆ, ਮੈਂ ਜਿਸ ਵੀ ਅਫ਼ਸਰ ਨੂੰ ਮਿਲੀ ਹਰ ਕਿਸੇ ਨੇ ਇਸ ਮਾਮਲੇ ਦੀ ਗੱਲ ਕੀਤੀ ਸੀ। ਉਹ ਹੱਸ ਪਈ ਕਿ ਕਿਵੇਂ ਇਕ 'ਗੁੰਡੇ' ਨੇ ਰਾਜ ਨੂੰ ਅਗਵਾ ਕੀਤਾ ਹੋਇਆ ਸੀ। ਇਹ ਉਹੀ ਗੀਤਾ ਜੌਹਰੀ ਸੀ ਜਿਸਨੂੰ, ਉਸਦੇ ਜੂਨੀਅਰ ਵੀ ਐੱਲ ਸੋਲੰਕੀ ਮੁਤਾਬਿਕ, ਉਹ ਸਟੇਟਸ ਰਿਪੋਰਟ ਬਦਲ ਦੇਣ ਲਈ ਕਿਹਾ ਗਿਆ ਸੀ ਜੋ ਸੋਹਰਾਬੂਦੀਨ ਮੁਕਾਬਲੇ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੂੰ ਭੇਜੀ ਜਾਣੀ ਸੀ। ਇਹ ਅਮਿਤ ਸ਼ਾਹ ਦੀ ਰਿਹਾਇਸ਼ ਉਪਰ ਸੱਦੀ ਇਕ ਮੀਟਿੰਗ ਵਿਚ ਹੋਇਆ ਸੀ ਕਿ ਉਸਨੂੰ ਰਿਪੋਰਟ ਦੇ ਵੇਰਵੇ ਬਦਲਣ ਲਈ ਕਿਹਾ ਗਿਆ। ਜਾਂਚ ਸੀ ਬੀ ਆਈ ਦੇ ਸਪੁਰਦ ਕਰਦਿਆਂ ਸੁਪਰੀਮ ਕੋਰਟ ਨੇ ਜਾਂਚ ਸਹੀ ਤਰੀਕੇ ਨਾਲ ਨਾ ਕਰਨ ਲਈ ਗੀਤਾਂ ਜੌਹਰੀ ਦੀ ਝਾੜ ਝੰਬ ਕੀਤੀ ਸੀ।

ਇਥੇ ਇਹ ਜ਼ਰੂਰੀ ਹੈ ਕਿ ਪਾਠਕ ਨੂੰ ਗੀਤਾ ਜੌਹਰੀ ਬਾਰੇ ਥੋੜ੍ਹਾ ਹੋਰ ਨੇੜਿਓਂ ਜਾਣਕਾਰੀ ਹੋ ਜਾਵੇ।

1982 ਬੈਂਚ ਦੀ ਅਧਿਕਾਰੀ ਗੀਤਾ ਜੌਹਰੀ ਗੁਜਰਾਤ ਦੀ ਪਹਿਲੀ ਔਰਤ ਆਈ ਪੀ ਐੱਸ ਅਫ਼ਸਰ ਸੀ। 1990ਵਿਆਂ ਤੋਂ ਲੈ ਕੇ ਉਸ ਦੇ ਕਰੀਅਰ ਦਾ ਗ੍ਰਾਫ਼ ਕਈ ਉਤਰਾਅ ਚੜ੍ਹਾਅ ਦੇਖ ਚੁੱਕਾ ਸੀ। ਸਤੰਬਰ 1992 'ਚ ਜੌਹਰੀ ਦੀ ਗੁੱਡੀ ਓਦੋਂ ਚੜ੍ਹੀ ਜਦੋਂ ਉਸਨੇ ਦਰੀਆਪੁਰ ਵਿਖੇ ਪੋਪਾਤੀਵਾੜ ਵਿਚ ਮਾਫ਼ੀਆ ਡੌਨ ਅਬਦੁਲ ਲਤੀਫ਼ ਦੇ ਅੱਡੇ ਉਪਰ ਛਾਪਾ ਮਾਰ ਕੇ ਉਸਦੇ ਗੰਨਮੈਨ ਸ਼ਰੀਫ਼ ਖ਼ਾਨ ਨੂੰ ਗ੍ਰਿਫ਼ਤਾਰ ਕਰ ਲਿਆ। ਪਰ ਲਤੀਫ਼ ਬਚ ਕੇ ਨਿਕਲ ਗਿਆ।

2006 'ਚ ਜਦੋਂ ਉਹ ਸੀ ਆਈ ਡੀ (ਕ੍ਰਾਈਮ) ਵਿਚ ਤਾਇਨਾਤ ਸੀ, ਉਸਨੂੰ ਸੋਹਰਾਬੂਦੀਨ ਦੇ ਭਾਈ ਰੁਬਾਬੂਦੀਨ ਵੱਲੋਂ ਸੁਪਰੀਮ ਕੋਰਟ ਵਿਚ ਦਿਤੀ ਦਰਖ਼ਾਸਤ ਦੇ ਅਧਾਰ 'ਤੇ ਸੋਹਰਾਬੂਦੀਨ ਸ਼ੇਖ ਦੇ ਫਰਜ਼ੀ ਮੁਕਾਬਲੇ ਅਤੇ ਉਸਦੀ ਪਤਨੀ ਕੌਸਰ ਬੀ ਦੀ ਹੱਤਿਆ ਦੀ ਜਾਂਚ ਦਾ ਕੰਮ ਸੌਂਪਿਆ ਗਿਆ। ਉਸ ਵੱਲੋਂ ਬਾਰੀਕੀ 'ਚ ਅਤੇ ਸਖ਼ਤੀ ਨਾਲ ਕੀਤੀ ਜਾਂਚ ਨਾਲ ਇਹ ਸਾਬਤ ਹੋ ਗਿਆ ਕਿ ਮੁਕਾਬਲਾ ਫਰਜ਼ੀ ਸੀ। ਇਸ ਜਾਂਚ ਨੇ ਇਸ ਵਿਚ ਬਹੁਤ ਸਾਰੇ ਅਫ਼ਸਰਾਂ ਦੀ ਭੂਮਿਕਾ ਨੰਗੀ ਕਰ ਦਿੱਤੀ ਅਤੇ ਉਸ ਵੱਲੋਂ ਜੁਟਾਏ ਸਬੂਤਾਂ ਦੇ ਅਧਾਰ 'ਤੇ 13 ਪੁਲਿਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਵਿਚ ਵਿਵਾਦਪੂਰਨ ਡੀ ਆਈ ਜੀ ਡੀ ਜੀ ਵਨਜਾਰਾ, ਐੱਸ ਪੀ ਰਾਜਕੁਮਾਰ ਪਾਂਡਿਅਨ ਅਤੇ ਦਿਨੇਸ਼ ਐੱਮ ਐੱਨ ਸ਼ਾਮਲ ਸਨ। ਇਹ ਗ੍ਰਿਫ਼ਤਾਰੀਆਂ ਡੀ ਆਈ ਜੀ ਪੁਲਿਸ ਰਜਨੀਸ਼ ਰਾਏ ਵਲੋਂ ਕੀਤੀਆਂ ਗਈਆਂ ਜਿਸਨੂੰ ਰਸਮੀ ਤੌਰ 'ਤੇ ਜਾਂਚ ਦਾ ਮੁਖੀ ਬਣਾਇਆ ਗਿਆ ਸੀ।

ਛੇਤੀ ਹੀ ਰਾਏ ਨੂੰ ਜਾਂਚ ਦਾ ਕੰਮ ਛੱਡ ਦੇਣ ਦਾ ਆਦੇਸ਼ ਦੇ ਦਿੱਤਾ ਗਿਆ ਅਤੇ ਜੌਹਰੀ ਨੂੰ ਦੁਬਾਰਾ ਇਸ ਕੰਮ ਵਿਚ ਲਗਾ ਦਿੱਤਾ ਗਿਆ। ਪਰ ਛੱਡਣ ਤੋਂ ਪਹਿਲਾਂ, ਰਾਏ ਨੇ ਤਿੰਨ ਦੋਸ਼ੀਆਂ ਦੀਆਂ ਫ਼ੋਨ ਕਾਲਾਂ ਦੇ ਰਿਕਾਰਡ ਦੀ ਸੀ ਡੀ ਆਪਣੇ ਉਪਰਲੇ ਅਧਿਕਾਰੀਆਂ ਦੇ ਸਪੁਰਦ ਕਰ ਦਿੱਤੀਆਂ। ਜੌਹਰੀ ਦਾ ਆਪਣੇ ਉਪਰਲੇ ਅਧਿਕਾਰੀਆਂ ਨਾਲ ਵਾਹਵਾ ਟਕਰਾਓ ਆਇਆ ਅਤੇ ਫਿਰ ਉਸਨੂੰ ਸਿੱਧੇ ਤੌਰ 'ਤੇ ਸੁਪਰੀਮ ਕੋਰਟ ਨੂੰ ਰਿਪੋਰਟ ਕਰ ਲਈ ਕਿਹਾ ਗਿਆ। ਜਦਕਿ ਜੋ ਚਾਰਜਸ਼ੀਟ ਇਸ ਮਾਮਲੇ ਵਿਚ ਉਸਨੇ ਸੈਸ਼ਨ ਕੋਰਟ ਵਿਚ ਲਗਾਈ ਉਸਦੀ ਤਿੱਖੀ ਆਲੋਚਨਾ ਹੋਈ। ਜੌਹਰੀ ਵਲੋਂ ਇਸ ਮਾਮਲੇ ਨੂੰ ਨਜਿੱਠਣ ਵਿਚ ਕੀਤੀਆਂ ਕੋਤਾਹੀਆਂ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ ਇਹ ਮਾਮਲਾ ਸੀ ਬੀ ਆਈ ਦੇ ਸਪੁਰਦ ਕਰਨ ਦਾ ਹੁਕਮ ਦਿੱਤਾ।

ਫਰਜ਼ੀ ਮੁਕਾਬਲਿਆਂ ਦੇ ਮਾਮਲੇ ਵਿਚ ਜੌਹਰੀ ਸਭ ਤੋਂ ਅਹਿਮ ਤੱਤ ਸੀ। ਮੈਂ ਆਪਣੇ ਇਕ ਪਹਿਲੇ ਲੇਖ ਵਿਚ ਲਿਖਿਆ ਸੀ ਕਿ, 'ਇਕ ਆਦਰਸ਼ ਦੁਨੀਆਂ ਵਿਚ ਅਤੇ ਆਦਰਸ਼ਕ ਹਾਲਾਤ ਵਿਚ ਗੀਤਾ ਜੌਹਰੀ ਉਨ੍ਹਾਂ ਔਰਤਾ ਲਈ ਰੋਲ ਮਾਡਲ ਹੋਣੀ ਸੀ ਜੋ ਇਸ ਖੇਤਰ ਵਿਚ ਨੌਕਰੀ ਕਰਨਾ ਚਾਹੁੰਦੀਆਂ ਹਨ। ਪਰ ਨਾ ਤਾਂ ਇਹ ਆਦਰਸ਼ ਦੁਨੀਆਂ ਹੈ ਅਤੇ ਨਾ ਹੀ ਕਿਸਮਤ ਨੇ ਗੀਤ ਜੌਹਰੀ ਦਾ ਸਾਥ ਦਿੱਤਾ।

ਮੈਂ ਉਸ ਤੋਂ ਇਹ ਸਵਾਲ ਪੁੱਛਦੇ ਹੋਏ ਆਪਣੀ ਗੱਲਬਾਤ ਸ਼ੁਰੂ ਕੀਤੀ ਕਿ ਸਭ ਕੁਝ ਠੀਕ ਚੱਲ ਰਿਹਾ ਸੀ, ਕਿਉਂਕਿ ਉਹ ਕਾਫ਼ੀ ਤਣਾਓ ਵਿਚ ਨਜ਼ਰ ਆ ਰਹੀ ਸੀ।

(ਬਾਕੀ ਅਗਲੇ ਅੰਕ)

# Classified

## ਯੋਗ ਲੜਕੀਆਂ ਦੀ ਜ਼ਰੂਰਤ

ਜੱਟ, ਗੁਰਸਿੱਖ ਅੰਮ੍ਰਿਤਧਾਰੀ, 22 ਅਤੇ 24 ਸਾਲ, ਅਮੀਕਨ ਗਰੀਨ ਕਾਰਡ ਹੋਲਡਰ ਲੜਕਿਆਂ ਲਈ ਯੋਗ ਲੜਕੀਆਂ ਦੀ ਜ਼ਰੂਰਤ ਹੈ। ਕ੍ਰਿਪਾ ਕਰਕੇ ਉਹ ਹੀ ਸੰਪਰਕ ਕਰਨ ਜੋ ਲੜਕਿਆਂ ਦੀਆਂ 2 (ਟਵਿੰਨਸ) ਭੈਣਾਂ, M. Sc. (IT ਦੀ ਪੜ੍ਹਾਈ ਜਾਰੀ) ਲਈ ਯੂ.ਐਸ.ਏ. ਜਾਂ ਕੈਨੇਡਾ ਰਿਸ਼ਤਾ ਕਰਵਾ ਸਕਣ। ਮਾਤਾ-ਪਿਤਾ ਅਮਰੀਕਨ ਗਰੀਨ ਕਾਰਡ ਹੋਲਡਰ, ਨਾਨਕੇ ਯੂ.ਐਸ.ਏ. ਵੈੱਲ ਸੈਟੱਲਡ। ਕਾਲ ਕਰੋ (209) 295-7374, (559) 907-2808, 94649-56631, 94784-46831

## ਕੰਨਿਆ ਦੀ ਲੋੜ

40 ਸਾਲਾ ਡੈਂਟਿਸਟ ਡਾਕਟਰ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਅਮਰੀਕੀ ਸਿਟੀਜਨ ਨੂੰ ਤਰਜੀਹ ਦਿੱਤੀ ਜਾਵੇਗੀ। ਸੰਪਰਕ ਕਰੋ 909-815-2797

## Bride WANTED

Suitable match for 40 years old Dentist Doctor Boy. American citizenship holder will be preferred. Please call (909) 815-2797


## ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਕੈਲੇਫਰਨੀਆ 'ਚ ਸ਼ਰਧਾ ਅਤੇ ਖਾਲਸਾਈ ਸ਼ਾਨ ਨਾਲ ਮਨਾਈ

ਦੀ ਰਿਪੋਰਟ ਵੀ ਪੇਸ਼ ਕੀਤੀ ਗਈ, ਜਿਸ ਵਿੱਚ ਮੌਕੇ ਦੇ ਐਸ.ਡੀ. ਐਮ. ਨੇ ਮੰਨਿਆ ਹੈ ਕਿ 3 ਸ਼ਹੀਦ ਸਿੰਘਾਂ ਦੀ ਪਹਿਚਾਣ 4 ਫਰਵਰੀ ਦੀ ਸ਼ਾਮ ਨੂੰ ਹੋ ਗਈ ਸੀ। ਇਸ ਰਿਪੋਰਟ ਵਿੱਚ ਇਹ ਵੀ ਲਿਖਿਆ ਹੈ ਕਿ ਭਾਈ ਹਰਮਿੰਦਰ ਸਿੰਘ ਚਲੂਪੁਰ ਨੂੰ ਪੁਲੀਸ ਅਧਿਕਾਰੀਆਂ ਵਲੋਂ ਫੜ ਕੇ ਕਤਲ ਕੀਤਾ ਗਿਆ। ਯਾਦ ਰਹੇ ਕਿ ਪੁਲੀਸ ਵਲੋਂ ਉਸ ਮੌਕੇ ਇਨਾਂ ਸਿੰਘਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਕਹਿ ਕੇ ਸਾੜ ਦਿੱਤਾ ਗਿਆ ਸੀ।

ਡਾ. ਹਰਿੰਦਰ ਸਿੰਘ ਵਲੋਂ ਇਹ ਪੋਸਟ ਮਾਰਟਮ ਰਿਪੋਰਟਾਂ ਪੇਸ਼ ਕਰਕੇ ਇਹ ਸਾਬਤ ਕੀਤਾ ਕਿ ਪੁਲੀਸ ਨੇ ਇਨਾਂ ਸਿੰਘਾਂ ਦੀ ਪਛਾਣ ਨਾ ਹੋਣ ਬਾਰੇ ਝੂਠ ਬੋਲਿਆ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਜੀ ਉਸ ਸਮੇਂ ਮੌਕੇ 'ਤੇ ਹਾਜ਼ਰ ਸਨ ਅਤੇ ਉਨਾਂ ਵਲੋਂ ਆਪਣੇ ਪੁੱਤਰ ਦੀ ਪਹਿਚਾਣ ਕਰਕੇ ਪੁਲੀਸ ਤੋਂ ਆਪਣੇ ਪੁੱਤਰ ਦਾ ਮ੍ਰਿਤਕ ਸਰੀਰ ਲੈਣ ਲਈ ਮੰਗ ਕੀਤੀ ਸੀ, ਜੋ ਇਹ ਸਾਬਿਤ ਕਰਦਾ ਹੈ ਕਿ ਪੁਲੀਸ ਵਲੋਂ ਇਨਾਂ ਸਿੰਘਾਂ ਨੂੰ ਜਾਣ ਬੁੱਝ ਕੇ ਲਾਵਾਰਿਸ ਕਰਾਰ ਦਿੱਤਾ ਗਿਆ। ਡਾ. ਹਰਿੰਦਰ ਸਿੰਘ ਵਲੋਂ ਪੇਸ਼ ਕੀਤੀਆਂ ਚਾਰੇ ਪੋਸਟ ਮਾਰਟਮ ਰਿਪੋਰਟਾਂ ਵਿੱਚ ਲਿਖਿਆ ਹੈ ਕਿ ਪੁਲੀਸ ਵਲੋਂ ਤਿੰਨ ਸਿੰਘਾਂ ਦੀਆਂ ਛਾਤੀਆਂ ਵਿੱਚ ਗੋਲੀਆਂ ਮਾਰੀਆਂ ਸਨ ਅਤੇ ਇੱਕ ਸਿੰਘ ਦੇ ਮੂੰਹ ਵਿੱਚ ਗੋਲੀਆਂ ਮਾਰੀਆਂ ਸਨ।

ਇਸ ਸੈਮੀਨਾਰ ਦੇ ਦੂਸਰੇ ਬੁਲਾਰੇ ਡਾ. ਅਮਰਜੀਤ ਸਿੰਘ ਵਲੋਂ 1986 ਦੇ ਇਸ ਸਾਕੇ ਤੋਂ ਲੈ ਕੇ ਹੁਣ ਤੱਕ ਹੋਈਆਂ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਸਾਕਾ ਨਕੋਦਰ ਦੀ ਸਿੱਖ ਇਤਿਹਾਸ ਵਿੱਚ ਮਹੱਤਤਾ ਬਾਰੇ ਵੀ ਬਹੁਤ ਹੀ ਸਾਰਥਿਕ ਜਾਣਕਾਰੀ ਦਿੱਤੀ ਗਈ। ਉਨਾਂ ਨੇ ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਨਾਂ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਨਾ ਲਗਾਉਣ ਦੀ ਸਖ਼ਤ ਨਿਖੇਧੀ ਕੀਤੀ।

ਇਸ ਮੌਕੇ ਇਕੱਤਰ ਸੰਗਤਾਂ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਕਿ ਇਨਾਂ ਸਿੰਘਾਂ ਦੀਆਂ ਤਸਵੀਰਾਂ ਬਿਨਾਂ ਹੋਰ ਦੇਰੀ ਦੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸੁਸ਼ੋਭਤ ਕੀਤੀਆਂ ਜਾਣ।

ਇਸ ਸਮਾਗਮ ਵਿੱਚ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਮਾਤਾ ਬਲਦੀਪ ਕੌਰ ਅਤੇ ਬਾਪੂ ਬਲਦੇਵ ਸਿੰਘ ਜੀ ਨੂੰ ਏ. ਜੀ. ਪੀ. ਸੀ. ਅਤੇ ਗੁਰਦੁਆਰਾ ਸਿੰਘ ਸਭਾ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਸੈਮੀਨਾਰ ਦਾ ਟੀ ਵੀ '84 ਵਲੋਂ ਸਿੱਧਾ ਪ੍ਰਸਾਰਣ ਕੀਤਾ ਗਿਆ।

## ਅਕਾਲ ਤਖ਼ਤ ਤੋਂ ਆਦੇਸ਼ ਦੇ ਬਾਵਜੂਦ ਸਾਕਾ ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ 'ਚ ਨਾ ਲਾਏ ਜਾਣ ਦੀ ਸਖ਼ਤ ਨਿਖੇਧੀ

ਸੀ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜੇ ਤੱਕ ਇਨਾਂ ਸਿੰਘਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਨਹੀਂ ਲਗਾ ਸਕੀ। 29 ਨਵੰਬਰ 2016 ਨੂੰ ਬਾਪੂ ਬਲਦੇਵ ਸਿੰਘ ਅਤੇ ਮਾਤਾ ਬਲਦੀਪ ਕੌਰ (ਮਾਪੇ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ) ਵੱਲੋਂ ਇਸ ਸੰਬੰਧੀ ਇਕ ਯਾਦ ਪੱਤਰ ਆਪ ਜੀ ਨੂੰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਅਪੀਲ ਕੀਤੀ ਗਈ ਸੀ। ਇਹ ਵੀ ਆਪ ਜੀ ਦੀ ਜਾਣਕਾਰੀ ਲਈ ਹੈ ਕਿ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਤੋਂ ਬਿਨਾ ਦੂਸਰੇ 3 ਸ਼ਹੀਦਾਂ ਦੇ ਮਾਪੇ ਗੁਰਪੁਰੀ ਸਿਧਾਰ ਚੁਕੇ ਹਨ, ਪਰ ਇਨਾਂ ਕੌਮੀ ਸ਼ਹੀਦਾਂ ਦੀਆਂ ਤਸਵੀਰਾਂ ਅਜੇ ਤੱਕ ਕੇਂਦਰੀ ਸਿੱਖ ਅਜਾਇਬ ਘਰ ਵਿਚ ਨਹੀਂ ਲੱਗ ਸਕੀਆਂ। ਇਨਾਂ ਮਹਾਨ ਸੂਰਬੀਰਾਂ ਦੀ 31ਵੀਂ ਬਰਸੀ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੇਠ ਲਿਖੀਆਂ ਗੁਰਦੁਆਰਾ ਸਾਹਿਬ ਕਮੇਟੀਆਂ ਆਪ ਜੀ ਨੂੰ ਇਹ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਇਨਾਂ ਸ਼ਹੀਦਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਲਗਾ ਕੇ ਆਪਾ ਵਾਰਨ ਵਾਲੇ ਇਨਾਂ ਸੂਰਬੀਰਾਂ ਪ੍ਰਤੀ ਆਪਣਾ ਫਰਜ਼ ਅਦਾ ਕਰ ਸਕੀਏ।

ਸਾਨੂੰ ਪੂਰਨ ਉਮੀਦ ਹੈ ਕਿ ਆਪ ਜੀ ਇਸ ਬਾਰੇ ਅਗਲੇਰੀ ਕਾਰਵਾਈ ਕਰਕੇ ਸਾਡੇ ਨਾਲ ਸੰਪਰਕ ਕਰੋਗੇ ਤਾਂ ਕਿ ਅਸੀਂ ਪੀੜਤ ਪਰਿਵਾਰਾਂ ਨੂੰ ਮਿਲ ਕੇ ਲੋੜੀਦੀਆਂ ਤਸਵੀਰਾਂ ਅਤੇ ਸੰਬੰਧਤ ਜਾਣਕਾਰੀ ਆਪ ਤੱਕ ਪਹੁੰਚਾ ਸਕੀਏ।

**ਆਪ ਜੀ ਦੇ ਦਾਸ,**

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ, ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਕੈਲੀਫੋਰਨੀਆ, ਗੁਰਦੁਆਰਾ ਪੈਸੇਫਿਕ ਕੋਸਟ ਸਟਾਕਟਨ ਕੈਲੀਫੋਰਨੀਆ, ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਸੈਂਟਾ ਕਲਾਰਾ ਕੈਲੀਫੋਰਨੀਆ, ਸੈਕਰਾਮੈਂਟੋ ਸਿੱਖ ਸੁਸਾਇਟੀ ਬਰਾਡਸ਼ਾਅ ਕੈਲੀਫੋਰਨੀਆ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਡੇਰਾ ਕੈਲੀਫੋਰਨੀਆ, ਗੁਰਦੁਆਰਾ ਸਾਹਿਬ ਐਸ. ਐਫ.ਓ. ਸਾਨ ਫਰਾਂਸਿਸਕੋ ਕੈਲੀਫੋਰਨੀਆ, ਟਰਲਕ ਸਿੱਖ ਟੈਂਪਲ ਟਰਲਕ ਕੈਲੀਫੋਰਨੀਆ, ਪੈਸੇਫਿਕ ਕੋਸਟ ਆਫ਼ ਸੈਲਮਾ ਕੈਲੀਫੋਰਨੀਆ, ਦਸ਼ਮੇਸ਼ ਦਰਬਾਰ ਟਰੇਸੀ ਕੈਲੀਫੋਰਨੀਆ, ਗੁਰਦੁਆਰਾ ਸ੍ਰੀ ਕਲਗੀਧਰ ਸੈਲਮਾ ਕੈਲੀਫੋਰਨੀਆ, ਪਰਮੇਸ਼ਵਰ ਦੁਆਰ ਮਡੇਰਾ ਕੈਲੀਫੋਰਨੀਆ, ਗਲੈਨ ਰਾਕ ਗੁਰਦੁਆਰਾ ਸਾਹਿਬ ਗਲੈਨ ਰਾਕ ਨਿਊ ਜਰਸੀ, ਦਸ਼ਮੇਸ਼ ਦਰਬਾਰ ਕਾਰਟਰੇਟ ਨਿਊ ਜਰਸੀ, ਸਿੰਘ ਸਭਾ ਕਾਰਟਰੇਟ ਨਿਊ ਜਰਸੀ, ਗੁਰੂ ਨਾਨਕ ਨਾਮ ਜਹਾਜ਼ ਜਰਸੀ ਸਿਟੀ ਨਿਊ ਜਰਸੀ, ਗੁਰਦੁਆਰਾ ਸਾਹਿਬ ਬਰਿਜਵਾਟਰ ਨਿਊ ਜਰਸੀ, ਡੈਪਟਫੋਰਡ ਗੁਰਦੁਆਰਾ ਸਾਹਿਬ ਨਿਊ ਜਰਸੀ,

ਗੁਰਦੁਆਰਾ ਸਾਹਿਬ ਪਾਈਨਹਿਲ ਨਿਊ ਜਰਸੀ, ਗੁਰਦੁਆਰਾ ਸਾਹਿਬ ਵਾਈਨਲੈਂਡ ਨਿਊ ਜਰਸੀ, ਗੁਰਦੁਆਰਾ ਸਾਹਿਬ ਗਰੈਂਡ ਰੈਪਿਡਸ ਮਿਸ਼ੀਗਨ, ਸਿੱਖ ਸੈਂਟਰ ਫਲਸ਼ਿੰਗ ਨਿਊ ਯਾਰਕ, ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਨਿਊ ਯਾਰਕ, ਗੁਰਦੁਆਰਾ ਸਿੰਘ ਸਭਾ ਰਿਚਰਡਸਨ ਟੈਕਸਾਸ, ਸਿੱਖ ਸੁਸਾਇਟੀ ਫਿਲਾਡੈਲਫੀਆ ਅਪਰ ਡਰਬੀ ਫਿਲਾਡੈਲਫੀਆ, ਗੁਰੂ ਨਾਨਕ ਸਿੱਖ ਸੁਸਾਇਟੀ ਅਪਰ ਡਰਬੀ ਫਿਲਾਡੈਲਫੀਆ, ਸਿੱਖ ਗੁਰਦੁਆਰਾ ਡੇਲਾਵੇਅਰ।

## ਰਾਸ਼ਟਰਵਾਦ ਦਾ ਜਨਮ, ਵਿਕਾਸ ਅਤੇ ਨਿਸ਼ਾਨੇ

ਨੂੰ ਮੁੜ ਤੋਂ ਪ੍ਰਗਟ ਕਰਨ ਦਾ ਵਸੀਲਾ ਬਣਦੀ ਹੈ।(Nationality in History and Politics-Frederick Hertz)

ਐਨਥਨੀ ਸਮਿੱਥ ਵੀ ਸਮੇਂ ਦੇ ਝੱਖੜਾਂ ਦਰਮਿਆਨ ਕੌਮਾਂ ਦੇ ਬਚ ਜਾਣ ਦੇ ਚਮਤਕਾਰ ਨੂੰ ਰੱਬ ਵੱਲੋਂ ਦਰਸਾਏ ਮਾਰਗ ਤੇ ਚੱਲਣ ਅਤੇ ਉੱਚਾ ਸੁਚਾ ਜੀਵਨ ਜੀਊਣ ਦੇ ਚਰਿੱਤਰ ਨੂੰ ਮੰਨਦਾ ਹੈ। ਉਹ ਆਖਦਾ ਹੈ ਕਿ ਕੌਮਾਂ ਆਪਣੇ ਪਵਿੱਤਰ ਜਜਬੇ ਅਤੇ ਪਾਕ ਜੀਵਨ ਰਹਿਣੀ ਕਾਰਨ ਹੀ ਝੱਖੜਾਂ ਤੋਂ ਬਚ ਪਾਉਂਦੀਆਂ ਹਨ। ਇਸ ਨੂੰ ਉਹ ਰੱਬ ਵੱਲੋਂ ਚੁਣੇ ਹੋਏ ਲੋਕਾਂ (Chosen People) ਦੀ ਇਤਿਹਾਸ ਮਿੱਥ ਨਾਲ ਜੋੜ ਕੇ ਦੇਖਦਾ ਹੈ। ਉਹ ਆਖਦਾ ਹੈ ਕਿ ਧਾਰਮਿਕ ਜਜਬੇ ਨੂੰ ਪ੍ਰਣਾਈਆਂ ਹੋਈਆਂ ਕੌਮਾਂ ਵਿਚ ਇਹ ਜਜਬਾ ਪ੍ਰਬਲ ਹੁੰਦਾ ਹੈ ਕਿ ਪ੍ਰਮਾਤਮਾ ਨੇ ਉਨ੍ਹਾਂ ਨੂੰ ਕਿਸੇ ਬਹੁਤ ਹੀ ਉੱਚੇ ਸੁੱਚੇ ਅਤੇ ਪਵਿੱਤਰ ਕਾਰਜ ਨੂੰ ਪਵਿੱਤਰਤਾ ਨਾਲ ਸਿਰੇ ਚੜ੍ਹਾਉਣ ਖਾਤਰ ਹੀ ਧਰਤੀ ਤੇ ਭੇਜਿਆ ਹੈ ਅਤੇ ਅਜਿਹਾ ਕਾਰਜ ਉਹ ਆਪਣੇ ਚਰਿੱਤਰ ਦੀ ਪਵਿੱਤਰਤਾ ਅਤੇ ਉੱਤਮਤਾ ਨਾਲ ਹੀ ਅੰਜਾਮ ਦੇ ਸਕਦੇ ਹਨ। ਸਿੱਖਾਂ ਵਿਚ ਖਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ, ਦਾ ਸੰਕਲਪ ਵੀ ਐਨਥਨੀ ਸਮਿੱਥ ਦੇ ਇਸ ਸੰਕਲਪ ਨਾਲ ਜਾ ਮਿਲਦਾ ਹੈ। ਉਹ ਆਖਦਾ ਹੈ ਕਿ ਜਿਸਨੇ (ਅਕਾਲ ਪੁਰਖ) ਸਾਨੂੰ ਚੁਣ ਕੇ ਭੇਜਿਆ ਹੈ ਉਸਨੇ ਸਾਡੇ ਤੇ ਬਹੁਤ ਸਾਰੀਆਂ ਇਖਲਾਕੀ ਜਿੰਮੇਵਾਰੀਆਂ ਅਤੇ ਪਾਬੰਦੀਆਂ ਵੀ ਆਇਦ ਕੀਤੀਆਂ ਹਨ ਜਿਨ੍ਹਾਂ ਦੀ ਹਰ ਵੇਲੇ ਪਾਲਣਾਂ ਕਰਨਾ ਚੁਣੇ ਹੋਏ ਲੋਕਾਂ (Chosen People) ਦੀ ਜ਼ਿਮੇਵਾਰੀ ਹੈ। ਉਹ ਆਖਦਾ ਕਿ ਚੁਣੇ ਹੋਏ ਲੋਕ ਜਦੋਂ ਤੱਕ ਵਾਹਿਗੁਰੂ ਵੱਲੋਂ ਆਇਦ ਕੀਤੀਆਂ ਇਖਲਾਕੀ ਜਿੰਮੇਵਾਰੀਆਂ ਅਤੇ ਪਾਬੰਦੀਆਂ ਦਾ ਸਤਿਕਾਰ ਕਰਕੇ ਉਨ੍ਹਾਂ ਦੀ ਪਾਲਣਾ ਕਰਦੇ ਰਹਿਣਗੇ ਉਸ ਵੇਲੇ ਤੱਕ ਉਨ੍ਹਾਂ ਦੀ ਹਰ ਮੈਦਾਨ ਫਤਹਿ ਹੋਵੇਗੀ। ਇਹ ਜਜਬਾ ਹੀ ਇਤਿਹਾਸ ਦੇ ਅਨੇਕਾਂ ਝੱਖੜਾਂ ਦਰਮਿਆਨ ਕੌਮ ਦੇ ਬਚਾਓ ਦਾ ਕਾਰਨ ਬਣੇਗਾ।

ਇਸ ਸਬੰਧ ਵਿਚ ਉਸਨੇ ਯਹੂਦੀਆਂ ਦੇ ਇਕ ਪਵਿੱਤਰ ਗਰੰਥ ਦਾ ਹਵਾਲਾ ਦਿੱਤਾ ਹੈ ਜਿਸ ਦੇ ਸਲੋਕ ਵਿਚ ਆਖਿਆ ਗਿਆ ਹੈ-

ਜਦੋਂ ਤੱਕ ਤੁਸੀਂ ਮੇਰੇ ਉਪਦੇਸ਼ ਨੂੰ ਪਵਿੱਤਰ ਭਾਵਨਾ ਨਾਲ ਮੰਨਦੇ ਰਹੋਗੇ ਅਤੇ ਇਸਦੇ ਪਾਬੰਦ ਰਹੋਗੇ, ਉਸ ਵੇਲੇ ਤੱਕ ਤੁਸੀਂ ਮੇਰੇ ਵੱਲੋਂ ਸਾਰੇ ਲੋਕਾਂ ਲਈ ਇਕ ਪਵਿੱਤਰ ਖਜਾਨੇ ਵਾਂਗ ਰਹੋਗੇ, ਕਿਉਂਕਿ ਸਾਰੀ ਧਰਤੀ ਮੇਰੀ ਹੈ ਅਤੇ ਤੁਸੀਂ ਮੇਰੇ ਧਾਰਮਿਕ ਪੁਰਸ਼ ਅਤੇ ਪਵਿੱਤਰ ਕੌਮ ਹੈ (Exodus 19: 5-6)

ਇਹ ਸਾਰੀ ਵਿਆਖਿਆ ਅਤੇ ਸਲੋਕ ਸਾਨੂੰ ਗੁਰੂ ਸਾਹਿਬ ਦੇ ਉਸ ਸੰਦੇਸ਼ ਦੀ ਯਾਦ ਦਿਵਾਉਂਦਾ ਹੈ ਜਿਸ ਵਿਚ ਉਹ ਸਿੱਖਾਂ ਨੂੰ ਆਖਦੇ ਹਨ ਕਿ-

ਜਬ ਲਗ ਖਾਲਸਾ ਰਹੈ ਨਿਆਰਾਮ ਤਥਿ ਲਗ ਤੇਜ਼ ਦੀਓ ਮੈਂ ਸਾਰਾ
ਜਬ ਇਹੁ ਗਹੈ ਬਿਪਰਨ ਕੀ ਰੀਤ, ਮੈਂ ਨ ਕਰੋ ਇਨੁ ਕੀ ਪਰਤਿਤੁ

ਇਸ ਸੰਦਰਭ ਵਿਚ ਸਿੱਖਾਂ ਦੇ ਕੌਮੀ ਜਜਬੇ ਦੀ ਖੋਜ ਕਰਨ ਵਾਲੇ ਪ੍ਰਫੈਸਰ ਪਾਲ ਬਰਾਸ ਦਾ ਕਹਿਣਾ ਹੈ ਕਿ ਭਾਰਤ ਦੀਆਂ ਸਾਰੀਆਂ ਘੱਟ ਗਿਣਤੀਆਂ ਵਿਚੋਂ ਜੇ ਕਿਸੇ ਨੇ ਪੂਰਨ ਕੌਮ ਦਾ ਮਾਣ ਪ੍ਰਾਪਤ ਕੀਤਾ ਹੈ ਤਾਂ ਉਹ ਸਿੱਖ ਕੌਮ ਹੀ ਹੈ। ਜਿਸਨੇ ਭਾਰੂ ਬਹੁ ਗਿਣਤੀ ਤੋਂ ਵੱਖਰੇ ਇਤਿਹਾਸਕ ਮਿੱਥ ਸੰਕੇਤ ਮਜਬੂਤ ਕਰਕੇ ਆਪਣੇ ਕੌਮੀ ਮਾਣ ਅਤੇ ਕੌਮੀ ਜਜਬੇ ਨੂੰ ਕਾਇਮ ਰੱਖਿਆ। ਸਿੱਖ ਲਹਿਰ ਵਿਚ ਕੇਸਾਧਾਰੀ ਲੋਕਾਂ ਦਾ ਹੀ ਸ਼ਾਮਲ ਰਹਿਣਾ ਇਸ ਗੱਲ ਦਾ ਸਬੂਤ ਹੈ ਕਿ ਸਿੱਖ ਕੌਮ, ਭਾਰਤ ਵਿਚ ਇਕ ਵੱਖਰੀ ਕੌਮ ਤੇ ਤੌਰ ਤੇ ਉਸਾਰੀ ਹੈ। ਇਸ ਕੌਮੀ ਉਸਾਰੀ ਵਿਚ ਸਿੱਖ ਧਰਮ ਨੇ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ।

ਲੈਫਟੀਨੈਂਟ ਕਰਨਲ ਮੈਲਕਮ ਨੇ ਸਿੱਖਾਂ ਦੇ ਕੌਮੀ ਜਜਬੇ ਦੀ ਵਿਆਖਿਆ ਕਰਦਿਆਂ ਆਖਿਆ ਹੈ ਕਿ, ਸਿੱਖ ਕੌਮ ਜੋ ਆਪਣੇ ਜਨਮ ਤੋਂ ਹੀ ਝੱਖੜਾਂ ਨਾਲ ਮੱਥਾ ਲਾਉਂਦੀ ਆਈ ਹੈ ਹਰ ਵਾਰ ਵੱਡੇ ਜਬਰ ਤੋਂ ਬਾਅਦ ਇਕ ਚਮਕਦੀ ਲਾਟ ਵਾਂਗ ਉੱਠ ਖੜੋਂਦੀ ਰਹੀ ਹੈ। ਇਤਿਹਾਸ ਦਾ ਹਰ ਜਬਰ ਕੌਮ ਵਿਚ ਹੋਰ ਮਜਬੂਤ ਕੌਮੀ ਭਾਵਨਾ ਭਰਦਾ ਰਿਹਾ ਹੈ। ਇਸ ਪਿੱਛੇ ਆਪਣੇ ਧਰਮ ਅਤੇ ਕੌਮ ਲਈ ਜਾਨਾਂ ਵਾਰ ਦੇਣ ਦਾ ਪਵਿੱਤਰ ਜਜਬਾ ਹੀ ਸਭ ਤੋਂ ਵੱਡੀ ਸ਼ਕਤੀ ਰਿਹਾ ਹੈ (Sketch of the Sikhs-Lt. Col Malcom)

ਸ਼ਾਇਦ ਇਹ ਜਜਬਾ ਭਾਰਤ ਦੀ ਕਿਸੇ ਹੋਰ ਕੌਮ ਦੇ ਹਿੱਸੇ ਨਹੀਂ ਆਇਆ।

ਪਾਲ ਬਰਾਸ ਦਾ ਆਖਣਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੇ ਆਧੁਨਿਕ ਸਿੱਖ ਪਹਿਚਾਣ ਲਈ ਅਜਿਹੇ ਨਿਸ਼ਾਨ ਪੈਦਾ ਅਤੇ ਮਜਬੂਤ ਕਰ ਦਿੱਤੇ ਜਿਸ ਨੇ ਮੁਗਲੀਆ ਸਲਤਨਤ ਦੇ ਨਾਲ ਨਾਲ ਅੰਗਰੇਜ਼ਾਂ ਨੂੰ ਵੀ ਲਗਭਗ ਹਾਰ ਕੇ ਕੰਢੇ ਤੇ ਲੈ ਆਂਦਾ ਸੀ (Paul Brass-Language.Religion and Politics in North India)

ਸਿੱਖ ਇਤਿਹਾਸਕਾਰ ਗੰਡਾ ਸਿੰਘ ਨੇ ਸਿੱਖ ਕੌਮੀ ਉਸਾਰੀ ਵਿਚ ਸਿੱਖ ਇਤਿਹਾਸ ਦੀ ਭੂਮਿਕ ਬਾਰੇ ਗੱਲ ਕਰਦਿਆਂ ਆਖਿਆ-

ਬੇਸ਼ੱਕ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਸਫਲਤਾਵਾਂ ਬਹੁਤ ਥੋੜ੍ਹ ਚਿਰੀਆਂ ਸਨ ਪਰ ਉਨ੍ਹਾਂ ਨੇ ਲੋਕਾਂ ਦੇ ਮਨਾਂ ਵਿਚ ਅਜਿਹਾ ਇਨਕਲਾਬੀ ਜਜਬਾ ਭਰ ਦਿੱਤਾ ਜਿਸਦਾ ਇਤਿਹਾਸ ਨੇ ਬਹੁਤ ਘੱਟ ਨੋਟਿਸ ਲਿਆ। ਬਾਬਾ ਬੰਦਾ ਸਿੰਘ ਦੀ ਸਫ਼ਲਤਾ ਨੇ ਲੋਕਾਂ ਦੇ ਮਨਾਂ ਵਿਚ ਗੁਲਾਮੀ ਖਿਲਾਫ਼ ਲੰਬੀ ਲੜਾਈ ਲੜਨ ਦੀ ਮਜਬੂਤ ਰੀਝ ਅਤੇ ਆਪਣੇ ਕੌਮੀ ਕਾਜ਼ ਦੀ ਪ੍ਰਾਪਤੀ ਲਈ ਸ਼ਹੀਦ ਹੋਣ ਦਾ ਜਜਬਾ ਭਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮਜਬੂਤ ਕੀਤੀ ਗਈ ਭਾਵਨਾ ਆਉਣ ਵਾਲੇ ਕਾਲੇ ਦਿਨਾਂ ਦੌਰਾਨ ਝੱਖੜਾਂ ਨਾਲ ਜੂਝਣ ਦਾ ਵੱਲ ਦਰਸਾ ਗਈ। ਆਪਣੇ ਕੌਮੀ ਘਰ, ਸਿੱਖ ਰਾਜ ਦਾ ਜੋ ਜਜਬਾ ਕਾਫ਼ੀ ਦੇਰ ਪਹਿਲਾਂ ਮਰ ਗਿਆ ਸੀ ਬਾਬਾ ਜੀ ਦੀ ਸਫਲਤਾ ਨਾਲ ਇਕ ਵਾਰ ਫਿਰ ਉਛਾਲੇ ਮਾਰਨ ਲੱਗਾ। ਬੇਸ਼ੱਕ ਉਸ ਵੇਲੇ ਉਹ ਜਜਬਾ ਸਟੇਟ ਨੇ ਜਬਰ ਦੇ ਝੱਖੜ ਨਾਲ ਤਬਾਹ ਕਰ ਦਿੱਤਾ ਪਰ ਉਹ ਸਿੱਖਾਂ ਦੀ ਰੂਹ ਵਿਚ ਅੱਗ ਵਾਂਗ ਭੜਕਦਾ ਰਿਹਾ ਅਤੇ ਚਾਲੀ ਸਾਲਾਂ ਬਾਅਦ ਉਹ ਜਜਬਾ ਅਜਿਹੀ ਲਾਟ ਵਾਂਗ ਉਠਿਆ ਜਿਸਨੂੰ ਮੁੜ ਤਬਾਹ ਨਹੀਂ ਸੀ ਕੀਤਾ ਜਾ ਸਕਦਾ। (Ganda Singh A Brief Account of Sikhs)

## ਬਜ਼ੁਰਗ ਸਿਆਸਤਦਾਨ ਲਈ ਸੱਚ ਪਛਾਨਣ ਦਾ ਵੇਲਾ

ਦੀਆਂ ਵੋਟਾਂ ਪਾੜ ਦਿੱਤੀਆਂ ਹਨ। ਪਰ ਇਹ ਤਾਂ ਨਤੀਜਾ ਹੀ ਦੱਸੇਗਾ ਕਿ ਤਿੰਨ-ਧਿਰੀ ਘੜਮੱਸ ਵਿਚ ਕੀਹਦੀਆਂ ਵੋਟਾਂ ਕੀਹਦੇ ਪੱਖ ਵਿਚ ਪਾਟਣਗੀਆਂ! ਜੇ ਸ੍ਰੀ ਬਾਦਲ ਜਿੱਤ ਜਾਣ, ਅਮਰਿੰਦਰ ਸਿੰਘ ਕੋਲ ਪਟਿਆਲਾ ਹੈ ਤੇ ਜਰਨੈਲ ਸਿੰਘ ਨੂੰ ਲੋਕ "ਖ਼ੂਬ ਲੜਾ ਮਰਦਾਨਾ" ਦੀ ਸ਼ਾਬਾਸ਼ ਦੇਣਗੇ। ਜੇ ਅਮਰਿੰਦਰ ਸਿੰਘ ਜਿੱਤ ਜਾਵੇ, ਜਰਨੈਲ ਸਿੰਘ ਦੀ ਸ਼ਾਬਾਸ਼ ਜਿਉਂ-ਦੀ-ਤਿਉਂ ਰਹੇਗੀ ਪਰ ਬਾਦਲ ਦੇ ਪੱਲੇ ਕੱਖ ਨਹੀਂ ਰਹਿਣਾ। ਹੁਣ ਤੀਜੇ ਉਮੀਦਵਾਰ ਜਰਨੈਲ ਸਿੰਘ ਦੀ ਜਿੱਤ ਦੀ ਕਲਪਨਾ ਕਰੋ। ਇਸ ਸੂਰਤ ਵਿਚ ਅਮਰਿੰਦਰ ਨੇ ਤਾਂ "ਇਥੋਂ ਹੋ ਗਿਆ ਹਰਨ ਹੈ ਮਹਾਰਾਜਾ, ਚੌਂਦਾਂ ਹੱਥਾਂ ਦੀ ਮਾਰ ਕੇ ਜਾਣ ਛਾਲੀ" ਦੀ ਫੁਰਤੀ ਦਿਖਾਉਂਦਿਆਂ ਪਟਿਆਲੇ ਪਹੁੰਚ ਕੇ ਦਮ ਲੈਣਾ ਹੈ ਪਰ ਵੱਡੇ ਬਾਦਲ ਦੇ ਪੱਲੇ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੇ ਸੁਪਨੇ ਬਾਰੇ ਸੋਚ ਕੇ ਇਉਂ ਹੱਥ ਮਲ਼ਣਾ ਹੀ ਰਹਿ ਜਾਵੇਗਾ, "ਮੇਰਾ ਸੁੰਦਰ ਸਪਨਾ ਬੀਤ ਗਿਆ/ ਮੈਂ ਪੁੱਤਰ-ਮੋਹ ਮੇਂ ਹਾਰ ਗਿਆ, ਔਰ ਝਾੜੂ ਵਾਲ਼ਾ ਜੀਤ ਗਿਆ" ਇਹ ਸਾਰੀ ਸੂਰਤ-ਏ-ਹਾਲ ਦੇਖ ਕੇ ਸੋਚਣਾ ਬਣਦਾ ਹੈ ਕਿ ਕੀ ਸ੍ਰੀ ਬਾਦਲ ਨੂੰ ਸੁਖਬੀਰ ਦੇ ਮੁੱਖ ਮੰਤਰੀ ਵਜੋਂ ਰਾਜ ਤਿਲਕ ਖ਼ਾਤਰ ਏਨਾ ਵੱਡਾ ਜੋਖ਼ਮ ਲੈਣਾ ਦਰੁਸਤ ਹੈ ?

ਇਸ ਸਵਾਲ ਦੇ ਜਵਾਬ ਵਿਚ ਮੇਰੀਆਂ ਅੱਖਾਂ ਸਾਹਮਣੇ ਐਮਰਜੈਂਸੀ ਤੋਂ ਬਾਅਦ ਹੋਈਆਂ 1977 ਦੀਆਂ ਲੋਕ ਸਭਾ ਚੋਣਾਂ ਦਾ ਨਜ਼ਾਰਾ ਉਜਾਗਰ ਹੁੰਦਾ ਹੈ। ਉਸ ਸਮੇਂ ਤੱਕ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੀ ਇੰਦਰਾ ਗਾਂਧੀ ਆਜ਼ਾਦ ਭਾਰਤ ਦੀ ਸਭ ਤੋਂ ਬਲਵਾਨ ਆਗੂ ਮੰਨੀ ਜਾਂਦੀ ਸੀ। ਬੰਗਲਾਦੇਸ਼ ਦੇ ਜਨਮ ਵਿਚ ਉਹਦੀ ਭੂਮਿਕਾ ਨੂੰ ਦੇਖ ਕੇ ਵਿਰੋਧੀ ਪਾਰਟੀ ਦੇ ਆਗੂ ਵਾਜਪਾਈ ਦਾ ਉਹਨੂੰ 'ਦੁਰਗਾ' ਆਖਣਾ ਇਤਿਹਾਸ ਦਾ ਅੰਗ ਹੈ। ਚੋਣਾਂ ਵਿਚ ਉਹਨੂੰ ਕਦੀ ਹਾਰ ਦੀ ਨਮੋਸ਼ੀ ਨਹੀਂ ਸੀ ਸਹਿਣੀ ਪਈ। 1977 ਵਿਚ ਜਨਤਾ ਪਾਰਟੀ ਦੇ ਉਮੀਦਵਾਰ ਰਾਜ ਨਾਰਾਇਣ, ਜਿਸ ਦਾ ਸਿਆਸੀ ਕੱਦ ਵੱਡਾ ਸੋਸ਼ਲਿਸਟ ਆਗੂ ਹੋਣ ਦੇ ਬਾਵਜੂਦ ਇੰਦਰਾ ਨਾਲੋਂ ਬਿਨਾਂ-ਸ਼ੱਕ ਛੋਟਾ ਸੀ, ਨੇ ਐਮਰਜੈਂਸੀ ਬਾਰੇ ਲੋਕਾਂ ਦੇ ਕਰੋਧ ਦਾ ਲਾਹਾ ਲੈ ਕੇ ਉਹਨੂੰ 55, 200 ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ। ਇੰਦਰਾ ਦੀ ਗੂੜ੍ਹੀ ਸਹੇਲੀ ਪੁਪੁਲ ਜੈਯਕਰ ਲਿਖਦੀ ਹੈ ਕਿ ਇਸ ਹਾਰ ਪਿਛੋਂ ਜਦੋਂ ਉਹ ਇੰਦਰਾ ਨੂੰ ਮਿਲਣ ਜਾਂਦੀ, ਬਹੁਤੇ ਸੰਗ-ਸਖਿਆਂ ਦੇ ਤਜ ਜਾਣ ਕਾਰਨ ਉਹ ਅਕਸਰ ਬਰਾਂਡੇ ਵਿਚ ਬੈਠੀ ਖਾਲੀ ਨਜ਼ਰਾਂ ਨਾਲ ਦੂਰ ਖਾਲੀ ਅੰਬਰ ਵੱਲ ਦੇਖ ਰਹੀ ਹੁੰਦੀ। ਇਹ ਕੋਈ ਅਤਿਕਥਨੀ ਨਹੀਂ ਕਿ ਲੋਕਾਂ ਵਿਚ ਹਲਕਾ ਇੰਚਾਰਜਾਂ, ਹੋਰ ਜਥੇਦਾਰਾਂ, ਬੇਲਗਾਮ ਲਾਡਲੇ ਪੁਲਸੀਆਂ, ਧੱਕੜ ਚਾਪਲੂਸ ਅਧਿਕਾਰੀਆਂ ਤੇ ਸੱਤਾ-ਪੱਖੀ ਡਾਂਗੂਆਂ ਦੇ ਜ਼ੁਲਮਾਂ-ਸਿਤਮਾਂ ਵਿਰੁੱਧ ਗੁੱਸਾ, ਐਮਰਜੈਂਸੀ ਵਿਰੁੱਧ ਗੁੱਸੇ ਨਾਲੋਂ ਚਾਰ ਰੱਤੀਆਂ ਵੱਧ ਭਾਵੇਂ ਹੋਵੇ, ਘੱਟ ਬਿਲਕੁਲ ਨਹੀਂ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਗੁੱਸੇ ਦਾ ਰੌਅ ਅਤੇ ਕਾਰਨਾਂ ਦੇ ਕਠੋਰ ਸੱਚ ਨੂੰ ਪਛਾਨਣ ਦੀ ਜ਼ਰੂਰਤ ਹੈ।

## ਗੁਰੂ ਗੋਬਿੰਦ ਦੀਆਂ ਸਾਖੀਆਂ ਦੀ ਪਰੰਪਰਾ ਨੂੰ ਸਮਰਪਿਤ ਰਿਹਾ ਸੈਮੀਨਾਰ

ਲਈ ਕਤਲ ਹੋਣ ਵਾਲੇ ਕੋਲ ਜਾਂਦਾ ਹੈ ਪਰ ਗੁਰੂ ਤੇਗ ਬਹਾਦਰ ਕਤਲ (ਸ਼ਹੀਦ) ਹੋਣ ਲਈ ਖ਼ੁਦ ਦਿੱਲੀ ਗਏ। ਇਸ ਵੇਲੇ ਕਵੀ ਅਤੇ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪ੍ਰੋ. ਕੁਲਵੰਤ ਸਿੰਘ ਗਰੇਵਾਲ ਨੇ ਕਿਹਾ ਕਿ ਦਸਮ ਗੁਰੂ ਦੀ ਬਾਣੀ ਅਤੇ ਵਿਚਾਰ ਅਮੁੱਲ ਹਨ ਸੈਮੀਨਾਰ ਦੀ ਸ਼ੁਰੂਆਤ ਯੂਨੀਵਰਸਿਟੀ ਧੁਨੀ ਤੋਂ ਹੋਈ। ਮਗਰੋਂ ਦਸਮ ਗ੍ਰੰਥ ਦੀ ਬਾਣੀ ਚੌਪਈ ਸਾਹਿਬ ਦਾ ਪਾਠ ਕੀਤਾ ਗਿਆ। ਸੈਮੀਨਾਰ ਵਿੱਚ ਆਏ ਹੋਏ ਸਾਰੇ ਲੋਕਾਂ ਦਾ ਸਵਾਗਤ ਵਿਭਾਗ ਦੇ ਮੁਖੀ ਪ੍ਰੋ. ਗੁਰਮੀਤ ਸਿੰਘ ਸਿੱਧੂ ਨੇ ਕੀਤਾ। ਸਮਾਗਮ ਵਿੱਚ ਡਾ. ਅਬਨੀਸ਼ ਕੌਰ ਅਸਿਸਟੈਂਟ ਪ੍ਰੋਫੈਸਰ ਡਿਸਟੈਂਸ ਐਜੂਕੇਸ਼ਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਨੇ ਕਿਹਾ ਕਿ ਖ਼ਾਲਸਾ, ਗੁਰੂ ਵੱਲੋਂ ਸਥਾਪਤ ਕੀਤੀ ਹੋਈ ਅਜਿਹੀ ਸੰਸਥਾ ਹੈ ਜੋ ਮਜ਼ਲੂਮਾਂ ਦੀ ਰਾਖੀ ਅਤੇ ਜ਼ਾਲਮਾਂ ਲਈ ਕਾਲ ਬਣ ਕੇ ਸਮਾਜ ਵਿੱਚ ਵਿਚਰੇਗੀ। ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਦੀ ਆਪਣੀ ਰਚਨਾ ਹੈ ਅਤੇ ਜੇਕਰ ਕੋਈ ਇਸ ਤੋਂ ਇਨਕਾਰੀ ਹੁੰਦਾ ਹੈ ਤਾਂ ਇਹ ਉਸ ਦੀ ਨਿੱਜੀ ਰਾਇ ਹੋਵੇਗੀ ਨਾ ਕਿ ਪੰਥਕ। ਧੰਨਵਾਦ ਦੀ ਰਸਮ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਮੁਹੰਮਦ ਹਬੀਬ ਨੇ ਨਿਭਾਈ। ਮੰਚ ਦਾ ਸੰਚਾਲਨ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਡਾ. ਜਸਵਿੰਦਰ ਸਿੰਘ ਨੇ ਕੀਤਾ। ਇਸ ਮੌਕੇ ਪ੍ਰੋ. ਹੁਕਮਚੰਦ ਰਾਜਪਾਲ, ਪ੍ਰੋ. ਇੰਦਰਮੋਹਨ ਸਿੰਘ, ਪ੍ਰੋ. ਰਾਜਿੰਦਰ ਕੌਰ ਰੋਹੀ, ਪ੍ਰੋ. ਮੇਹਰ ਸਿੰਘ ਗਿੱਲ, ਪ੍ਰੋ. ਬਲਕਾਰ ਸਿੰਘ, ਡਾ. ਪ੍ਰਦੂਮਨ ਸ਼ਾਹ ਸਿੰਘ, ਡਾ. ਤੇਜਿੰਦਰ ਕੌਰ ਧਾਲੀਵਾਲ, ਡਾ. ਗੁਰਮੇਲ ਸਿੰਘ, ਡਾ. ਅਰਵਿੰਦ ਰਿਤੂਰਾਜ, ਪ੍ਰੋ. ਜਸਪ੍ਰੀਤ ਕੌਰ ਸੰਧੂ, ਮੁਖੀ ਸਿੱਖ ਵਿਸ਼ਵਕੋਸ਼ ਵਿਭਾਗ, ਸਾਹਿਤ ਕਾਫੀ ਸੰਖਿਆ ਵਿੱਚ ਖੋਜਾਰਥੀ ਅਤੇ ਵਿਦਿਆਰਥੀ ਮੌਜੂਦ ਸਨ।

## ਕੇਜਰੀਵਾਲ ਨੇ ਬਰਗਾੜੀ ਕਾਂਡ ਸਬੰਧੀ ਜਸਟਿਸ ਜੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਕੀਤੀ ਨਸ਼ਰ

ਨੂੰ ਜੂਨ 2016 ਵਿੱਚ ਸੌਂਪੀ ਗਈ। ਰਿਪੋਰਟ ਦੇ ਪੈਰਾ ਨੰਬਰ 31 'ਤੇ ਕਿਹਾ ਗਿਆ ਹੈ ਕਿ ਇਸ ਵਿੱਚ ਵੱਡੇ ਲੋਕ ਸ਼ਾਮਲ ਹਨ। ਪੇਜ ਨੰਬਰ 46 ਲਿਖਿਆ ਹੈ ਕਿ ਪੁਲੀਸ ਨੇ ਰੱਖਿਆ ਲਈ ਗੋਲੀ ਨਹੀਂ ਚਲਾਈ। ਸ਼ਾਂਤਮਈ ਧਰਨਾ ਦੇ ਰਹੇ ਲੋਕਾਂ 'ਤੇ ਗੋਲੀ ਚਲਾਉਣ ਦਾ ਕੋਈ ਅਰਥ ਨਹੀਂ ਸੀ। ਪੇਜ 48 'ਤੇ ਹੈ ਕਿ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਧਰਨੇ ਵਿੱਚ ਸਿਟਿੰਗ ਪੁਜ਼ੀਸ਼ਨ ਵਿੱਚ ਬੈਠੇ ਸਨ। ਪੁਲੀਸ ਨੇ ਉਨ੍ਹਾਂ 'ਤੇ ਨਜ਼ਦੀਕ ਤੋਂ ਗੋਲੀਆਂ ਚਲਾਈਆਂ।

ਇਸ ਮੌਕੇ ਸ੍ਰੀ ਕੇਜਰੀਵਾਲ ਨੇ ਸੁਖਬੀਰ ਬਾਦਲ 'ਤੇ ਗੰਭੀਰ ਦੋਸ਼ ਲਾਉਂਦਿਆਂ ਉਨ੍ਹਾਂ ਦੀ ਗ੍ਰਿਫ਼ਤਾਰੀ ਮੰਗੀ। ਉਨ੍ਹਾਂ ਸਵਾਲ ਕੀਤਾ ਕਿ ਬੇਅਦਬੀ ਕਾਂਡ ਦੀ ਰਿਪੋਰਟ ਨੂੰ ਦਬਾ ਕੇ ਕਿਉਂ ਰੱਖਿਆ ਗਿਆ ? ਸ੍ਰੀ ਕੇਜਰੀਵਾਲ ਨੇ ਸੁਖਬੀਰ ਬਾਦਲ ਨੂੰ ਚੁਣੌਤੀ ਦਿੱਤੀ ਕਿ ਉਹ ਇਕ ਘੰਟੇ ਵਿੱਚ ਇਸ ਰਿਪੋਰਟ ਬਾਰੇ ਜਵਾਬ ਦੇਣ ਅਤੇ ਲੋਕਾਂ ਸਾਹਮਣੇ ਰਿਪੋਰਟ ਦੀ ਅਸਲ ਕਾਪੀ ਜਾਰੀ ਕਰਨ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਦਿੱਲੀ ਵਾਂਗ ਉਨ੍ਹਾਂ ਨੇ ਵਰਕਰਾਂ ਨੂੰ ਆਦੇਸ਼ ਦੇ ਦਿੱਤੇ ਹਨ ਚੋਣਾਂ ਵਾਲੇ ਦਿਨ ਜਿੱਥੇ ਵੀ ਬੇਨਿਯਮੀ ਹੁੰਦੀ ਹੈ, ਉਥੇ ਸਟਿੰਗ ਅਪਰੇਸ਼ਨ ਕੀਤੇ ਜਾਣ ਅਤੇ ਉਸੇ ਵਕਤ ਵਾਇਰਲ ਕੀਤੇ ਜਾਣ। ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਇਸ ਬਾਰੇ ਚੋਣ ਕਮਿਸ਼ਨ ਤੋਂ ਮਨਜ਼ੂਰੀ ਲਈ ਹੈ ਤਾਂ ਉਨ੍ਹਾਂ ਕਿਹਾ ਕਿ ਮਨਜ਼ਰੀ ਦੀ ਕੀ ਜ਼ਰੂਰਤ ਹੈ।

## 'ਸੱਤਾ ਦੀ ਚਾਬੀ' ਲਈ ਸ਼ੁਰੂ ਹੋਈਆਂ ਦਿਮਾ.ਗੀ ਕਸਰਤਾਂ

ਹਨੇਰੀ ਚੱਲੀ ਹੈ, ਉਸ ਤੋਂ 'ਆਪ' ਦੇ ਵੀ ਸੱਤਾ 'ਤੇ ਕਾਬਜ਼ ਹੋਣ ਦੇ ਕਾਫ਼ੀ ਆਸਾਰ ਨਜ਼ਰ ਆ ਰਹੇ ਹਨ। ਪਰ ਜੇਕਰ 'ਆਪ' ਬਹੁਮਤ ਨਾ ਲੈ ਕੇ, ਵੱਧ ਸੀਟਾਂ ਹੀ ਲੈ ਜਾਂਦੀ ਹੈ ਤਾਂ ਉਹ ਆਪਣੇ ਨਾਲ ਕਿਸ ਨੂੰ ਰਲਾਏਗੀ, ਇਹ ਸਵਾਲ ਵੀ ਪੰਜਾਬੀਆਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। 'ਆਪ' ਲਈ ਤਾਂ ਇਹ ਸੰਕਟ ਹੋਵੇਗਾ ਹੀ ਪਰ ਜੇਕਰ ਉਹ ਪੂਰਨ ਬਹੁਮਤ ਨਾਲ ਜਿੱਤ ਜਾਂਦੀ ਹੈ ਤਾਂ ਉਸ ਲਈ ਵੱਡਾ ਸੰਕਟ ਮੁੱਖ ਮੰਤਰੀ ਦੀ ਦਾਅਵੇਦਾਰੀ ਦਾ ਖੜ੍ਹਾ ਹੋਵੇਗਾ। ਅਕਾਲੀ-ਭਾਜਪਾ ਦੇ ਜੇਤੂ ਉਮੀਦਵਾਰ 'ਆਪ' ਨਾਲ ਰਲਣੋਂ ਤਾਂ ਰਹੇ ਕਿਉਂਕਿ ਉਹ ਤਾਂ 'ਆਪ' ਦਾ ਰਾਹ ਰੋਕਣ ਲਈ ਜ਼ਾਹਰਾ ਤੌਰ 'ਤੇ ਆਪਣੀ 'ਹਮਖ਼ਿਆਲੀ' ਕਾਂਗਰਸ ਨੂੰ ਹਮਾਇਤ ਦੇਣਗੇ। ਜਿੱਤ ਭਾਵੇਂ ਕਿਸੇ ਇਕ ਧਿਰ ਦੀ ਹੋਵੇ ਜਾਂ ਰਾਸਸੀ ਜੋੜ-ਤੋੜ ਨਾਲ ਸਰਕਾਰ ਬਣੇ, ਹਾਰ ਤਾਂ ਹਰ ਸੂਰਤ ਪੰਜਾਬੀਆਂ ਦੀ ਹੋਣੀ ਹੈ। ਅੱਜ ਇਹ ਗੱਲ ਸ਼ਾਇਦ ਕਿਸੇ ਨੂੰ ਕੌੜੀ ਲੱਗ ਸਕਦੀ ਹੈ ਪਰ ਆਉਣ ਵਾਲੀਆਂ ਸਥਿਤੀਆਂ ਕੁਝ ਅਜਿਹੇ ਹੀ ਸੰਕੇਤ ਕਰ ਰਹੀਆਂ ਹਨ ਕਿ ਆਉਣ ਵਾਲਾ ਸਮਾਂ ਕੋਈ ਬਹੁਤਾ ਬਿਹਤਰ ਨਹੀਂ ਹੋਣ ਵਾਲਾ। ਜੜ੍ਹ-ਜੜ੍ਹ ਤਕ ਫੈਲੀਆਂ ਬਿਮਾਰੀਆਂ ਨੂੰ ਚੁਟਕੀ ਦੇ ਮੰਤਰ ਨਾਲ ਦੂਰ ਨਹੀਂ ਕੀਤਾ ਜਾ ਸਕਦਾ। ਸਥਾਪਤ ਧਿਰਾਂ ਨੂੰ ਬਰਾਬਰ ਦੀ ਟੱਕਰ ਦੇਣ ਵਾਲੀ 'ਆਪ' ਜੇਕਰ ਸੱਤਾ ਵਿਚ ਆਈ ਤਾਂ ਉਸ ਲਈ ਇਹ ਚੁਣੌਤੀ ਸਭ ਤੋਂ ਵੱਡੀ ਹੋਵੇਗੀ। ਲੋਕ ਪੱਖੀ ਨੀਤੀਆਂ ਘੜਨ, ਕੀਤੇ ਵਾਅਦੇ ਪੂਰੇ ਕਰਨ, ਬੁਨਿਆਦੀ ਢਾਂਚਾ ਦਰੁਸਤ ਕਰਨ ਲਈ ਕਾਫ਼ੀ ਸੂਝ-ਬੂਝ ਦੇ ਨਾਲ ਨਾਲ ਸਿਆਸੀ ਇੱਛਾ ਸ਼ਕਤੀ ਦੀ ਵੀ ਲੋੜ ਹੈ। ਇਹ ਵੀ ਡਰ ਨਾਲੋ-ਨਾਲ ਹੈ ਕਿ ਸੱਤਾ ਵਿਚ ਆਉਂਦਿਆਂ ਹੀ ਕਿਤੇ ਉਹ ਦਿੱਲੀ ਵਾਂਗ ਹੀ ਵਿਧਾਇਕਾਂ-ਮੰਤਰੀਆਂ ਦੀਆਂ ਤਨਖ਼ਾਹਾਂ-ਭੱਤੇ ਦੁੱਗਣੇ-ਤਿਗੁਣੇ ਨਾ ਕਰ ਦੇਵੇ ਤੇ ਆਮ ਲੋਕ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੇ ਰਹਿ ਜਾਣ। ਹੁਣ ਤਾਂ ਇਹੀ ਉਮੀਦ ਕੀਤੀ ਜਾ ਸਕਦੀ ਹੈ ਕਿ ਜਿਹੜੀ ਵੀ ਧਿਰ ਸੱਤਾ ਵਿਚ ਆਵੇ, ਪੰਜਾਬ ਦੀ ਬਿਹਤਰੀ ਲਈ ਕੰਮ ਕਰੇ। ਜੇ ਹੁਣ ਵੀ ਕਾਬਜ਼ ਹੋਣ ਵਾਲੀ ਧਿਰ ਇਸ ਤੋਂ ਖੁੰਝ ਗਈ ਤਾਂ ਪੰਜਾਬੀਆਂ ਲਈ ਸਿਰ ਚੁੱਕਣਾ ਮੁਸ਼ਕਲ ਹੋ ਜਾਵੇਗਾ।

# ਟਰੰਪ ਨੇ ਕੱਢੀ ਭੜਾਸ-'ਜੇਕਰ ਕੁੱਝ ਵਾਪਰਿਆ' ਤਾਂ ਅਮਰੀਕੀ ਲੋਕ ਜੱਜ ਨੂੰ ਦੇਣ ਦੋਸ਼

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਨਾਗਰਿਕਾਂ ਦੇ ਸਫ਼ਰ 'ਤੇ ਰੋਕ ਲਾਉਣ ਵਾਲੇ ਵਿਵਾਦਤ ਹੁਕਮਾਂ ਨੂੰ ਮੁਅੱਤਲ ਕਰਨ ਵਾਲੇ ਅਮਰੀਕੀ ਜੱਜ ਉਤੇ ਹੱਲਾ ਬੋਲਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ 'ਜੇਕਰ ਕੁੱਝ ਵਾਪਰ ਗਿਆ' ਤਾਂ ਅਮਰੀਕਾ ਵਾਸੀਆਂ ਨੂੰ ਇਸ ਜੱਜ ਤੇ ਅਦਾਲਤਾਂ ਨੂੰ ਦੋਸ਼ ਦੇਣਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਦਾ ਇਹ ਗੁੱਸਾ ਸਾਨ ਫਰਾਂਸਿਸਕੋ ਦੇ ਜ਼ਿਲ੍ਹਾ ਜੱਜ ਜੇਮਜ਼ ਰੌਬਰਟ ਖ਼ਿਲਾਫ਼ ਸੀ, ਜਿਸ ਨੇ ਪਿਛਲੇ ਹਫ਼ਤੇ ਟਰੰਪ ਦੇ ਕਾਰਜਕਾਰੀ ਹੁਕਮਾਂ ਨੂੰ ਕੌਮੀ ਪੱਧਰ 'ਤੇ ਡੱਕ ਦਿੱਤਾ ਸੀ।
ਟਰੰਪ ਨੇ ਟਵੀਟ ਕੀਤਾ, 'ਯਕੀਨ ਨਹੀਂ ਕੀਤਾ ਜਾ ਸਕਦਾ ਕਿ ਇਕ ਜੱਜ ਸਾਡੇ ਦੇਸ਼ ਨੂੰ ਅਜਿਹੇ ਸੰਕਟ ਵਿੱਚ ਪਾ ਦੇਵੇਗਾ। ਜੇਕਰ ਕੁੱਝ ਵਾਪਰਦਾ ਹੈ ਤਾਂ ਉਸ ਨੂੰ ਅਤੇ ਅਦਾਲਤੀ ਪ੍ਰਨਾਲੀ ਨੂੰ ਦੋਸ਼ ਦੇਣਾ। ਬਾਹਰੀ ਲੋਕ ਧੜਾਧੜ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਮੰਦਭਾਗਾ ਹੈ।' ਰਾਸ਼ਟਰਪਤੀ ਨੇ ਦੱਸਿਆ ਕਿ ਉਨ੍ਹਾਂ ਨੇ ਕੌਮੀ ਸੁਰੱਖਿਆ ਵਿਭਾਗ ਨੂੰ ਨਿਰਦੇਸ਼ ਦਿੱਤਾ ਹੈ ਕਿ ਅਦਾਲਤ ਦੇ ਹੁਕਮ ਬਾਅਦ ਦੇਸ਼ ਵਿੱਚ ਆਉਣ ਵਾਲਿਆਂ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਜਾਵੇ। ਰੌਬਰਟ ਦੇ ਹੁਕਮਾਂ ਖ਼ਿਲਾਫ਼ ਪ੍ਰਸ਼ਾਸਨ ਦੀ ਅਰਜ਼ੀ ਸਾਂ ਫਰਾਂਸਿਸਕੋ ਦੀ 9ਵੀਂ ਯੂਐਸ ਸਰਕਟ ਕੋਰਟ ਆਫ ਅਪੀਲਜ਼ ਵੱਲੋਂ ਰੱਦ ਕੀਤੇ ਜਾਣ ਬਾਅਦ ਟਰੰਪ ਨੇ ਇਹ ਭੜਾਸ ਕੱਢੀ ਹੈ।
ਟਰੰਪ ਨੇ ਕਿਹਾ ਕਿ ਇਰਾਨ, ਇਰਾਕ, ਲਿਬੀਆ, ਸੋਮਾਲੀਆ, ਸੂਡਾਨ, ਸੀਰੀਆ ਤੇ ਯਮਨ ਦੇ ਨਾਗਰਿਕਾਂ 'ਤੇ 90 ਦਿਨਾਂ ਲਈ ਯਾਤਰਾ ਰੋਕ ਅਤੇ ਸਾਰੇ ਸ਼ਰਨਾਰਥੀਆਂ 'ਤੇ 120 ਦਿਨਾਂ ਲਈ ਰੋਕ ਅਮਰੀਕਾ ਨੂੰ ਇਸਲਾਮਿਕ ਅਤਿਵਾਦੀਆਂ ਤੋਂ ਬਚਾਉਣ ਲਈ ਬੇਹੱਦ ਜ਼ਰੂਰੀ ਹੈ। ਯਾਤਰਾ 'ਤੇ ਰੋਕ ਕਾਰਨ ਅਮਰੀਕਾ ਵਿੱਚ ਰੋਸ ਪ੍ਰਦਰਸ਼ਨ ਹੋਏ। ਸ਼ਨਿਚਰਵਾਰ ਨੂੰ ਟਵੀਟਾਂ ਦੀ ਝੜੀ ਲਾਉਂਦਿਆਂ ਟਰੰਪ ਨੇ ਇਸ 'ਤਥਾ-ਕਥਿਤ ਜੱਜ' ਦੇ ਵਿਚਾਰਾਂ ਨੂੰ 'ਹਾਸੋਹੀਣਾ' ਦੱਸਿਆ। ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਕੱਲ੍ਹ ਇਸ ਹੁਕਮ ਨੂੰ 'ਗਲਤ ਫ਼ੈਸਲਾ' ਕਰਾਰ ਦਿੰਦਿਆਂ ਅਹਿਦ ਲਿਆ ਸੀ ਕਿ ਦੇਸ਼ ਨੂੰ ਬਚਾਉਣ ਲਈ ਟਰੰਪ ਪ੍ਰਸ਼ਾਸਨ 'ਸਾਰੇ ਕਾਨੂੰਨੀ ਰਸਤੇ' ਅਪਨਾਵੇਗਾ।

## 'ਅਮਰੀਕਾ ਵੀ ਕੋਈ ਬਾਹਲਾ ਮਾਸੂਮ ਨਹੀਂ'

ਵਾਸ਼ਿੰਗਟਨ : ਡੋਨਲਡ ਟਰੰਪ ਨੇ ਅਮਰੀਕਾ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਸ਼ਾਸਨ ਦੇ ਬਰਾਬਰ ਠੱਲ੍ਹਦਿਆਂ ਕਿਹਾ ਕਿ ਅਮਰੀਕਾ ਦੀਆਂ 'ਗਲਤੀਆਂ' ਕਾਰਨ ਵਿਸ਼ਵ ਭਰ ਵਿੱਚ ਕਈ ਲੋਕ ਮਾਰੇ ਗਏ ਹਨ। ਫਾਕਸ ਨਿਊਜ਼ ਨਾਲ ਮੁਲਾਕਾਤ ਦੌਰਾਨ ਟਰੰਪ ਨੇ ਕਿਹਾ, 'ਅਸੀਂ ਜੋ ਕੀਤਾ ਹੈ ਉਸ 'ਤੇ ਨਜ਼ਰ ਮਾਰੋ। ਅਸੀਂ ਬਹੁਤ ਸਾਰੀਆਂ ਗਲਤੀਆਂ ਕੀਤੀਆਂ ਹਨ। ਮੈਂ ਸ਼ੁਰੂ ਤੋਂ ਇਰਾਕ ਖ਼ਿਲਾਫ਼ ਜੰਗ ਦਾ ਵਿਰੋਧੀ ਸਾਂ। ਬਹੁਤ ਸਾਰੀਆਂ ਗਲਤੀਆਂ, ਠੀਕ ਹੈ, ਪਰ ਬਹੁਤ ਸਾਰੇ ਲੋਕ ਮਾਰੇ ਗਏ ਹਨ।' ਜਦੋਂ ਰੂਸੀ ਰਾਸ਼ਟਰਪਤੀ ਪੂਤਿਨ ਨੂੰ 'ਹਤਿਆਰਾ' ਕਿਹਾ ਤਾਂ ਉਨ੍ਹਾਂ ਕਿਹਾ, 'ਇਥੇ ਬਹੁਤ ਸਾਰੇ ਹਤਿਆਰੇ ਹਨ। ਸਾਡੇ ਕੋਲ ਬਹੁਤ ਸਾਰੇ ਹਤਿਆਰੇ ਹਨ। ਕੀ, ਤੁਸੀਂ ਸੋਚਦੇ ਹੋ ਕਿ ਸਾਡਾ ਮੁਲਕ ਮਾਸੂਮ ਹੈ?' ਟਰੰਪ ਨੇ ਕਿਹਾ ਕਿ ਉਹ ਪੂਤਿਨ ਦੀ ਇੱਜ਼ਤ ਕਰਦਾ ਹੈ ਪਰ ਇਸ ਤਾਂ ਮਤਲਬ ਇਹ ਨਹੀਂ ਕਿ ਉਹ ਦੋਵੇਂ ਇਕੱਠੇ ਚੱਲਣਗੇ। ਉਨ੍ਹਾਂ ਕਿਹਾ ਕਿ ਉਹ ਆਈਐਸ ਖ਼ਿਲਾਫ਼ ਜੰਗ ਵਿਚ ਰੂਸ ਦਾ ਸਹਿਯੋਗ ਲੈਣਾ ਪਸੰਦ ਕਰਨਗੇ।

## ਟਰੰਪ ਦੇ ਨਾਅਰੇ ਵਾਲੀ ਟੋਪੀ ਪਹਿਨਣ ਵਾਲੇ ਵਿਦਿਆਰਥੀ 'ਤੇ ਹਮਲਾ



**ਸ਼ਿਕਾਗੋ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਦੇ ਨਾਅਰੇ 'ਮੇਕ ਅਮਰੀਕਾ ਗਰੇਟ ਅਗੇਨ' ਵਾਲੀ ਟੋਪੀ ਪਾਈ 12 ਸਾਲਾ ਬੱਚੇ ਉਤੇ ਸਕੂਲ ਬੱਸ ਵਿੱਚ ਵਿਦਿਆਰਥੀਆਂ ਦੇ ਇਕ ਗਰੁੱਪ ਨੇ ਹਮਲਾ ਕਰ ਦਿੱਤਾ। ਇਹ ਵਿਦਿਆਰਥੀ ਮਿਸ਼ੂਰੀ ਦੇ ਪਾਰਕਵੇਅ ਸਕੂਲ ਦੇ ਹਨ। ਹਮਲੇ ਦਾ ਸ਼ਿਕਾਰ ਵਿਦਿਆਰਥੀ ਗੈਵਿਨ ਦੀ ਮਾਂ ਕ੍ਰਿਸਟੀਨਾ ਕੋਰਟੀਨਾ ਨੇ ਕਿਹਾ ਕਿ ਇਹ ਘਟਨਾ ਪ੍ਰੇਸ਼ਾਨ ਕਰਨ ਵਾਲੀ ਹੈ। ਘਟਨਾ ਦੀ ਸੈੱਲ ਫੋਨ ਉਤੇ ਬਣਾਈ ਵੀਡੀਓ ਵਿੱਚ ਵਿਦਿਆਰਥੀ ਟਰੰਪ ਦੀ ਮੈਕਸੀਕੋ ਦੀ ਸਰਹੱਦ 'ਤੇ ਕੰਧ ਖੜ੍ਹੀ ਕਰਨ ਦੀ ਤਜਵੀਜ਼ ਉਤੇ ਬਹਿਸ ਰਹੇ ਸਨ।

### ਅਮਰੀਕੀ ਅਧਿਕਾਰੀਆਂ ਨੇ ਟਰੰਪ ਦੇ ਫੈਸਲੇ ਨੂੰ ਮੁਅੱਤਲ ਕੀਤਾ :

**ਵਾਸ਼ਿੰਗਟਨ :** ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਯਾਤਰੀਆਂ ਦੇ ਦਾਖ਼ਲੇ ਉਤੇ ਪਾਬੰਦੀ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਵਾਦਮਈ ਆਦੇਸ਼ ਨੂੰ ਅਮਰੀਕੀ ਅਧਿਕਾਰੀਆਂ ਨੇ ਮੁਅੱਤਲ ਕਰ ਦਿੱਤਾ। ਇਹ ਮੁਅੱਤਲੀ ਇਕ ਅਮਰੀਕੀ ਅਦਾਲਤ ਦੇ ਫੈਸਲੇ ਮਗਰੋਂ ਲਾਈ ਗਈ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਨੇ ਦੱਸਿਆ ਕਿ "ਅਸੀਂ ਵੀਜ਼ੇ ਰੱਦ ਕਰਨ ਬਾਰੇ ਹੁਕਮਾਂ ਨੂੰ ਆਰਜ਼ੀ ਤੌਰ ਉਤੇ ਬਦਲ ਦਿੱਤਾ ਹੈ।" ਇਸ ਅਧਿਕਾਰੀ ਨੇ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਦੇ ਵੀਜ਼ੇ ਉਤੇ ਹਾਲੇ ਤੱਕ ਲੀਕ ਨਹੀਂ ਵੱਜੀ ਸੀ, ਜੇ ਉਨ੍ਹਾਂ ਦਾ ਵੀਜ਼ਾ ਪ੍ਰਮਾਣਕ ਹੋਇਆ ਤਾਂ ਉਹ ਹੁਣ ਸਫ਼ਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਦੇ ਸੂਬਾਈ ਅਟਾਰਨੀ ਜਨਰਲ ਵੱਲੋਂ ਦਾਇਰ ਸ਼ਿਕਾਇਤ ਦੀ ਸਮੀਖਿਆ ਲਈ ਟਰੰਪ ਪ੍ਰਸ਼ਾਸਨ, ਹੋਮਲੈਂਡ ਸਿਕਿਉਰਿਟੀ ਵਿਭਾਗ ਅਤੇ ਹੋਰ ਕਾਨੂੰਨੀ ਟੀਮਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਲੋਕਾਂ 'ਤੇ ਰੋਕ ਲਾਉਣ ਵਾਲੇ ਵਿਵਾਦਤ ਆਵਾਸ ਹੁਕਮਾਂ 'ਤੇ ਰਾਸ਼ਟਰਪਤੀ ਟਰੰਪ ਵੱਲੋਂ ਹਸਤਾਖ਼ਰ ਕੀਤੇ ਜਾਣ ਬਾਅਦ ਹੁਣ ਤੱਕ ਅਮਰੀਕਾ ਨੇ 60 ਹਜ਼ਾਰ ਵੀਜ਼ੇ ਰੱਦ ਕੀਤੇ ਹਨ।

## ਟਰੰਪ ਨੇ ਦੋ ਉੱਚ ਅਧਿਕਾਰੀਆਂ ਨੂੰ ਕੀਤਾ ਬਰਤਰਫ਼

**ਵਾਸ਼ਿੰਗਟਨ/ਬਿਊਰੋ ਨਿਊਜ਼ :** ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਨਾਗਰਿਕਾਂ ਤੇ ਸ਼ਰਨਾਰਥੀਆਂ ਦੇ ਅਮਰੀਕਾ ਵਿੱਚ ਦਾਖ਼ਲੇ 'ਤੇ ਰੋਕ ਲਾਉਣ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਹੁਕਮ ਲਾਗੂ ਕਰਨ ਤੋਂ ਇਨਕਾਰ ਕਰਨ ਵਾਲੀ ਕਾਰਜਕਾਰੀ ਅਟਾਰਨੀ ਜਨਰਲ ਸੈਲੀ ਯੇਟਸ ਸਮੇਤ ਦੋ ਉੱਚ ਅਧਿਕਾਰੀਆਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਵਾਈਟ ਹਾਊਸ ਨੇ ਇਕ ਬਿਆਨ ਵਿਚ ਓਬਾਮਾ ਪ੍ਰਸ਼ਾਸਨ ਦੌਰਾਨ ਨਿਯੁਕਤ ਯੇਟਸ ਨੂੰ ਬਰਤਰਫ਼ ਕਰਨ ਦਾ ਐਲਾਨ ਕਰਦਿਆਂ ਕਿਹਾ, 'ਯੇਟਸ ਨੇ ਨਿਆਂ ਵਿਭਾਗ ਨਾਲ ਵਿਸ਼ਵਾਸਘਾਤ ਕੀਤਾ ਹੈ।' ਵਾਈਟ ਹਾਊਸ ਨੇ ਸੈਨੇਟਰ ਜੈੱਫ ਸੈਸ਼ਨਜ਼ ਦੀ ਨਾਮਜ਼ਦਗੀ ਦੀ ਅਮਰੀਕੀ ਸੈਨੇਟ ਤੋਂ ਪੁਸ਼ਟੀ ਹੋਣ ਤਕ ਡਾਨਾ ਬੋਐਂਟ ਨੂੰ ਨਵਾਂ ਕਾਰਜਕਾਰੀ ਅਟਾਰਨੀ ਜਨਰਲ ਨਿਯੁਕਤ ਕੀਤਾ ਹੈ। ਡਾਨਾ ਨੇ ਯੇਟਸ ਦੇ ਹੁਕਮਾਂ ਨੂੰ ਰੱਦ ਕਰਦਿਆਂ ਨਿਆਂ ਵਿਭਾਗ ਨੂੰ ਰਾਸ਼ਟਰਪਤੀ ਦੇ ਕਾਨੂੰਨੀ ਹੁਕਮਾਂ ਦਾ ਬਚਾਅ ਕਰਨ ਦਾ ਹੁਕਮ ਦਿੱਤਾ ਹੈ। ਯੇਟਸ ਦੀ ਬਰਤਰਫ਼ੀ ਦੇ ਕੁੱਝ ਘੰਟਿਆਂ ਬਾਅਦ ਟਰੰਪ ਨੇ ਆਵਾਸ ਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਦੇ ਨਿਰਦੇਸ਼ਕ ਡੇਨੀਅਲ ਰਾਗਸਡੇਲ ਨੂੰ ਵੀ ਹਟਾ ਦਿੱਤਾ ਤੇ ਉਸ ਦੀ ਜਗ੍ਹਾ ਥਾਮਸ ਡੀ ਹੋਮਾਨ ਨੂੰ ਨਿਯੁਕਤ ਕੀਤਾ ਗਿਆ ਹੈ।

## ਅਮਰੀਕੀ ਮੁਸਲਿਮ ਮਹਿਲਾ ਨੂੰ ਕੀਤਾ ਤੰਗ-ਪ੍ਰੇਸ਼ਾਨ, ਗ੍ਰੀਨ ਕਾਰਡ ਮੰਗਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਸਲਿਮ ਆਬਾਦੀ ਵਾਲੇ ਸੱਤ ਮੁਲਕਾਂ ਤੋਂ ਪਰਵਾਸੀਆਂ ਦੀ ਆਮਦ 'ਤੇ ਰੋਕ ਲਾਏ ਜਾਣ ਮਗਰੋਂ ਅਮਰੀਕਾ ਦੇ ਇਕ ਕੈਫ਼ੇ ਵਿਚ ਹਿਜਾਬ ਪਾਈ ਮੁਸਲਿਮ ਮਹਿਲਾ ਨੂੰ ਇਕ ਵਿਅਕਤੀ ਵੱਲੋਂ ਕਥਿਤ ਤੰਗ ਪ੍ਰੇਸ਼ਾਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਹਿਲਾ ਤੋਂ ਉਸ ਕੋਲ ਅਮਰੀਕਾ ਦਾ ਗ੍ਰੀਨ ਕਾਰਡ ਹੋਣ ਬਾਰੇ ਸਵਾਲ ਪੁੱਛੇ ਗਏ ਹਨ। ਉਂਜ ਇਸ ਮਹਿਲਾ ਨੇ ਸਾਰੀ ਘਟਨਾ ਨੂੰ ਆਪਣੇ ਕੈਮਰੇ ਵਿੱਚ ਫ਼ਿਲਮਾ ਲਿਆ ਹੈ। ਜਾਣਕਾਰੀ ਅਨੁਸਾਰ ਅਸਮਾ ਐਲਹੂਨੀ (39) ਜੋਅ'ਜ਼ ਕੈਫ਼ੇ 'ਤੇ ਬੈਠੀ ਆਪਣੇ ਲੈਪਟੌਪ 'ਤੇ ਕੰਮ ਕਰ ਰਹੀ ਸੀ ਕਿ ਇਕ ਵਿਅਕਤੀ, ਜਿਸ ਦੀ ਪਛਾਣ ਰੌਬ ਕੋਹਲਰ ਵਜੋਂ ਹੋਈ ਹੈ, ਉਥੇ ਆਇਆ ਅਤੇ ਉਸ ਦੀਆਂ ਤਸਵੀਰਾਂ ਲੈਣ ਲੱਗਾ। ਅਮਰੀਕੀ ਨਾਗਰਿਕ ਤੇ ਜਾਰਜੀਆ ਸਟੇਟ ਯੂਨੀਵਰਸਿਟੀ ਤੋਂ ਰਾਜਨੀਤੀ ਸ਼ਾਸਤਰ ਦੀ ਵਿਦਿਆਰਥਣ ਐਲਹੂਨੀ ਨੇ ਕਿਹਾ ਕਿ ਪਹਿਲਾਂ ਤਾਂ ਉਸ ਨੇ ਵਿਅਕਤੀ ਦੀਆਂ ਹਰਕਤਾਂ ਨੂੰ ਨਜ਼ਰਅੰਦਾਜ਼ ਕੀਤਾ, ਪਰ ਜਦੋਂ ਉਹ ਬਾਜ਼ ਨਾ ਆਇਆ ਤਾਂ ਉਸ ਨੇ ਤਸਵੀਰਾਂ ਖਿੱਚਣ ਦਾ ਕਾਰਨ ਪੁੱਛ ਲਿਆ। ਰੌਬ ਨੇ ਦਾਅਵਾ ਕੀਤਾ ਕਿ ਉਹ ਉਸ ਦੀਆਂ ਨਹੀਂ ਬਲਕਿ ਉਸ ਦੇ ਪਿੱਛੇ ਬੈਠੇ ਵਿਅਕਤੀ ਦੀਆਂ ਤਸਵੀਰਾਂ ਲੈ ਰਿਹਾ। ਇਸ ਦੌਰਾਨ ਰੌਬ ਨੇ ਉਸ ਖ਼ਿਲਾਫ਼ ਤਲਖ਼ ਟਿੱਪਣੀਆਂ ਵੀ ਕੀਤੀਆਂ ਤੇ ਗ੍ਰੀਨ ਕਾਰਡ ਵਿਖਾਉਣ ਲਈ ਕਿਹਾ। ਤਲਖ਼ੀ ਵਧਦੀ ਵੇਖ ਰੌਬ ਦਾ ਸਾਥੀ ਉਸ ਨੂੰ ਪਰ੍ਹੇ ਲੈ ਗਿਆ। ਐਲਹੂਨੀ ਵੱਲੋਂ ਘਟਨਾ ਦੀ ਵੀਡੀਓ ਫ਼ੇਸਬੁੱਕ ਉੱਤੇ ਪੋਸਟ ਕਰਨ ਮਗਰੋਂ ਹੁਣ ਤਕ 90 ਹਜ਼ਾਰ ਲੋਕ ਇਸ ਨੂੰ ਵੇਖ ਚੁੱਕੇ ਹਨ। ਉਂਜ ਇਸ ਘਟਨਾ ਨੂੰ ਟਰੰਪ ਦੀ ਪਰਵਾਸ ਨੀਤੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।



## ਡੋਨਲਡ ਟਰੰਪ ਦੇ ਪਾਬੰਦੀ ਵਾਲੇ ਫੈਸਲੇ ਨੂੰ 16 ਅਟਾਰਨੀ ਜਨਰਲਾਂ ਨੇ ਵੀ ਦਿੱਤੀ ਚੁਣੌਤੀ

ਸਫ਼ਾ ਇਕ ਦੀ ਬਾਕੀ

ਅਦਾਲਤ ਦੇ ਹੁਕਮ ਨੂੰ ਬਰਕਰਾਰ ਰੱਖਣ ਅਤੇ ਸਰਕਾਰ ਦੇ ਪ੍ਰਸਤਾਵ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।
ਪੈਨਸਿਲਵੇਨੀਆ ਦੇ ਅਟਾਰਨੀ ਜਨਰਲ ਜੋਸ਼ ਸ਼ਾਪੀਰੋ ਨੇ ਕਿਹਾ, "ਇਹ ਪਟੀਸ਼ਨ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ, ਆਪਣੀ ਅਰਥਵਿਵਸਥਾ ਦੀ ਰੱਖਿਆ ਕਰਨ ਅਤੇ ਕਾਨੂੰਨ ਦੇ ਸ਼ਾਸਨ ਨੂੰ ਬਰਕਰਾਰ ਰੱਖਣ ਲਈ ਦਾਖਲ ਕੀਤੀ ਗਈ ਹੈ। ਮੈਸਾਚਿਊਸੇਟਸ ਦੀ ਅਟਾਰਨੀ ਜਨਰਲ ਮਾਊਰਾ ਹੇਈਲੇ ਨੇ ਕਿਹਾ ਕਿ ਕੋਈ ਰਾਸ਼ਟਰਪਤੀ ਅਤੇ ਪ੍ਰਸ਼ਾਸਨ ਸਾਡੇ ਕਾਨੂੰਨ ਅਤੇ ਸੰਵਿਧਾਨ ਤੋਂ ਜ਼ਿਆਦਾ ਸ਼ਕਤੀਸ਼ਾਲੀ ਨਹੀਂ ਹੈ। ਸੂਬੇ ਦੇ ਅਟਾਰਨੀ ਜਨਰਲ ਹੋਣ ਦੇ ਨਾਅਤੇ ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਪ੍ਰਸ਼ਾਸਨ ਨੂੰ ਜਵਾਬਦੇਹ ਬਣਾਈਏ। ਇਸ ਕੋਸ਼ਿਸ਼ ਵਿਚ ਅਸੀਂ ਸਾਰੇ ਇਕਜੁਟ ਹਾਂ। ਅਟਾਰਨੀ ਜਨਰਲਾਂ ਨੇ ਕਿਹਾ ਕਿ ਟਰੰਪ ਦੇ ਇਸ ਸ਼ਾਸਕੀ ਹੁਕਮ ਨੇ ਸੂਬੇ ਦੇ ਕਾਲਜਾਂ ਨੂੰ ਅਤੇ ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲਗਾਤਾਰ ਨੁਕਸਾਨ ਪਹੁੰਚ ਰਿਹਾ ਹੈ। ਖਾਸ ਤੌਰ 'ਤੇ ਉਨ੍ਹਾਂ ਸੂਬਿਆਂ ਨੂੰ, ਜੋ ਕਿ ਦੁਨੀਆ ਭਰ ਤੋਂ ਵਿਦਿਆਰਥੀਆਂ ਅਤੇ ਅਧਿਆਪਕਾਂ 'ਤੇ ਨਿਰਭਰ ਹੈ।

## ਟਰੰਪ ਨੂੰ ਵੱਡਾ ਝਟਕਾ, ਅਦਾਲਤ ਵਲੋਂ ਪਾਬੰਦੀ ਵਾਲੇ ਫੈਸਲੇ ਨੂੰ ਮੁੜ ਬਹਾਲ ਕਰਨ ਦੀ ਅਪੀਲ ਰੱਦ

ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਵਾਸ਼ਿੰਗਟਨ ਤੇ ਮਿਨੇਸੋਟਾ ਸੂਬਿਆਂ ਨੂੰ ਪਾਬੰਦੀ ਨੂੰ ਚੁਣੌਤੀ ਦਿੱਤੇ ਜਾਣ ਦੀ ਇਜਾਜ਼ਤ ਨਹੀਂ ਮਿਲਣੀ ਚਾਹੀਦੀ ਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਰੀ ਹੁਕਮਾਂ ਨੂੰ ਜੱਜ ਵੱਲੋਂ ਰੋਕੇ ਜਾਣਾ ਗ਼ਲਤ ਹੈ। ਯਾਦ ਰਹੇ ਕਿ ਜੱਜ ਜੇਮਸ ਰੌਬਰਟ ਦੀ ਜ਼ਿਲ੍ਹਾ ਅਦਾਲਤ ਵੱਲੋਂ ਟਰੰਪ ਦੇ ਫ਼ੈਸਲੇ ਨੂੰ ਮੁਅੱਤਲ ਕੀਤੇ ਜਾਣ ਤੋਂ ਬਾਅਦ ਰਾਸ਼ਟਰਪਤੀ ਟਰੰਪ ਨੇ ਰੌਬਰਟ ਨੂੰ 'ਤਥਾਕਥਿਤ' ਜੱਜ ਦੱਸਦਿਆਂ ਕਿਹਾ ਸੀ ਕਿ ਇਹ 'ਹਾਸੋਹੀਣਾ' ਫ਼ੈਸਲਾ ਪਲਟ ਜਾਵੇਗਾ। ਗ੍ਰਹਿ ਸੁਰੱਖਿਆ ਵਿਭਾਗ ਨੇ ਮਗਰੋਂ ਨਿਆਂ ਵਿਭਾਗ ਨੂੰ ਇਸ ਫ਼ੈਸਲੇ ਖ਼ਿਲਾਫ਼ ਚੁਣੌਤੀ ਦੇਣ ਦੀ ਅਪੀਲ ਕੀਤੀ ਸੀ। ਟਰੰਪ ਨੂੰ ਆਸ ਸੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਇਸ ਫ਼ੈਸਲੇ ਖ਼ਿਲਾਫ਼ ਪਾਈ ਅਪੀਲ ਜਿੱਤ ਜਾਵੇਗਾ, ਪਰ ਸੰਘੀ ਅਦਾਲਤ ਦਾ ਫ਼ੈਸਲਾ ਟਰੰਪ ਲਈ ਵੱਡਾ ਝਟਕਾ ਹੈ।

**ਅਮਰੀਕਾ 'ਚ ਵਿਰੋਧ ਪ੍ਰਦਰਸ਼ਨ :**
ਨਿਊਯਾਰਕ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਸਲਿਮ ਦੇਸ਼ਾਂ 'ਤੇ ਲਾਈ ਪਾਬੰਦੀ ਦੇ ਵਿਰੋਧ ਵਿਚ ਨਿਊਯਾਰਕ ਤੇ ਵਾਸ਼ਿੰਗਟਨ ਦੀਆਂ ਸੜਕਾਂ 'ਤੇ ਹਜ਼ਾਰਾਂ ਲੋਕ ਉਤਰ ਆਏ। ਨਿਊਯਾਰਕ ਤੇ ਵਾਸ਼ਿੰਗਟਨ ਵਿਚ ਵੀ ਹਜ਼ਾਰਾਂ ਲੋਕਾਂ ਨੇ ਪ੍ਰਦਰਸ਼ਨ ਕੀਤਾ। ਲਾਸ ਏਂਜਲਸ ਹਵਾਈ ਅੱਡੇ ਦੇ ਬਾਹਰ ਹੋਏ ਪ੍ਰਦਰਸ਼ਨ ਕਾਰਨ ਇਥੇ ਹਵਾਈ ਯਾਤਰਾ ਪ੍ਰਭਾਵਿਤ ਹੋਏ।

**ਲੰਡਨ ਦੀਆਂ ਸੜਕਾਂ 'ਤੇ ਵੀ ਉਤਰੇ ਲੋਕ :**
ਲੰਡਨ: ਸੱਤ ਮੁਸਲਿਮ ਮੁਲਕਾਂ ਦੇ ਯਾਤਰੀਆਂ 'ਤੇ ਲਾਈ ਪਾਬੰਦੀ ਦੇ ਵਿਵਾਦਤ ਫ਼ੈਸਲੇ ਖ਼ਿਲਾਫ਼ ਲੰਡਨ ਵਿੱਚ ਹਜ਼ਾਰਾਂ ਲੋਕ ਸੜਕਾਂ 'ਤੇ ਨਿਕਲ ਆਏ ਤੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਪ੍ਰਦਰਸ਼ਨ ਕੀਤੇ। ਲੋਕਾਂ ਨੇ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੂੰ ਅਪੀਲ ਕੀਤੀ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦਿੱਤੇ ਸਰਕਾਰੀ ਸੱਦੇ ਨੂੰ ਵਾਪਸ ਲੈਣ। ਪ੍ਰਦਰਸ਼ਨਕਾਰੀਆਂ ਨੇ 'ਨੋ ਟੂ ਟਰੰਪ, ਨੋ ਟੂ ਵਾਰ' ਤੇ ਰਾਸ਼ਟਰਪਤੀ ਦੀਆਂ ਤਸਵੀਰਾਂ ਵਾਲੀਆਂ ਤਖ਼ਤੀਆਂ ਜਿਨ੍ਹਾਂ 'ਤੇ 'ਅਮਰੀਕਨ ਮਾਨਸਿਕ ਰੋਗ' ਲਿਖਿਆ ਹੋਇਆ ਸੀ, ਲੈ ਕੇ ਟਰੰਪ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।
ਬ੍ਰਿਟੇਨ ਵਿਚ 18 ਲੱਖ ਲੋਕਾਂ ਨੇ ਇਕ ਅਰਜ਼ੀ 'ਤੇ ਦਸਤਖ਼ਤ ਕੀਤੇ ਹਨ ਜਿਸ ਵਿਚ ਕਿਹਾ ਗਿਆ ਹੈ ਕਿ ਟਰੰਪ ਨੂੰ ਅਧਿਕਾਰਕ ਯਾਤਰਾ 'ਤੇ ਨਹੀਂ ਬੁਲਾਇਆ ਜਾਣਾ ਚਾਹੀਦਾ।

## ਕਿਸੁ ਪਹਿ ਖੋਲਉ ਗੰਠੜੀ ਦੂਖੀ ਭਰਿ ਆਇਆ

ਸਫ਼ਾ 26 ਦੀ ਬਾਕੀ

ਹੁਣ ਮੈਂ ਅਸਲ ਗੱਲ ਵੱਲ ਆਉਂਦਾ ਹਾਂ। ਜੇ ਅਠਾਰਵ੍ਹੀਂ-ਉਨੀਂਵੀਂ ਸਦੀ ਦੇ ਜਥੇਦਾਰਾਂ ਅਤੇ ਅੱਜ ਦੇ ਪੰਥਕ ਜਥੇਦਾਰਾਂ ਦਾ ਮੁਕਾਬਲਾ ਕਰੀਏ ਤਾਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਬੁਨਿਆਦੀ ਫਰਕ ਕੀ ਹੈ? ਪੁਰਾਣੇ ਜਥੇਦਾਰ 'ਸਿੱਖੀ ਪ੍ਰੇਮ' ਦੇ ਸਾਹਮਣੇ 'ਰਾਜ' ਨੂੰ ਟਿੱਚ (ਘਟੀਆ) ਸਮਝਦੇ ਸਨ। ਪਰ ਅੱਜ ਦੇ ਜਥੇਦਾਰ 'ਰਾਜ' ਦੇ ਸਾਹਮਣੇ 'ਸਿੱਖ ਪ੍ਰੇਮ' ਨੂੰ ਟਿਚ ਸਮਝਦੇ ਹਨ। ਸਮੀਕਰਨ ਬਦਲ ਗਿਆ ਹੈ।
ਹੁਣ ਦੇ ਜਥੇਦਾਰ '84 ਦੇ ਘੱਲੂਘਾਰੇ ਲਈ ਕਾਂਗਰਸ ਨੂੰ ਦੋਸ਼ੀ ਕਹਿ ਕੇ ਪੱਲਾ ਝਾੜ ਦਿੰਦੇ ਹਨ। ਉਹ ਇਹ ਨਹੀਂ ਦਸਦੇ ਕਿ ਜਿਹੜੇ ਨੇਤਾ ਉਸ ਵੇਲੇ 'ਕਾਂਗਰਸ' ਵਿਚ ਸਨ, ਉਹ ਹੁਣ ਕਿਹੜੀ ਪਾਰਟੀ ਵਿਚ ਹਨ? ਕਿਉਂਕਿ ਜਿਹੜੇ ਭਾਜਪਾ ਵਿਚ ਨੇਤਾ ਹਨ, ਉਨ੍ਹਾਂ ਨੇ ਉਸ ਸਮੇਂ ਪ੍ਰਧਾਨ ਮੰਤਰੀ ਨੂੰ 'ਵਧਾਈਆਂ' ਦਿੱਤੀਆਂ ਸਨ ਅਤੇ ਅੰਮ੍ਰਿਤਸਰ ਸਾਹਿਬ ਆ ਕੇ ਬਿਆਨ ਦੇ ਦਿੱਤਾ ਕਿ ਇਹ ਮੰਦਭਾਗੀ ਘਟਨਾ ਸੀ। ਇਨ੍ਹਾਂ ਨੇਤਾਵਾਂ ਦੀ ਪਾਰਟੀ ਨਾਲ ਅਕਾਲੀ ਪਾਰਟੀ ਦੀ ਸਾਂਝ ਹੈ ਤੇ ਜਥੇਦਾਰ ਜੀ ਕਹਿ ਰਹੇ ਹਨ ਕਿ ਇਨ੍ਹਾਂ ਨਾਲ ਸਾਡਾ ਪਤੀ-ਪਤਨੀ ਵਾਲਾ ਰਿਸ਼ਤਾ ਹੈ। ਇਨ੍ਹਾਂ ਹਾਲਤਾਂ ਵਿਚ ਇਸ ਪਾਰਟੀ ਕੋਲੋਂ ਇਸ ਬਿਆਨ ਦੀ ਕਿੱਥੇ ਆਸ ਰੱਖੀ ਜਾ ਸਕਦੀ ਹੈ ਕਿ ਜੋ ਜੂਨ 1984 ਵਿਚ ਸਿੱਖਾਂ ਉਤੇ ਹੋਇਆ, ਉਹ ਜ਼ੁਲਮ ਸੀ। ਤੇ ਸਾਨੂੰ ਇਸ 'ਤੇ ਅਫ਼ਸੋਸ ਹੈ। ਜੂਨ 1984 ਤੋਂ ਬਾਅਦ ਪੱਤਰਕਾਰ ਖ਼ੁਸ਼ਵੰਤ ਸਿੰਘ ਨੇ ਕਿਹਾ ਸੀ ਕਿ ਸ਼ਾਇਦ 50 ਕੁ ਸਾਲਾਂ ਬਾਅਦ ਸਿੱਖੀ ਖ਼ਤਮ ਹੀ ਹੋ ਜਾਵੇ। ਪਰ ਸਾਡੇ ਅਜੋਕੇ ਜਥੇਦਾਰ ਇਸ ਗੱਲ ਨੂੰ ਪੜ੍ਹ ਸੁਣ ਕੇ ਜ਼ਿਆਦਾ ਫਿਕਰਮੰਦ ਨਜ਼ਰ ਨਹੀਂ ਆਉਂਦੇ।
ਹਜ਼ਰਤ ਮੁਹੰਮਦ ਸਾਹਿਬ ਦਾ ਵਚਨ ਹੈ ਕਿ ਅਗਰ ਤੁਹਾਡੇ ਉਤੇ ਕੋਈ ਵਧੀਕੀ ਹੋ ਜਾਵੇ, ਤੇ ਤੁਸੀਂ ਬਹੁਤ ਲਾਚਾਰ ਹੋਵੋ, ਤੁਸੀਂ ਕੁਛ ਨਹੀਂ ਕਰ ਸਕਦੇ, ਪਰ ਤਾਂ ਵੀ ਤੁਸੀਂ ਆਪਣੇ ਘਰ, ਇਕ ਕਮਰੇ ਵਿਚ ਵੜ ਕੇ ਦਰਵਾਜ਼ਾ ਬੰਦ ਕਰਕੇ ਆਪਣੇ ਮਨ ਵਿਚ ਆਪ ਜ਼ਰੂਰ ਕਹਿ ਦਿਉ ਕਿ ਇਹ ਮੇਰੇ ਨਾਲ ਵਧੀਕੀ ਹੋਈ ਹੈ। ਅਗਰ ਤੁਸੀਂ ਇਸ ਤਰ੍ਹਾਂ ਵੀ ਕਰ ਲਿਆ ਤਾਂ ਅੱਲਾ ਤਾਲਾ ਤੁਹਾਨੂੰ ਇਸ ਦਾ ਵੀ ਸਵਾਬ (ਫਲ) ਦੇਵੇਗਾ।
ਸਿੱਖ ਕੌਮ ਦੀ ਅੱਜ ਕੱਲ੍ਹ ਦੀ ਹਾਲਤ ਦੇਖ ਕੇ ਮੈਨੂੰ ਪ੍ਰਸਿੱਧ ਦਾਰਸ਼ਨਿਕ ਓਸ਼ੋ ਦੀ ਕਹਾਣੀ ਯਾਦ ਆਉਂਦੀ ਹੈ। ਉਸ ਨੇ ਲਿਖਿਆ ਹੈ ਕਿ ਇਕ ਜਾਦੂਗਰ ਨੇ ਕਈ ਭੇਡਾਂ ਰੱਖੀਆਂ ਹੋਈਆਂ ਸਨ। ਹਫਤੇ-ਦਸ ਦਿਨਾਂ ਬਾਅਦ ਜਦੋਂ ਉਸ ਦਾ ਜੀਅ ਕਰਨਾ ਇਕ ਭੇਡ ਫੜ ਕੇ ਲੈ ਜਾਂਦਾ ਤੇ ਝਟਕ ਕੇ ਬਣਾ ਲੈਂਦਾ ਤੇ ਸਾਰਾ ਟੱਬਰ ਖਾ ਲੈਂਦਾ। ਹੌਲੀ ਹੌਲੀ ਭੇਡਾਂ ਨੂੰ ਇਹ ਪਤਾ ਲੱਗ ਗਿਆ ਕਿ ਇਹ ਸਾਨੂੰ ਫੜ ਕੇ ਕੀ ਕਰਦਾ ਹੈ। ਇਸ ਲਈ ਭੇਡਾਂ ਨੇ ਇਕ ਕੰਮ ਕੀਤਾ, ਜਦੋਂ ਉਹ ਜਾਦੂਗਰ ਵਾੜੇ ਵਿਚ ਆਵੇ ਤਾਂ ਭੇਡਾਂ ਦੂਰ ਦੂਰ ਭਜਣ ਲੱਗ ਪਈਆਂ। ਉਸ ਨੂੰ ਦੂਰੋਂ ਦੂਰੋਂ ਜਾ ਕੇ ਭੇਡਾਂ ਨੂੰ ਲਿਆਉਣਾ ਪੈਂਦਾ। ਉਹ ਬਹੁਤ ਦੁਖੀ ਹੋਇਆ ਅਤੇ ਉਹ ਭੇਡਾਂ ਨੂੰ ਪੁੱਛਣ ਲੱਗਾ ਕਿ ਤੁਸੀਂ ਭਜਦੀਆਂ ਕਿਉਂ ਹੋ? ਭੇਡਾਂ ਨੇ ਜਵਾਬ ਦਿੱਤਾ ਕਿ ਅਸੀਂ ਹੁਣ ਸਮਝ ਗਈਆਂ ਹਾਂ ਕਿ ਤੂੰ ਸਾਨੂੰ ਫੜ ਕੇ ਕਿੱਥੇ ਲੈ ਜਾਂਦਾ ਹੈ ਅਤੇ ਕੀ ਕਰਦਾ ਹੈ। ਤੂੰ ਸਾਡਾ 'ਮਾਲਕ' ਨਹੀਂ ਤੂੰ ਤਾਂ ਸਾਡਾ 'ਦੁਸ਼ਮਣ' ਬਣ ਗਿਆ ਹੈ।
ਫਿਰ ਉਸ ਜਾਦੂਗਰ ਨੇ ਬੈਠ ਕੇ ਸੋਚਿਆ ਕਿ ਹੁਣ ਕੀ ਕਰਾਂ। ਆਖਰ ਉਸ ਨੇ ਇਕ ਸਕੀਮ ਬਣਾਈ। ਉਸ ਨੇ ਭੇਡਾਂ ਲਈ ਇਕ ਦੀ ਬਜਾਏ ਦੋ ਵਾੜੇ ਬਣਾ ਦਿੱਤੇ। ਦੋਹਾਂ ਵਾੜਿਆਂ ਵਿਚ ਭੇਡਾਂ ਅੱਧੀਆਂ ਅੱਧੀਆਂ ਵੰਡ ਦਿੱਤੀਆਂ। ਇਕ ਦਿਨ ਇਕ ਨੰਬਰ ਵਾਲੇ ਵਾੜੇ ਵਿਚ ਜਾ ਕੇ ਉਸ ਨੇ ਭਾਸ਼ਣ ਦਿੱਤਾ। ਕਹਿਣ ਲੱਗਾ ਕਿ ਭੇਡੋ ਹੁਣ ਤੁਸੀਂ ਮੈਥੋਂ ਡਰੋ ਨਹੀਂ ਕਿਉਂਕਿ ਮੈਂ ਤੁਹਾਡੇ ਵਿਚੋਂ ਹੁਣ ਭੇਡਾਂ ਛਾਂਟ ਦਿੱਤੀਆਂ ਹਨ। ਜੋ ਤੁਹਾਡੇ ਵਿਚ ਭੇਡਾਂ ਸਨ, ਉਹ ਮੈਂ ਦੂਜੇ ਵਾੜੇ ਵਿਚ ਬੰਨ੍ਹ ਦਿੱਤੀਆਂ ਹਨ। ਤੁਸੀਂ ਭੇਡਾਂ ਥੋੜ੍ਹਾ ਹੀ ਹੋ। ਤੁਹਾਡੇ ਵਿਚ ਕਈ ਹਿਰਨ ਹਨ, ਕਈ ਘੋੜੇ ਹਨ ਕਈ ਜ਼ੈਬਰੇ ਹਨ। ਤੇ ਤੁਹਾਡੇ ਵਿਚ ਕਈ ਸ਼ੇਰ ਵੀ ਹਨ। ਤੁਹਾਨੂੰ ਥੋੜ੍ਹਾ ਮੈਂ ਵੱਢ ਕੇ ਖਾਵਾਂਗਾ। ਭੇਡਾਂ ਇਹ ਸੁਣ ਕੇ ਬਹੁਤ ਖੁਸ਼ ਹੋਈਆਂ। ਸਾਰੀਆਂ ਭੇਡਾਂ ਆਪਣੇ ਆਪ ਨੂੰ ਸ਼ੇਰ ਸਮਝਣ ਲਗ ਪਈਆਂ ਤੇ ਦੂਜੀਆਂ ਨੂੰ ਘੋੜੇ ਤੇ ਹਿਰਨ। ਹਰ ਇਕ ਭੇਡ ਸੋਚੇ ਕਿ ਮੈਂ ਤਾਂ ਸ਼ੇਰ ਹਾਂ ਮੈਨੂੰ ਥੋੜ੍ਹਾ ਉਹ ਵੱਢ ਕੇ ਖਾਵੇਗਾ। ਜਦੋਂ ਉਹ ਵਾੜੇ ਵਿਚ ਆ ਕੇ ਕਿਸੇ ਭੇਡ ਨੂੰ ਫੜ ਕੇ ਲੈ ਜਾਵੇ ਤਾਂ ਉਸ ਵੇਲੇ ਉਸ ਭੇਡ ਨੂੰ ਗਿਆਨ ਹੁੰਦਾ ਸੀ ਕਿ ਮੈਂ ਸ਼ੇਰ ਹਾਂ ਜਾਂ ਭੇਡ। ਦੂਜੀਆਂ ਭੇਡਾਂ ਇਹ ਸਮਝਦੀਆਂ ਸਨ ਕਿ ਉਹ ਤਾਂ ਭੇਡ ਸੀ ਤਾਂ ਉਸ ਨੂੰ ਉਹ ਲੈ ਗਿਆ ਹੈ, ਮੈਂ ਤਾਂ ਸ਼ੇਰ ਹਾਂ ਮੈਨੂੰ ਥੋੜ੍ਹਾ ਹੀ ਉਹ ਲੈ ਕੇ ਜਾਵੇਗਾ। ਬੜੇ ਦੁੱਖ ਨਾਲ ਇਹ ਕਹਿਣਾ ਪੈਂਦਾ ਹੈ ਕਿ ਜਿਸ ਕਿਸੇ ਸਿੱਖ ਨੂੰ ਵਿਧਾਇਕ ਦੀ ਤਾਂ ਗੱਲ ਹੀ ਛੱਡੋ, ਸ਼੍ਰੋਮਣੀ ਕਮੇਟੀ ਦੀ ਮੈਂਬਰੀ ਦੀ ਵੀ ਗੱਲ ਛੱਡੋ, ਕਿਸੇ ਪਿੰਡ ਦੀ ਪੈਂਚੀ ਦੀ ਵੀ ਟਿਕਟ ਮਿਲ ਜਾਵੇ, ਉਹ ਸਭ ਕੁਝ ਭੁੱਲ ਭੁਲਾ ਜਾਂਦਾ ਹੈ। ਇਸ ਕਰਕੇ ਸਿੱਖ ਕੌਮ ਦਾ ਹੁਣ ਰੱਬ ਹੀ ਰਾਖਾ ਨਜ਼ਰ ਆਉਂਦਾ ਹੈ। ਗੁਰੂ ਕ੍ਰਿਪਾ ਕਰੇ।
ਸਰਦਾਰ ਕਪੂਰ ਸਿੰਘ ਦੀ ਕਿਤਾਬ 'ਬਿਖੁ ਮਹਿ ਅੰਮ੍ਰਿਤ' ਵਿਚ ਨੋਟ ਕਵਿਤਾ ਨਾਲ ਸਮਾਪਤੀ ਕਰਦੇ ਹਾਂ।

ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ।
ਸੰਘ ਨਾਲ ਯਾਰੀ ਰਹੇ, ਥਲੇ ਆਰੀਆ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੇ, ਪੰਥ ਕੀ ਨਾ ਗਾਥ ਚਲੈ,
ਲੁਟ ਦੋਨੋਂ ਹਾਥ ਚਲੈ, ਸੰਗ ਸਾਜ ਬਾਜ ਕੇ।
ਅਕਲ ਕੀ ਨ ਗੱਲ ਰਹੈ, ਇਕੋ ਕਾਲੀ ਦੱਲ ਰਹੈ,
ਨਿਤ ਤਰਥਲ ਰਹੈ, ਜਿੰਦਾਬਾਦ ਗਾਜ ਕੈ।
ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੈ,
ਗੋਲਕੇ ਭਰਪੂਰ ਰਹੈ, ਸਿੱਖ ਭਾਜ ਭਾਜ ਕੈ।
ਪੰਥ ਕੇ ਦਰਦ ਹਿੱਤ, ਬੁੱਧੀ ਕੀ ਜੋ ਸੋਧ ਦੇਵੇ,
ਨਿਕਟ ਨ ਆਵੇ ਪਾਵੇ, ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ ਬਿਰਾਜੋ, ਮਤ ਤੁਸੀਂ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੇ, ਪੰਥ ਮਹਾਰਾਜ ਕੇ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
Katha
Kirtan
GLOBAL PUNJAB
News
Discussion
Debate
channel punjabi BEATS
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


Daily Dose
AJJ DA MUDDA
NEWS IN PUNJABI
LIVE
BIKKAR BADSHAH
Entertainment for the whole family, get the Jus Pack now!
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com